ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 48 | 07 December to 13 December 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਸਿਆਸੀ ਹਿੱਤਾਂ ਲਈ 'ਟੋਪੀ' ਨੂੰ 'ਸਿਰੋਪਾ'

## ਨਰਿੰਦਰ ਮੋਦੀ ਦੇ ਦਰਬਾਰ ਸਾਹਿਬ ਆਉਣ ਉੱਤੇ ਸ਼੍ਰੋਮਣੀ ਕਮੇਟੀ ਨੇ ਕੀਤੀ ਮਰਿਆਦਾ ਦੀ ਅਣਦੇਖੀ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਏਸ਼ਿਆਈ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਦੋ ਰੋਜ਼ਾ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਪੁੱਜੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ੍ਰੀ ਦਰਬਾਰ ਸਾਹਿਬ ਫੇਰੀ, ਸਿਰ 'ਤੇ ਟੋਪੀ ਪਹਿਨੀ ਹੋਣ 'ਤੇ ਸਿਰੋਪਾਉ ਦਿੱਤੇ ਜਾਣ ਕਾਰਨ ਚਰਚਾ ਦਾ ਵਿਸ਼ਾ ਬਣ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਸਬੰਧਤ ਸ਼੍ਰੋਮਣੀ ਕਮੇਟੀ ਕਾਰਜਕਾਰਨੀ ਮੈਂਬਰ ਸ. ਸੁਰਜੀਤ ਸਿੰਘ ਕਾਲਾਬੂਲਾ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਵੋਟਾਂ ਮੰਗਣ ਆਏ ਮੋਦੀ ਨੂੰ ਬਾਦਲਕੇ ਸਿਰ 'ਤੇ ਬੰਨ੍ਹੀ ਹੋਈ ਪੱਗ ਰੱਖ ਸਕਦੇ ਹਨ ਤਾਂ ਫਿਰ ਦਰਬਾਰ ਸਾਹਿਬ ਫੇਰੀ ਦੌਰਾਨ ਸਿਰ 'ਤੇ ਰੁਮਾਲ ਬੰਨਣ ਤੋਂ ਗੁਰੇਜ਼ ਕਿਉਂ ਕੀਤਾ ਗਿਆ?

ਮੋਦੀ ਦੀ ਦਰਬਾਰ ਸਾਹਿਬ ਆਮਦ ਮੌਕੇ ਸਾਦੀ ਵਰਦੀ ਵਿਚ ਪੁਲੀਸ ਵਾਲਿਆਂ ਦੀ ਭਾਰੀ ਮੌਜੂਦਗੀ ਨਾਲ ਵੀ ਸੰਗਤ ਨੂੰ ਡਾਢੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਜ਼ਿਕਰਯੋਗ ਹੈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਫਗਾਨਿਸਤਾਨ ਦੇ ਰਾਸ਼ਟਰਪਤੀ ਜਨਾਬ ਅਸ਼ਰਫ ਗਨੀ, ਪੰਜਾਬ ਦੇ ਰਾਜਪਾਲ ਵੀ.ਪੀ. ਬਦਨੌਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਕੇਂਦਰੀ ਫੂਡ ਪ੍ਰੋਸੈਸਿੰਗ ਸਨਅਤ ਮੰਤਰੀ ਹਰਸਿਮਰਤ ਕੌਰ ਬਾਦਲ, ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਅਤੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਸਹਿਤ 3 ਦਸੰਬਰ ਦੇਰ ਸ਼ਾਮੀਂ 8.15 ਵਜੇ ਦਰਬਾਰ ਸਾਹਿਬ ਮੱਥਾ ਟੇਕਣ ਪੁਜੇ ਸਨ। ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਨਰਿੰਦਰ ਮੋਦੀ, ਜਨਾਬ ਅਸ਼ਰਫ ਗਨੀ ਸਮੇਤ ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਬਾਕੀ ਸਫ਼ਾ 31 'ਤੇ



## ਮੋਦੀ ਦੀ ਦਰਬਾਰ ਸਾਹਿਬ ਆਮਦ ਵੇਲੇ ਮਰਯਾਦਾ ਦੀ ਉਲੰਘਣਾ ਦੀ ਦੇਸ਼-ਵਿਦੇਸ਼ ਦੇ ਸਿੱਖਾਂ ਵਲੋਂ ਕਰੜੀ ਨਿਖੇਧੀ

**ਲੰਡਨ/ਬਿਊਰੋ ਨਿਊਜ਼:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਰਬਾਰ ਸਾਹਿਬ ਆਮਦ ਮੌਕੇ ਸਿੱਖ ਸ਼ਰਧਾਲੂਆਂ ਨੂੰ ਬੁਰੀ ਤਰ੍ਹਾਂ ਤੰਗ ਪ੍ਰੇਸ਼ਾਨ ਕੀਤਾ ਗਿਆ, ਨਾਲ ਹੀ ਦਰਬਾਰ ਸਾਹਿਬ ਵਿੱਚ ਫੋਟੋ ਖਿੱਚਣ ਦੀ ਮਨਾਹੀ ਦੀ ਰੀਤ ਨੂੰ ਤੋੜਿਆ ਗਿਆ, ਸਿੱਖ ਮਰਿਆਦਾ ਦੇ ਉਲਟ ਬਾਦਲ ਪਰਿਵਾਰ ਵਲੋਂ ਰੱਜ ਕੇ ਚਮਚਾਗਿਰੀ ਕੀਤੀ ਗਈ। ਇਹ ਸਭ ਕੁੱਝ ਪੰਜਾਬ 'ਤੇ ਹਕੂਮਤ ਕਰ ਰਹੇ ਬਾਦਲ ਪਰਿਵਾਰ ਦੇ ਹੁਕਮਾਂ 'ਤੇ ਕੀਤਾ ਗਿਆ, ਜਿਸ ਦਾ ਖਮਿਆਜ਼ਾ ਬਾਕੀ ਸਫ਼ਾ 31 'ਤੇ

## ਪੰਥਕ ਧਿਰਾਂ ਸਰਬੱਤ ਖ਼ਾਲਸਾ ਲਈ ਦ੍ਰਿੜ, ਸਮਾਗਮ ਵਾਲੀ ਥਾਂ 'ਤੇ ਅਖੰਡ ਪਾਠ ਆਰੰਭ

### ਭਾਈ ਗੁਰਦੀਪ ਸਿੰਘ ਸਾਥੀਆਂ ਸਮੇਤ ਹਿਰਾਸਤ ਵਿਚ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** 'ਸਰਬੱਤ ਖ਼ਾਲਸਾ' ਦੇ ਅਹੁਦੇਦਾਰਾਂ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 8 ਦਸੰਬਰ ਨੂੰ ਐਲਾਨੇ 'ਸਰਬੱਤ ਖਾਲਸਾ' ਵਾਲੀ ਥਾਂ 'ਤੇ ਹੁਣ ਤੋਂ ਹੀ ਆਪਣਾ ਕਬਜ਼ਾ ਜਮਾ ਲਿਆ ਹੈ। ਜਾਣਕਾਰੀ ਮੁਤਾਬਕ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਸਮਰਥਕ ਮੰਗਲਵਾਰ ਸਵੇਰੇ 5 ਵਜੇ ਸਰਬੱਤ ਖਾਲਸਾ ਲਈ ਮਿਥੀ ਥਾਂ 'ਤੇ ਪਹੁੰਚੇ ਤੇ 6 ਵਜੇ ਦੇ ਕਰੀਬ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਖੰਡ ਪਾਠ ਸ਼ੁਰੂ ਕਰ ਦਿੱਤਾ ਗਿਆ। ਬਾਦਲ ਸਰਕਾਰ ਵਲੋਂ ਸਰੱਬਤ ਖਾਲਸਾ ਦੇ ਸਮਾਗਮ ਨੂੰ ਰੋਕਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਸਰੱਬਤ ਖਾਲਸਾ ਦੇ ਜਥੇਦਾਰਾਂ ਨੇ ਆਪਣੇ ਕਹੇ ਸ਼ਬਦਾ 'ਤੇ ਪੂਰਨੇ ਪਾਉਂਦਿਆਂ ਸਰਬੱਤ ਖਾਲਸਾ ਵਾਲੀ ਜਗ੍ਹਾ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਸਰਕਾਰ ਨੂੰ ਸਿੱਧੀ ਚੁਣੌਤੀ ਦੇ ਦਿੱਤੀ ਹੈ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਸਰਬੱਤ ਖਾਲਸਾ ਕਰਵਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਅਰਜ਼ੀ ਵਾਪਸ ਲੈ ਲਈ ਗਈ ਹੈ। ਅਰਜ਼ੀ ਵਿਚ ਬਾਕੀ ਸਫ਼ਾ 31 'ਤੇ

## ਅੰਮਾ ਦੇ ਦੇਹਾਂਤ ਨਾਲ ਸ਼ੋਕ 'ਚ ਡੁੱਬਿਆ ਤਾਮਿਲ ਨਾਡੂ

### ਪਨੀਰਸੇਲਵਮ ਨੇ ਸੰਭਾਲੀ ਸੂਬੇ ਦੀ ਕਮਾਂਡ

**ਚੇਨਈ/ਬਿਊਰੋ ਨਿਊਜ਼ :** ਤਾਮਿਲਨਾਡੂ ਦੀ ਮੁੱਖ ਮੰਤਰੀ ਜੇ ਜੈਲਲਿਤਾ (68) ਦਾ ਇਥੇ ਅਪੋਲੋ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਪਿਛਲੇ 74 ਦਿਨਾਂ ਤੋਂ ਹਸਪਤਾਲ ਵਿਚ



ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੀ ਸੀ। ਉਨ੍ਹਾਂ ਦੀ ਮੌਤ 'ਤੇ ਤਾਮਿਲਨਾਡੂ ਵਿਚ ਤਿੰਨ ਦਿਨ ਦੇ ਸੋਗ ਦਾ ਐਲਾਨ ਕੀਤਾ ਗਿਆ ਹੈ ਅਤੇ ਇਕ ਦਿਨ ਦਾ ਕੌਮੀ ਸੋਗ ਐਲਾਨਿਆ ਗਿਆ ਹੈ। ਸੋਗ ਵਜੋਂ ਤਿੰਨ ਦਿਨ ਤਾਮਿਲਨਾਡੂ ਦੇ ਸਕੂਲ ਅਤੇ ਕਾਲਜ ਬੰਦ ਰਹਿਣਗੇ। ਜੈਲਲਿਤਾ ਦੀ ਮੌਤ ਤੋਂ ਬਾਅਦ ਪਾਰਟੀ ਨੇ ਓ. ਪਨੀਰਸੇਲਵਮ ਨੂੰ ਅੰਨਾਡੀਐਮਕੇ ਦਾ ਨਵਾਂ ਮੁਖੀ ਥਾਪ ਦਿੱਤਾ ਅਤੇ ਬਾਕੀ ਸਫ਼ਾ 31 'ਤੇ

# ਸਿੱਖ ਆਜ਼ਾਦ ਹਸਤੀ ਦੇ ਸੁਪਨੇ ਦੀ ਪੂਰਤੀ ਲਈ ਸੁਹਿਰਦ ਯਤਨ ਕਰਨ ਦਾ ਅਹਿਦ

## ਪੰਚ ਪਰਧਾਨੀ ਯੂ.ਕੇ. ਅਤੇ ਸਿੱਖ ਫੈਡਰੇਸ਼ਨ ਦੇ ਸਾਲਾਨਾ ਇਜਲਾਸ ਵਿੱਚ ਗੰਭੀਰ ਵਿਚਾਰ ਚਰਚਾ

**ਲੰਡਨ/ਬਿਊਰੋ ਨਿਊਜ਼:** ਪੰਚ ਪਰਧਾਨੀ ਯੂ.ਕੇ. ਅਤੇ ਸਿੱਖ ਫੈਡਰੇਸ਼ਨ ਵਲੋਂ ਕਰਵਾਏ ਸਾਲਾਨਾ ਇਜਲਾਸ 'ਚ ਸ਼ਾਮਲ ਸਿੱਖ ਨੁਮਾਇੰਦਿਆਂ ਨੇ ਸਿੱਖ ਅਜ਼ਾਦ ਹਸਤੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸੁਹਿਰਦ ਕਾਰਜ ਕਰਨ ਦਾ ਅਹਿਦ ਲੈਂਦਿਆਂ ਸਭਨਾਂ ਨੂੰ ਇਸ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਲਈ ਰਲ ਕੇ ਲਗਾਤਾਰ ਸਰਗਰਮੀ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਗਿਆ। ਪਿਛਲੇ ਦਿਨੀ ਲੰਡਨ ਵਿੱਚ ਹੋਏ ਇਸ ਚਾਰ ਰੋਜ਼ਾ ਸਾਲਾਨਾ ਇਜਲਾਸ ਵਿੱਚ ਪੰਚ ਪਰਧਾਨੀ ਵਿਚਾਰਧਾਰਾ ਨਾਲ ਜੁੜੇ ਹੋਏ ਡੈਲੀਗੇਟ ਯੂ.ਕੇ., ਯੂਰਪ, ਕਨੇਡਾ ਅਤੇ ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਇਜਲਾਸ ਦੌਰਾਨ ਸਿੱਖ ਪੰਥ ਦੀ ਮੌਜੂਦਾ ਧਾਰਮਕ, ਸਮਾਜਕ ਅਤੇ ਸਿਆਸੀ ਹਾਲਤ ਸਬੰਧੀ ਨਿੱਠ ਕੇ ਚਰਚਾ ਕੀਤੀ ਗਈ ਅਤੇ ਆਉਣ ਵਾਲੇ ਸਮੇਂ ਦੌਰਾਨ ਬਾਕੀ ਸਫ਼ਾ 33 'ਤੇ



















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


REDUCE YOUR DEBT BY UP TO 60%
FINANCIAL FREEDOM
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ‘ਗੁਜਰਾਤ ਫਾਈਲਜ਼’ ਨੂੰ ਸਿੱਖ ’84 ਦੇ ਕਤਲੇਆਮ ਨਾਲ ਜੋੜ ਕੇ ਮਹਿਸੂਸ ਕਰਦੇ ਹਨ : ਰਾਣਾ ਅਯੂਬ

**ਚੰਡੀਗੜ੍ਹ/ਬਿਊਰੋ ਨਿਊਜ਼** :ਮੇਰੀ ਕਿਤਾਬ ਗੁਜਰਾਤ ਫਾਈਲਜ਼’ ਪੜ੍ਹ ਕੇ ਉਥੇ ਵਾਪਰੀਆਂ ਘਟਨਾਵਾਂ ਨੂੰ ਸਿੱਖ 1984 ਦੇ ਕਤਲੇਆਮ ਨਾਲ ਜੋੜ ਕੇ ਮਹਿਸੂਸ ਕਰਦੇ ਹਨ।” ਇਹ ਕਹਿਣਾ ਹੈ ਪੱਤਰਕਾਰ ਤੇ ਲੇਖਕਾ ਰਾਣਾ ਅਯੂਬ ਦਾ। ਰਾਣਾ ਆਯੂਬ ਐਤਵਾਰ ਨੂੰ ਚੰਡੀਗੜ੍ਹ ਦੇ ਸਾਹਿਤਕ ਚਿੰਤਨ ਵਲੋਂ ਗੁਜਰਾਤ ਫਾਈਲਜ਼’ ’ਤੇ ਕਰਵਾਈ ਚਰਚਾ ਵਿਚ ਹਿੱਸਾ ਲੈਣ ਆਈ ਸੀ। ਇਹ ਰਾਣਾ ਆਯੂਬ ਦੀ ਦਲੇਰੀ ਹੈ, ਜਿਸ ਨੇ ਗੁਜਰਾਤ ਵਿਚ ਕਰੀਬ 8 ਮਹੀਨੇ ਆਪਣੀ ਪਛਾਣ ਬਦਲ ਕੇ ਗੁਪਤ ਢੰਗ ਨਾਲ ਉਥੇ ਵਾਪਰੇ 2002 ਦੇ ਦੰਗਿਆਂ ਦਾ ਸੱਚ, ਜਿਸ ਕਾਰਨ ਭਾਜਪਾ ਪ੍ਰਧਾਨ ਤੇ ਉਸ ਵੇਲੇ ਦੇ ਸੂਬਾਈ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਤਿੰਨ ਸਾਲ ਦੀ ਜੇਲ੍ਹ ਵੀ ਹੋਈ, ਫਰਜ਼ੀ ਮੁਕਾਬਲਿਆਂ ਦੀ ਦਾਸਤਾਨ ਇਸ ਕਿਤਾਬ ਰਾਹੀਂ ਜ਼ਾਹਰ ਕੀਤੀ ਹੈ। ਰਾਣਾ ਅਯੂਬ ਨੇ ਇਸ ਮੌਕੇ ਦੱਸਿਆ ਕਿ ਉਸ ਦੀ ਕਿਤਾਬ ਪੰਜਾਬੀ ਸਮੇਤ ਕਰੀਬ 18 ਭਾਸ਼ਾਵਾਂ ਵਿਚ ਅਨੁਵਾਦ ਹੋਈ ਹੈ। ਪੰਜਾਬੀ ਵਿਚ ਆਉਣ ਮਗਰੋਂ ਸਿੱਖ ਇਹ ਕਿਤਾਬ ਪੜ੍ਹ ਕੇ ਬੇਹੱਦ ਭਾਵੁਕ ਹੋਏ ਹਨ ਕਿਉਂਕਿ ਉਨ੍ਹਾਂ ਨੇ 1984 ਦੌਰਾਨ ਦੇਸ਼ ਭਰ ਵਿਚ ਵੱਡੇ ਪੱਧਰ ’ਤੇ ਹੋਏ ਸਿੱਖ ਕਤਲੇਆਮ ਵਾਂਗ ਹੀ ਗੁਜਰਾਤ ਦੰਗਿਆਂ ਨੂੰ ਮਹਿਸੂਸ ਕੀਤਾ ਹੈ। ਰਾਣਾ ਅਯੂਬ ਨੂੰ ਆਪਣੇ ਕੰਮ ’ਤੇ ਭਰੋਸਾ ਹੈ ਤੇ ਚਾਹੁੰਦੀ ਹੈ ਕਿ ਇਹ ਸੱਚ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚੇ ਤਾਂ ਜੋ ਅਜਿਹੀਆਂ ਘਟਨਾਵਾਂ ਨਾ ਵਾਪਰਨ। ਲੋਕ ਸੱਤਾ ਦੇ ਖ਼ੂਨੀ ਪੰਜਿਆਂ ਦਾ ਸੱਚ ਸੋਚਣ-ਸਮਝਣ ਦੇ ਸਮਰਥ ਹੋਣ। ਉਸ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਇਕ ਬਜ਼ੁਰਗ ਔਰਤ ਉਸ ਦੇ ਗਲ ਲੱਗ ਕੇ ਰੋ ਪਈ ਕਿਉਂਕਿ ਉਸ ਨੂੰ ਕਿਤਾਬ ਪੜ੍ਹ ਕੇ ਸਿੱਖ ਕਤਲੇਆਮ ਦੌਰਾਨ ਆਪਣੇ ਖ਼ੁਦ ’ਤੇ ਬੀਤੀ ਯਾਦ ਆ ਗਈ।






ਸਾਹਿਤ ਚਿੰਤਨ ਚੰਡੀਗੜ੍ਹ ਨੇ ਰਾਣਾ ਅਯੂਬ ਦੀ ਬੂਟਾ ਸਿੰਘ ਵਲੋਂ ਪੰਜਾਬੀ ਵਿਚ ਅਨੁਵਾਦਤ ਪੁਸਤਕ ਗੁਜਰਾਤ ਫਾਈਲਾਂ’ਦੇ ਲੋਕ ਅਰਪਣ ਲਈ ਕਰਵਾਏ ਸਮਾਗਮ ਦੀ ਪ੍ਰਧਾਨਗੀ ਲੇਖਕ ਨਿਰਪਿੰਦਰ ਸਿੰਘ ਰਤਨ ਨੇ ਕੀਤੀ।

ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਵਿਖੇ ਸਾਹਿਤ ਚਿੰਤਨ ਚੰਡੀਗੜ੍ਹ ਦੇ ਕਨਵੀਨਰ ਸਰਦਾਰਾ ਸਿੰਘ ਚੀਮਾ ਦੀ ਅਗਵਾਈ ਹੇਠ ਕਰਵਾਈ ਗਏ ਇਸ ਸਮਾਗਮ ਵਿਚ ਬੁੱਧੀਜੀਵੀ ਲੇਖਕਾਂ ਤੇ ਸ਼ਾਇਰਾਂ ਨੇ ਭਰਵੀਂ ਸ਼ਿਰਕਤ ਕੀਤੀ। ਗੁਜਰਾਤ ਦੇ ਫਸਾਦਾਂ ਤੇ ਫਰਜ਼ੀ ਪੁਲੀਸ ਮੁਕਾਬਲਿਆਂ ਦਾ ਪਰਦਾਫਾਸ਼ ਕਰਦੀ ਇਸ ਪੁਸਤਕ ’ਤੇ ਚਰਚਾ ਕਰਦਿਆਂ ਪ੍ਰੋ. ਮੋਨਿਕਾ ਕੁਮਾਰ ਨੇ ਕਿਹਾ ਕਿ ਭਾਰਤੀ ਲੋਕਤੰਤਰ ਅੰਦਰ ਅਫਸਰਸ਼ਾਹੀ/ਪੁਲੀਸ ਦੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਬਹੁਤ ਨਿਘਾਰ ਆ ਗਿਆ ਹੈ। ਪ੍ਰੋ. ਹਰਕ੍ਰਿਸ਼ਨ ਮਹਿਤਾ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਜਾਤੀ ਪ੍ਰਥਾ ਕਾਰਨ ਧਰੁਵੀਕਰਨ ਸਾਡੇ ਸਮਾਜ ’ਤੇ ਇੱਕ ਹੋਰ ਕਲੰਕ ਹੈ। ਇਸ ਮੌਕੇ ’ਤੇ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ ਸਿਰੀ ਰਾਮ ਅਰਸ਼ ਨੇ ਕਿਹਾ ਕਿ ਲੇਖਿਕਾ ਨੇ ਸੱਚ ਦੀਆਂ ਤੈਹਾਂ ਫਰੋਲੀਆਂ ਹਨ। ਪ੍ਰੋ. ਨਿਰਮਲ ਦੱਤ, ਅਭੈ ਸਿੰਘ, ਤਾਰਨ ਗੁਜਰਾਲ, ਦਿਲਜੀਤ ਸਿੰਘ ਸਰਾਂ ਤੇ ਮੇਘਰਾਜ ਮਿੱਤਰ ਨੇ ਵੀ ਪੁਸਤਕ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਸ਼ਿਵਨਾਥ ਨੇ ਰਾਣਾ ਅਯੂਬ ਬਾਰੇ ਅਪਣੀ ਕਵਿਤਾ ਪੜ੍ਹੀ।

ਅਖ਼ੀਰ ਵਿੱਚ ਪੁਸਤਕ ਦੀ ਲੇਖਿਕਾ ਮਿਸ ਰਾਣਾ ਅਯੂਬ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਨਿਰਮਲ ਦੱਤ ਦੀ ਟਿਪਣੀ ਦੇ ਜਵਾਬ ਵਿੱਚ ਕਿਹਾ ਕਿ ਜੇਕਰ ਖ਼ੂਬਸੂਰਤ ਕੁੜੀਆਂ ਨਾਲ ਮਸਲੇ ਹੱਲ ਹੋਣੇ ਹੁੰਦੇ ਤਾਂ ਇਹ ਕਹਿਰ ਨਾ ਵਾਪਰਦੇ। ਉਨ੍ਹਾਂ ਅਜਿਹੀ ਬੇਸਿਰ ਪੈਰ ਸੋਚ ਵਾਲੇ ਟਿਪਣੀਕਾਰਾਂ ਦਾਂ ਮਾਨਸਿਕਤਾ ਬਾਰੇ ਖੇਦ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ ਬਾਹਰਲੇ ਲੋਕਾਂ ਨਾਲ ਤਾਂ ਲੜ ਸਕਦੇ ਹਨ ਪਰ ਸੰਕੀਰਨ ਸੋਚ ਵਾਲੇ ਆਪਣੇ ਬੰਦਿਆਂ ਨਾਲ ਲੜਨਾ ਬਹੁਤ ਮੁਸ਼ਕਲ ਹੈ। ਸਮਾਰੋਹ ਦੇ ਪ੍ਰਧਾਨਗੀ ਭਾਸ਼ਣ ਵਿਚ ਨਰਪਿੰਦਰ ਸਿੰਘ ਰਤਨ ਨੇ ਕਿਹਾ ਕਿ ਲੋਕਤੰਤਰ ਵਿਚ ਫਾਸੀਵਾਦ ਵਰਗੇ ਵਰਤਾਰੇ ਅਚੰਭਾ ਨਹੀਂ ਹਨ। ਸਮਾਗਮ ਵਿਚ ਬੁੱਧੀਜੀਵੀ, ਲੇਖਕਾਂ, ਸ਼ਾਇਰਾਂ ਵਿਚ ਸਿੱਖ ਚਿੰਤਕ ਸ. ਅਜਮੇਰ ਸਿੰਘ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਚੰਚਲ ਮਨੋਹਰ ਸਿੰਘ, ਡਾ. ਮੇਘਾ ਸਿੰਘ, ਜਸਵੀਰ ਮੰਡ, ਡਾ. ਹਰਬੰਸ ਕੌਰ ਗਿੱਲ, ਪ੍ਰੋ. ਸਵਰਨਜੀਤ ਕੌਰ ਮਹਿਤਾ, ਪ੍ਰੋ. ਅਜਮੇਰ ਸਿੰਘ, ਪਰਦੇਵ ਸਿੰਘ ਉਪਲ, ਦੀਪਤੀ ਬਬੂਟਾ, ਪਰਮਿੰਦਰ ਗਿੱਲ ਤੋਂ ਇਲਾਵਾ ਡਾ. ਜਗਦੀਸ਼ ਚੰਦਰ, ਸੈਮੂਅਲ ਜੌਨ, ਪ੍ਰੋ. ਦਿਲਬਾਗ ਸਿੰਘ, ਬਲਜਿੰਦਰ ਕੌਰ, ਜੈਪਾਲ, ਭਜਨਬੀਰ ਸਿੰਘ, ਜਰਨੈਲ ਕ੍ਰਾਂਤੀ, ਮਿੰਨੀ ਸਰਕਾਰੀਆ, ਅਮਰਜੀਤ ਕੌਰ ਹਿਰਦੇ, ਡਾ. ਰਮਾ ਰਤਨ ਦੇ ਨਾਲ-ਨਾਲ ਡਾ. ਦਵਿੰਦਰ ਬੋਹਾ, ਦਵੀ ਦਵਿੰਦਰ ਕੌਰ, ਜਸਵੀਰ ਸਮਰ ਨੇ ਵੀ ਭਾਗ ਲਿਆ। ਸਮਾਗਮ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਵੱਲੋਂ ਨਿਭਾਈ ਗਈ।

**ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਲਈ ਅਗਲੇ ਅੰਕ ਤੋਂ “ਗੁਜਰਾਤ ਫਾਈਲਜ਼” ਦਾ ਲੜੀਵਾਰ ਪ੍ਰਕਾਸ਼ਨ ਸ਼ੁਰੂ ਕੀਤਾ ਜਾਵੇਗਾ।**

## ਅਖੌਤੀ ਗੁਜਰਾਤ ਮਾਡਲ ਦੇ ਝੰਡਾ ਬਰਦਾਰਾਂ ਮੋਦੀ-ਅਮਿਤ ਸ਼ਾਹ ਜੋੜੀ ਦੇ ਅਸਲੀ ਕਿਰਦਾਰ ਨੂੰ ਉਜਾਗਰ ਕਰਦੀ ਦਲੇਰਾਨਾ ਲਿਖਤ ‘ਗੁਜਰਾਤ ਫਾਈਲਜ਼’

ਭਾਰਤ ਦੀ ਨਰਿੰਦਰ ਮੋਦੀ ਸਰਕਾਰ ਜਦੋਂ ਆਪਣੇ ਦੋ ਸਾਲ ਪੂਰੇ ਕਰਨ ਦੇ ਜਸ਼ਨ ਇੰਡੀਆ ਗੇਟ ਉਪਰ ਮਨਾ ਰਹੀ ਸੀ, ਦਿੱਲੀ ਦੇ ਹੈਬੀਟੈਟ ਸੈਂਟਰ ਵਿਚ ਗੁਜਰਾਤ ਕਤਲੋਗ਼ਾਰਤ ਉਪਰ ਤਹਿਲਕਾ ਦੀ ਸਾਬਕਾ ਪੱਤਰਕਾਰ ਰਾਣਾ ਅਯੂਬ ਦੀ ਕਿਤਾਬ ਰਿਲੀਜ਼ ਹੋ ਰਹੀ ਸੀ। ਵਿਕੇ ਹੋਏ ਭਾਰਤੀ ਮੀਡੀਆ ਲਈ ਇਹ ਕੋਈ ਖ਼ਬਰ ਨਹੀਂ ਬਣੀ। ਦਰਬਾਰੀ ਦਾ ਰੋਲ ਨਿਭਾ ਰਹੇ ਭਾਰਤੀ ਮੀਡੀਆ ਵਿਚ ਇੰਨੀ ਵੀ ਤਾਕਤ ਨਹੀਂ ਹੈ ਕਿ ਉਹ ਮੋਦੀ ਦੇ ਖ਼ਿਲਾਫ਼ ਕੁਝ ਲਿਖ-ਬੋਲ ਸਕੇ। ਉਹ ਵਿਰੋਧੀ ਧਿਰ ਦੇ ਖ਼ਿਲਾਫ਼ ਖ਼ੂਬ ਲਿਖ-ਬੋਲ ਸਕਦਾ ਹੈ, ਲੇਕਿਨ ਜਦੋਂ ਉਹੀ ਵਿਰੋਧੀ ਧਿਰ, ਸੱਤਾਧਾਰੀ ਧਿਰ ਹੋ ਜਾਵੇ ਤਾਂ ਉਹ ਉਸ ਦੇ ਅੱਗੇ ਹਥਿਆਰ ਸੁੱਟਣ ਵਿਚ ਹੀ ਭਲਾਈ ਸਮਝਦਾ ਹੈ। ਰਾਣਾ ਅਯੂਬ ਨੇ ਤਮਾਮ ਦਬਾਵਾਂ ਦੇ ਬਾਵਜੂਦ ਜਿਸ ਦਲੇਰੀ ਨਾਲ ਇਸ ਕਿਤਾਬ ਨੂੰ ਛਾਪਿਆ ਹੈ, ਉਸ ਦੀ ਦਾਦ ਦੇਣੀ ਬਣਦੀ ਹੈ। ਆਪਣੇ ਮੀਡੀਆ ਅੰਕ ਲਈ ਜਦੋਂ ਮੈਂ ਅਰਨਬ ਗੋਸਵਾਮੀ ਨਾਲ ਇਕ ਵਾਰ ਕਾਰਵਾਂ ਰਸਾਲੇ ਨੇ ਇੰਟਰਵਿਊ ਕਰਨ ਦਾ ਯਤਨ ਕੀਤਾ ਤਾਂ ਉਸ ਵਕਤ ਅਰਨਬ ਨੇ ਜੋ ਜਵਾਬ ਦਿੱਤਾ ਸੀ, ਉਹ ਅਜੇ ਤਕ ਚੇਤੇ ਹੈ- ਜਰਨਲਿਸਟਸ ਆਰ ਨਾਟ ਸਟੋਰੀਜ਼, **(ਬਾਕੀ ਸਫ਼ਾ 33 ’ਤੇ)**



# ਸਾਬਕਾ ਕੌਂਸਲਰ ਦੇ ਪੁੱਤ ਦੀ ਲਾਇਸੈਂਸੀ ਬੰਦੂਕ 'ਚੋਂ ਚੱਲੀ ਗੋਲੀ ਨੇ ਲਈ ਆਰਕੈਸਟਰਾ ਡਾਂਸਰ ਦੀ ਜਾਨ

## ਸੰਜੂ ਗੋਇਲ ਦੀ ਬੰਦੂਕ ਲੈ ਕੇ ਆਇਆ ਸੀ ਮੁਲਜ਼ਮ

**ਮੌੜ ਮੰਡੀ/ਬਿਊਰੋ ਨਿਊਜ਼ :** ਮੌੜ ਮੰਡੀ ਦੇ ਆਸ਼ੀਰਵਾਦ ਪੈਲੇਸ ਵਿਚ ਸ਼ਨਿੱਚਰਵਾਰ ਨੂੰ ਵਿਆਹ ਸਮਾਰੋਹ ਦੌਰਾਨ ਸਾਬਕਾ ਕੌਂਸਲਰ ਵਿਜੈ ਗੋਇਲ ਦੇ ਪੁੱਤਰ ਸੰਜੂ ਗੋਇਲ ਦੇ ਨਾਂ ਲਾਇਸੈਂਸੀ ਬੰਦੂਕ ਤੋਂ ਚੱਲੀ ਗੋਲੀ ਨਾਲ ਆਰਕੈਸਟਰਾ ਡਾਂਸਰ ਕੁਲਵਿੰਦਰ ਕੌਰ ਦੀ ਮੌਤ ਹੋ ਗਈ। ਕੁਲਵਿੰਦਰ ਕੌਰ ਦੋ ਮਹੀਨਿਆਂ ਦੀ ਗਰਭਵਤੀ ਸੀ। ਕੌਂਸਲਰ ਦੇ ਮੁੰਡੇ ਨੇ ਹਾਲੇ ਕੁਝ ਦਿਨ ਪਹਿਲਾਂ ਹੀ ਹਥਿਆਰ ਲਈ ਲਾਇਸੈਂਸ ਲਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਮਿਊਜ਼ੀਕਲ ਗਰੁੱਪ ਸਰਦੂਲਗੜ੍ਹ ਆਸ਼ੀਰਵਾਦ ਪੈਲੇਸ ਵਿਚ ਮੌੜ ਨਿਵਾਸੀ ਨਰਿੰਦਰ ਕੁਮਾਰ ਦੇ ਲੜਕੇ ਦੇ ਵਿਆਹ ਸਮਾਗਮ ਵਿਚ ਪ੍ਰੋਗਰਾਮ ਪੇਸ਼ ਕਰਨ ਆਇਆ ਹੋਇਆ ਸੀ। ਗਰੁੱਪ ਵਿੱਚ ਆਰਕੈਸਟਰਾ ਦੀ ਮੈਂਬਰ ਕੁਲਵਿੰਦਰ ਕੌਰ (25) ਪਤਨੀ ਰਾਜਿੰਦਰ ਸਿੰਘ ਵਾਸੀ ਬਠਿੰਡਾ ਵੀ ਆਈ ਹੋਈ ਸੀ। ਰਾਤ ਲਗਭਗ 11 ਵਜੇ ਕੁਲਵਿੰਦਰ ਹੋਰਨਾਂ ਲੜਕੀਆਂ ਨਾਲ ਜਦੋਂ ਸਟੇਜ 'ਤੇ ਡਾਂਸ ਕਰ ਰਹੀ ਸੀ ਤਾਂ ਉਥੇ ਕੁਝ ਨੌਜਵਾਨਾਂ ਵੱਲੋਂ ਰਾਈਫਲ ਫੜ ਕੇ ਭੰਗੜਾ ਪਾਇਆ ਜਾ ਰਿਹਾ ਸੀ। ਇਸ ਦੌਰਾਨ ਬਿੱਲਾ ਨਾਂ ਦੇ ਵਿਅਕਤੀ ਨੇ ਸਟੇਜ 'ਤੇ ਚੜ੍ਹ ਕੇ ਲੜਕੀਆਂ ਨਾਲ ਨੱਚਣ ਦੀ ਜ਼ਿੱਦ ਕੀਤੀ। ਸਟੇਜ ਪ੍ਰਬੰਧਕ ਅੰਗਰੇਜ਼ ਸਿੰਘ ਨੇ ਜਦੋਂ ਇਸ ਦਾ ਵਿਰੋਧ ਕੀਤਾ ਤਾਂ ਬਿੱਲੇ ਨੇ 12 ਬੋਰ ਦੀ ਰਾਈਫਲ ਨਾਲ ਸਟੇਜ 'ਤੇ ਡਾਂਸ ਕਰ ਰਹੀ ਕੁਲਵਿੰਦਰ ਕੌਰ ਦੇ ਸਿਰ ਵਿਚ ਗੋਲੀ ਮਾਰ ਦਿੱਤੀ। ਇਸ ਤੋਂ ਬਾਅਦ ਬਿੱਲਾ ਅਤੇ ਉਸ ਦੇ ਨਾਲ ਦਾ ਇਕ ਹੋਰ ਵਿਅਕਤੀ,



ਜਿਸ ਦੇ ਹੱਥ ਵਿੱਚ ਰਿਵਾਲਵਰ ਸੀ, ਮੌਕੇ ਤੋਂ ਫਰਾਰ ਹੋ ਗਏ। ਥਾਣਾ ਮੌੜ ਦੀ ਪੁਲੀਸ ਵੱਲੋਂ ਮ੍ਰਿਤਕ ਲੜਕੀ ਦੇ ਪਤੀ ਰਾਜਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਇਸ ਮਗਰੋਂ ਬਠਿੰਡਾ ਦੇ ਸਿਵਲ ਹਸਪਤਾਲ ਵਿਚ ਪੋਸਟਮਾਰਟਮ ਦੌਰਾਨ ਲੜਕੀ ਦੇ ਨਜ਼ਦੀਕੀਆਂ ਅਤੇ ਆਰਕੈਸਟਰਾ ਵਾਲਿਆਂ ਨੇ ਹਸਪਤਾਲ ਅੱਗੇ ਸੜਕ ਜਾਮ ਕਰ ਦਿੱਤੀ। ਵਿਰਾਸਤ ਕਲਾ ਮੰਚ ਦੇ ਪ੍ਰਧਾਨ ਰਮਨਦੀਪ ਮੰਗਾ ਦੀ ਅਗਵਾਈ ਹੇਠ ਲਾਏ ਗਏ ਜਾਮ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਦੋਸ਼ੀਆਂ ਦੀ ਗ੍ਰਿਫ਼ਤਾਰੀ ਤਕ ਲੜਕੀ ਦਾ ਪੋਸਟ ਮਾਰਟਮ ਨਹੀਂ ਕਰਵਾਇਆ ਜਾਏਗਾ। ਮ੍ਰਿਤਕ ਕੁਲਵਿੰਦਰ ਕੌਰ ਦੇ ਨਜ਼ਦੀਕੀਆਂ ਨੇ ਦੋਸ਼ ਲਗਾਇਆ ਕਿ ਪੁਲੀਸ ਦੋਸ਼ੀਆਂ ਖਿਲਾਫ਼ ਨਰਮੀ ਵਾਲਾ ਵਤੀਰਾ ਅਪਣਾ ਰਹੀ ਹੈ। ਜਾਮ ਮੌਕੇ ਜਦੋਂ ਪੁਲੀਸ ਦੀ ਇੱਕ ਗੱਡੀ ਉਥੋਂ ਲੰਘਣ ਲੱਗੀ ਤਾਂ ਧਰਨਾਕਾਰੀਆਂ ਨੇ ਉਸ ਨੂੰ ਰੋਕ ਲਿਆ। ਦੋਵਾਂ ਧਿਰਾਂ ਵਿੱਚ ਧੱਕਾ-ਮੁੱਕੀ ਵੀ ਹੋਈ। ਬਾਅਦ ਵਿਚ ਐਸਪੀ ਡੀ ਬਿਕਰਮਜੀਤ ਸਿੰਘ ਨੇ ਆਰਕੈਸਟਰਾ ਦਾ ਕੰਮ ਕਰਨ ਵਾਲੇ ਲੋਕਾਂ ਨੂੰ ਭਰੋਸਾ ਦਿਵਾ ਕੇ ਧਰਨਾ ਚੁੱਕਵਾ ਦਿੱਤਾ। ਮੌੜ ਮੰਡੀ ਪੁਲੀਸ ਨੇ ਮ੍ਰਿਤਕਾ ਦਾ ਪੋਸਟ ਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

### ਮੁੱਖ ਮੁਲਜ਼ਮ ਬਿੱਲਾ ਕਾਬੂ :

ਪੁਲੀਸ ਪ੍ਰਸ਼ਾਸਨ ਨੇ ਮੁੱਖ ਮੁਲਜ਼ਮ ਬਿੱਲਾ ਤੇ 12 ਬੋਰ ਰਾਈਫਲ ਦੇ ਮਾਲਕ ਸੰਜੇ ਗੋਇਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਪ੍ਰਸ਼ਾਸਨ ਨੇ ਨਾਲ ਹੀ ਸਥਾਨਕ ਪੈਲੇਸ ਮਾਲਕ ਅਤੇ ਲਾੜੇ ਦੇ ਪਿਤਾ ਨਰਿੰਦਰ ਕੁਮਾਰ ਖ਼ਿਲਾਫ਼ ਡਿਪਟੀ ਕਮਿਸ਼ਨਰ ਵੱਲੋਂ ਲਗਾਈ ਧਾਰਾ 144 ਦੀ ਉਲੰਘਣਾ ਕਰਨ ਦਾ ਕੇਸ ਦਰਜ ਕਰਕੇ ਅਤੇ ਲੜਕੀ ਦੇ ਕਤਲ ਮੌਕੇ ਵਰਤੀ ਗਈ ਰਾਈਫਲ ਬਰਾਮਦ ਕਰ ਲਈ ਹੈ। ਮਾਮਲੇ ਦੀ ਜਾਂਚ ਕਰ ਰਹੇ ਐਸਪੀਡੀ ਬਠਿੰਡਾ ਬਿਕਰਮਜੀਤ ਸਿੰਘ, ਡੀਐਸਪੀ (ਡੀ) ਰਾਜਪਾਲ ਸਿੰਘ, ਡੀਐਸਪੀ ਮੌੜ ਦਵਿੰਦਰ ਸਿੰਘ ਅਤੇ ਸੀਆਈ ਸਟਾਫ ਦੇ ਤਰਜਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਵਿੱਚ ਇਹ ਪਾਇਆ ਗਿਆ ਪੈਲੇਸ ਦੇ ਮਾਲਕ ਅਤੇ ਵਿਆਹ ਵਾਲੇ ਲੜਕੇ ਦੇ ਪਿਤਾ ਵੱਲੋਂ ਪੈਲੇਸ ਵਿੱਚ ਵਿਆਹ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਤੋਂ ਮਨਜ਼ੂਰੀ ਨਹੀਂ ਲਈ ਗਈ ਸੀ। ਇਸ ਲਈ ਪੈਲੇਸ ਮਾਲਕ ਅਤੇ ਲੜਕੇ ਦੇ ਪਿਤਾ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਕਤਲ ਕਾਂਡ ਵਿੱਚ ਵਰਤੀ ਗਈ ਰਾਈਫਲ ਦੇ ਮਾਲਕ ਸੰਜੇ ਗੋਇਲ ਨੂੰ ਵੀ ਗ੍ਰਿਫ਼ਤਾਰ ਕਰਕੇ ਸਥਾਨਕ ਅਦਾਲਤ ਵਿੱਚ ਪੇਸ਼ ਕਰਨ ਲਈ ਲਿਜਾਇਆ ਗਿਅ, ਜਿਸ ਦਾ ਪੁਲੀਸ ਨੇ ਇਕ ਦਿਨ ਦਾ ਪੁਲੀਸ ਰਿਮਾਂਡ ਹਾਸਲ ਕਰ ਲਿਆ ਹੈ। ਡੀਐੱਸਪੀ ਮੌੜ ਦਵਿੰਦਰ ਸਿੰਘ ਨੇ ਕਿਹਾ ਕਿ ਕਤਲ ਲਈ ਜ਼ਿੰਮੇਵਾਰ ਬਿੱਲਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ।

# ਸਬਵੇਅ ਰੇਲ ਗੱਡੀ ਵਿੱਚ ਗੋਰਿਆਂ ਨੇ ਮੁਸਲਿਮ ਵਿਦਿਆਰਥਣ 'ਤੇ ਕੀਤਾ ਹਮਲਾ

## *ਟਰੰਪ ਦੇ ਨਾਅਰੇ ਲਾ ਰਹੇ ਹਮਲਾਵਰਾਂ ਨੇ ਬੁਰਕਾ ਉਤਾਰਨ ਦੀ ਕੀਤੀ ਕੋਸ਼ਿਸ਼*

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕੀ ਸਬਵੇਅ ਰੇਲ ਗੱਡੀ ਵਿੱਚ ਸਵਾਰ ਇਕ ਮੁਸਲਿਮ ਵਿਦਿਆਰਥਣ 'ਤੇ ਤਿੰਨ ਸ਼ਰਾਬੀ ਗੋਰਿਆਂ ਨੇ ਕਥਿਤ ਤੌਰ 'ਤੇ ਹਮਲਾ ਕੀਤਾ। 'ਡੋਨਲਡ ਟਰੰਪ' ਦਾ ਨਾਂ ਲੈ ਕੇ ਚੀਕਾਂ ਮਾਰ ਰਹੇ ਇਨ੍ਹਾਂ ਵਿਅਕਤੀਆਂ ਨੇ ਵਿਦਿਆਰਥਣ ਦਾ ਬੁਰਕਾ ਉਤਾਰਨ ਤੋਂ ਪਹਿਲਾਂ ਇਸਲਾਮ ਵਿਰੁੱਧ ਅਪਸ਼ਬਦ ਆਖੇ।

ਯਾਸਮਿਨ ਸੇਵੀਦ (18) ਜਦੋਂ ਸਬਵੇਅ ਰਾਹੀਂ ਮੈਨਹੱਟਨ ਵਿੱਚੋਂ ਲੰਘ ਰਹੀ ਸੀ ਤਾਂ ਹਿਜਾਬ ਉਤਾਰਨ ਵਾਲਿਆਂ ਨੇ ਉਸ ਨੂੰ 'ਅਤਿਵਾਦੀ' ਆਖਿਆ ਅਤੇ ਰਾਸ਼ਟਰਪਤੀ ਦੀ ਚੋਣ ਜਿੱਤੇ ਟਰੰਪ ਦੇ ਨਾਂ ਉਤੇ ਨਾਅਰੇ ਲਾਏ। ਜਦੋਂ ਇਹ ਸ਼ਰਾਬੀ ਵਿਅਕਤੀ ਵਿਦਿਆਰਥਣ ਦਾ ਬੁਰਕਾ ਉਤਾਰਨ ਦੀ ਕੋਸ਼ਿਸ਼ ਦੌਰਾਨ ਇਸਲਾਮ ਵਿਰੋਧੀ ਸ਼ਬਦ ਬੋਲ ਰਹੇ ਸਨ ਤਾਂ ਬਾਕੀ ਯਾਤਰੀ ਚੁੱਪ-ਚਾਪ ਖੜ੍ਹੇ ਇਹ ਸਭ ਦੇਖ ਰਹੇ ਸਨ। ਇਸ ਘਟਨਾ ਦੀ ਨਿਊਯਾਰਕ ਪੁਲੀਸ ਵਿਭਾਗ ਦੀ 'ਨਸਲੀ ਅਪਰਾਧ ਟਾਸਕ ਫੋਰਸ' ਜਾਂਚ ਕਰ



ਰਹੀ ਹੈ। ਹਮਲਾਵਰਾਂ ਦੀ ਪਛਾਣ ਲਈ ਪੁਲੀਸ ਨਿਗਰਾਨੀ ਕੈਮਰਿਆਂ ਦੀ ਵੀਡੀਓ ਪੜਤਾਲ ਰਹੀ ਹੈ। ਸੇਵੀਦ ਨੇ ਕਿਹਾ ਕਿ ਇਸ ਹਮਲੇ ਕਾਰਨ ਉਹ ਹੱਕੀ-ਬੱਕੀ ਰਹਿ ਗਈ ਅਤੇ ਸਬਵੇਅ ਦਾ ਕੋਈ ਵੀ ਯਾਤਰੀ ਉਸ ਦੀ ਮਦਦ ਲਈ ਅੱਗੇ ਨਹੀਂ ਆਇਆ। ਉਸ ਨੇ ਕਿਹਾ, "ਮੈਂ ਉਨ੍ਹਾਂ ਨੂੰ ਉੱਚੀ ਉੱਚੀ ਡੋਨਲਡ ਟਰੰਪ ਦਾ ਨਾਂ ਲੈਂਦੇ ਸੁਣਿਆ। ਜਦੋਂ ਉਨ੍ਹਾਂ ਅਤਿਵਾਦੀ ਸ਼ਬਦ ਬੋਲਿਆਂ ਤਾਂ ਮੈਂ ਬਹੁਤ ਡਰ ਗਈ। ਹਮਲਾਵਰ ਚੀਕ ਚੀਕ ਕੇ ਕਹਿ ਰਹੇ ਸਨ ਕਿ ਦੇਸ਼ ਤੋਂ ਬਾਹਰ ਚਲੇ ਜਾਓ। ਇਹ ਮੁਲਕ ਤੁਹਾਡਾ ਨਹੀਂ।" ਜਦੋਂ ਸੇਵੀਦ ਨੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਤਾਂ ਹਮਲਾਵਰਾਂ ਨੇ ਉਸ ਦਾ ਬਸਤਾ ਖਿੱਚ ਲਿਆ ਅਤੇ ਉਸ ਦੀ ਵੱਧਰੀ ਤੋੜ ਦਿੱਤੀ।

ਮਿਸਰੀ ਮਾਪਿਆਂ ਦੇ ਘਰ ਅਮਰੀਕਾ ਵਿੱਚ ਜੰਮੀ ਸੇਵੀਦ ਸਦਮੇ ਵਿੱਚ ਹੈ। ਉਸ ਨੇ ਕਿਹਾ, "ਮੇਰਾ ਜਨਮ ਇੱਥੋਂ ਦਾ ਹੈ ਅਤੇ ਮੈਂ ਅਮਰੀਕਨ ਹਾਂ। ਤੁਸੀਂ ਜਾਣਦੇ ਹੋ ?" ਵਾਰਦਾਤ ਦੌਰਾਨ ਬਚਾਅ ਲਈ ਇਹ ਵਿਦਿਆਰਥਣ ਰੇਲ ਗੱਡੀ ਦੇ ਦੂਜੇ ਸਿਰੇ ਉਤੇ ਚਲੀ ਗਈ ਪਰ ਹਮਲਾਵਰਾਂ ਨੇ ਉਸ ਦਾ ਪਿੱਛਾ ਕੀਤਾ ਅਤੇ ਬੁਰਕਾ ਉਤਾਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਬੁਰਕਾ ਬਚਾਉਣ ਲਈ ਆਪਣਾ ਹੱਥ ਸਿਰ ਉਤੇ ਰੱਖ ਲਿਆ ਅਤੇ ਰੌਲਾ ਪਾ ਦਿੱਤਾ। ਸੇਵੀਦ ਨੇ ਰੇਲ ਗੱਡੀ ਵਿੱਚੋਂ ਉਤਰ ਕੇ ਘਟਨਾ ਦੀ ਸੂਚਨਾ ਪੁਲੀਸ ਨੂੰ ਦਿੱਤੀ। ਟਰੰਪ ਦੀ ਜਿੱਤ ਤੋਂ ਬਾਅਦ ਦੇਸ਼ ਭਰ ਵਿੱਚ ਬੁਰਕਾਧਾਰੀ ਔਰਤਾਂ ਉਤੇ ਹਮਲਿਆਂ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



SFO/LAX to DELHI
FARE as LOW as
Starting from
695 to 895
With Senior Citizens & Students Discount
(including taxes)




Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ‘ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ’ਚ ਲਾਈਆਂ ਜਾਣ’

## ਏਜੀਪੀਸੀ ਸਮੇਤ ਪੰਥਕ ਜਥੇਬੰਦੀਆਂ ਤੇ ਸ਼ਹੀਦਾਂ ਦੇ ਪਰਿਵਾਰਾਂ ਨੇ ਬੰਡੂਗਰ ਨੂੰ ਲਿਖਿਆ ਪੱਤਰ

**ਫਰੀਮਾਂਟ/ਬਿਊਰੋ ਨਿਊਜ਼:** ਅਮਰੀਕਾ ਦੀਆਂ ਪੰਥਕ ਜਥੇਬੰਦੀਆਂ, ਸਿੱਖ ਸੰਸਥਾਵਾਂ, ਸਿੱਖ ਆਗੂਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੇ ਸ੍ਰ੍ਰਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਹੈ ਕਿ 1986 ਵਿਚ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਪੁਲੀਸ ਗੋਲੀਆਂ ਨਾਲ ਸ਼ਹੀਦ ਹੋਏ ਸਿੰਘਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਚ ਲਾਈਆਂ ਜਾਣ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ), ਵੱਖ ਵੱਖ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਜਥੇਬੰਦੀਆਂ, ਪੰਥਕ ਸੰਸਥਾਵਾਂ ਅਤੇ ਸਿੱਖ ਸੰਘਰਸ਼ ਦੇ ਸ਼ਹੀਦਾਂ ਦੇ ਪਰਿਵਾਰਾਂ ਦੇ ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੂੰ ਚਿੱਠੀ ਲਿਖ ਕੇ ਜ਼ੋਰਦਾਰ ਮੰਗ ਕੀਤੀ ਹੈ ਕਿ ਜੋ 2 ਫਰਵਰੀ 1986 ਨੂੰ ਪੰਜਾਬ ਦੇ ਸ਼ਹਿਰ ਨਕੋਦਰ ਵਿਖੇ ਮੁਹੱਲਾ ਗੁਰੂ ਨਾਨਕਪੁਰਾ ਦੇ ਗੁਰਦੁਆਰੇ ਵਿਚ ਸ੍ਰੀ ਗੁਰੁ ਗਰੰਥ ਸਾਹਿਬ ਜੀ ਦੇ 4 ਸਰੂਪ





1986 ਵਿਚ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਪੰਜਾਬ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਸ਼ਹੀਦ ਹੋਏ ਸਿੰਘ

ਸਿੱਖ ਧਰਮ ਵਿਰੋਧੀ ਅਨਸਰਾਂ ਵੱਲੋਂ ਅਗਨ ਭੇਂਟ ਕਰ ਦਿੱਤੇ ਗਏ ਸਨ ਅਤੇ ਬਾਅਦ ਵਿਚ 4 ਫਰਵਰੀ 1986 ਨੂੰ ਪੰਜਾਬ ਪੁਲਿਸ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਬਦੀ ਵਿਰੁੱਧ ਸ਼ਾਂਤਮਈ ਵਿਖਾਵਾ ਕਰ ਰਹੇ ਸਿੱਖਾਂ ਤੇ ਬਿਨਾਂ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਵਿਚ 4 ਸਿੰਘ ਸ਼ਹੀਦ ਹੋ ਗਏ ਸਨ। ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਚ ਲਾਈਆਂ ਜਾਣ। ਸ਼ਹੀਦ ਭਾਈ ਰਵਿੰਦਰ ਸਿੰਘ ਦੇ ਮਾਤਾ-ਪਿਤਾ ਨੇ ਵੀ ਚਿੱਠੀ ਚ ਲਿਖਿਆ ਕਿ ਸਿੱਖ ਧਰਮ ਵਿਚ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਪਰ ਕੁਝ ਵੀ ਨਹੀਂ। ਇਸ ਲਈ ਇਕ ਸਿੱਖ ਲਈ ਗੁਰੂ ਦਾ ਸਤਿਕਾਰ ਆਪਣੀ ਜਾਨ ਤੋਂ ਵੀ ਉਪਰ ਹੈ। ਇਸ ਦੌਰਾਨ ਸ੍ਰਕਮੇਟੀ ਪ੍ਰਧਾਨ ਦਾ ਧਿਆਨ 2 ਫਰਵਰੀ 2011 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕਰਵਾਏ ਸਮਾਗਮ ਦੌਰਾਨ ਗਿਆਨੀ ਗੁਰਚਰਨ ਸਿੰਘ ਵੱਲੋਂ ਕੁਰਬਾਨੀ ਦੇਣ ਵਾਲੇ ਸਿੰਘਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਿਮੰਦਰ ਸਿੰਘ ਦੌਰਾਨ ਗਿਆਨੀ ਗੁਰਬਚਨ ਸਿੰਘ ਵੱਲੋਂ ਕੁਰਬਾਨੀ ਦੇਣ ਵਾਲੇ ਸਿੰਘਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਿਮੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਨ ਸਿੰਘ ਰਾਜੋਵਾਲ- ਗੋਰਸੀਆਂ ਨੂੰ ਕੌਮੀ ਸ਼ਹੀਦ ਕਰਾਰ ਦਿੱਤਾ ਗਿਆ ਸੀ। ਗਿਆਨੀ ਗੁਰਬਚਨ ਸਿੰਘ ਨੇ ਸ੍ਰਕਮੇਟੀ ਨੂੰ ਇਨ੍ਹਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਲਈ ਸ੍ਰਕਮੇਟੀ ਨੂੰ ਹਿਦਾਇਤ ਕੀਤੀ ਸੀ। ਪਰ ਸ੍ਰਕਮੇਟੀ ਅਜੇ ਤੱਕ ਕੇਂਦਰੀ ਅਜਾਇਬ ਘਰ ਵਿਚ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਨਹੀਂ ਲਗਾ ਸਕੀ। ਸਿੱਖ ਜਥੇਬੰਦੀਆਂ ਨੇ ਸ੍ਰਕਮੇਟੀ ਪ੍ਰਧਾਨ ਨੂੰ ਚੇਤਾ ਕਰਾਇਆ ਹੈ ਕਿ 32 ਸਾਲ ਪਹਿਲਾਂ ਹੋਏ ਇਸ ਸ਼ਹੀਦੀ ਸਾਕੇ ਦੀ ਅੱਗ ਅਜੇ ਵੀ ਸਿੱਖਾਂ ਦੇ ਦਿਲਾਂ ਵਿਚ ਬਲ ਰਹੀ ਹੈ ਅਤੇ ਸ਼ਹੀਦ ਸਿੰਘਾਂ ਦੇ ਪਰਿਵਾਰ ਇਨ੍ਹਾਂ ਨਾ ਭਰਨ ਵਾਲੇ ਜ਼ਖਮਾਂ ਦੀ ਪੀੜ ਨੂੰ ਨਿਰੰਤਰ ਆਪਣੇ ਅੰਦਰ ਸਮੋਈ ਬੈਠੇ ਹਨ। ਚਿੱਠੀ ਚ ਸ਼ਹੀਦ ਰਵਿੰਦਰ ਸਿੰਘ ਦੇ ਮਾਤਾ-ਪਿਤਾ ਨੇ ਸ੍ਰਕਮੇਟੀ ਪ੍ਰਧਾਨ ਦੇ ਉਚੇਚਾ ਧਿਆਨ ਵਿੱਚ ਲਿਆਉਂਦਿਆਂ ਕਿਹਾ ਹੈ ਕਿ ਇਨ੍ਹਾਂ ਸਿੰਘਾਂ ਦੀ ਆ ਰਹੀ ਬਰਸੀ ਤੇ ਇਨ੍ਹਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਲਈ ਦੀ ਕ੍ਰਿਪਾਲਤਾ ਕੀਤੀ ਜਾਵੇ।

# ਐਮਨੈਸਟੀ ਇੰਟਨੈਸ਼ਨਲ ਨੇ ਇਨਸਾਫ 84 ਮੁਹਿੰਮ ਦੀ ਕੀਤੀ ਸ਼ੁਰੂਆਤ

ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:ਐਮਨੈਸਟੀ ਇੰਟਰਨੈਸ਼ਨਲ ਇੰਡੀਆ ਨੇ ਸੋਮਵਾਰ 5 ਦਸੰਬਰ 2016 ਨੂੰ ਚੰਡੀਗੜ੍ਹ ਵਿਖੇ 1984 ਕਤਲੇਆਮ ਦੇ ਇਨਸਾਫ ਲਈ ਇਕ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (SIT) ਨੂੰ ਇਨਸਾਫ ਦਿਵਾਉਣ ਲਈ ਮੌਕਾ ਹੱਥੋਂ ਨਹੀਂ ਖੁੰਝਾਉਣਾ ਚਾਹੀਦਾ।

"32 ਸਾਲ ਅਤੇ ਹੋਰ ਇੰਤਜ਼ਾਰ: 1984 ਸਿੱਖ ਕਤਲੇਆਮ, ਬੇਇਨਿਸਾਫੀ ਦਾ ਇਕ ਯੁੱਗ" ਦੇ ਨਾਂ ਨਾਲ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਕਰਕੇ ਸੈਂਕੜੇ ਕੇਸਾਂ ਦੀ ਜਾਂਚ ਬੰਦ ਕਰ ਦਿੱਤੀ ਹੈ। ਜਨਵਰੀ 2015 ‘ਚ ਕੇਂਦਰ ਸਰਕਾਰ ਵਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਮੁੜ-ਜਾਂਚ ਕਰਕੇ 58 ਕੇਸਾਂ ਨੂੰ ਚੁਣਿਆ ਸੀ। ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੇ ਪ੍ਰਚਾਰਕ ਸਨਮ ਸੁਤੀਰਥ ਵਜ਼ੀਰ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ ਨੇ ਕਲਤੇਆਮ ਪੀੜਤਾਂ ਅਤੇ ਕਤਲੇਆਮ ‘ਚੋਂ ਬਚੇ ਹੋਏ ਲੋਕਾਂ ‘ਚ ਇਨਸਾਫ ਦੀ ਉਮੀਦ ਪੈਦਾ ਕੀਤੀ, ਪਰ ਵਿਸ਼ੇਸ਼ ਜਾਂਚ ਟੀਮ ‘ਚ ਪਾਰਦਰਸ਼ਤਾ ਦੀ ਕਮੀ ਨੇ ਹੁਣ ਕਤ ਪਰੇਸ਼ਾਨ



ਹੀ ਕੀਤਾ ਹੈ।ਵਿਸ਼ੇਸ਼ ਜਾਂਚ ਟੀਮ ਨੂੰ ਅਸਲ ‘ਚ 6 ਮਹੀਨੇ ਦਿੱਤੇ ਗਏ ਸੀ, ਪਰ ਪਹਿਲਾਂ ਉਨ੍ਹਾਂ ਨੇ ਅਗਸਤ 2015 ਅਤੇ ਫੇਰ ਅਗਸਤ 2016 ‘ਚ ਹੋਰ ਸਮਾਂ ਲੈ ਲਿਆ। ਹੁਣ ਵਿਸ਼ੇਸ਼ ਜਾਂਚ ਟੀਮ ਦਾ ਸਮਾਂ ਫਰਵਰੀ 2017 ‘ਚ ਖਤਮ ਹੋ ਰਿਹਾ ਹੈ। ਸਨਮ ਸੁਤੀਰਥ ਵਜ਼ੀਰ ਨੇ ਦੱਸਿਆ, ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੀ ਇਨਸਾਫ ਲਈ ਮੁਹਿੰਮ ਨੂੰ ਪੰਜਾਬ ਵਿਚੋਂ ਨਵੰਬਰ 2014 ਤੋਂ ਹੁਣ ਤਕ 6,00,000 ਲੋਕਾਂ ਦਾ ਸਮਰਥਨ ਮਿਲ ਚੁਕਿਆ ਹੈ।"

ਇਸ ਮੌਕੇ ਦਰਸ਼ਨ ਕੌਰ ਦੀ ਜ਼ਿੰਦਗੀ ‘ਤੇ ਆਧਾਰਿਤ ਛੋਟੀ ਫਿਲਮ ਦੀ ਦਿਖਾਈ ਗਈ। ਦਰਸ਼ਨ ਕੌਰ ਜੋ ਕਿ 1984 ਵਿਚ 21 ਸਾਲਾਂ ਦੀ ਸੀ ਅਤੇ ਕਤਲੇਆਮ ਵਿਚੋਂ ਬਚ ਗਈ ਸੀ, ਉਸਦੇ ਪਤੀ ਸਣੇ ਉਸਦੇ ਪਰਿਵਾਰ ਦੇ 12 ਜੀਅ ਕਤਲ ਕਰ ਦਿੱਤੇ ਗਏ ਸੀ। ਸਿੱਖ ਸਿਆਸਤ ਨਿਊਜ਼ ਵਲੋਂ ਇਹ ਪੁੱਛੇ ਜਾਣ ‘ਤੇ ਕਿ ਐਮਨੈਸਟੀ ਵਲੋਂ ਇਸਨੂੰ ਨਸਲਕੁਸ਼ੀ" ਮੰਨਿਆ ਜਾਏਗਾ ਤਾਂ ਦੋਵੇਂ ਨੁਮਾਇੰਦੇ ਮਨੋਜ ਮਿੱਤਾ ਅਤੇ ਸਨਮ ਸੁਤੀਰਥ ਵਜ਼ੀਰ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ।

ਮਨੋਜ ਮਿੱਤਾ ਨੇ ਕਿਹਾ ਕਿ ਉਹ ਐਮਨੈਸਟੀ ਦਾ ਹਿੱਸਾ ਨਹੀਂ ਹਨ ਇਸ ਲਈ ਐਮਨੈਸਟੀ

**ਬਾਕੀ ਸਫ਼ਾ 32 ’ਤੇ**









# ਮੌਜੂਦ ਵਿਸ਼ਵੀ ਸਿਆਸੀ ਮਾਹੌਲ ’ਚ ਸਰਹੱਦੀ ਜੰਗਾਂ ਦੇ ਖ਼ਤਰੇ ਵਧੇ : ਜਨਰਲ ਮਲਿਕ

### *‘ਦਿ ਟ੍ਰਿਬਿਊਨ’ ਕੌਮੀ ਸੁਰੱਖਿਆ ਫੋਰਮ ਦੇ ਪਹਿਲੇ ਸਾਲਾਨਾ ਲੈਕਚਰ ’ਚ ਪ੍ਰਗਟਾਏ ਖ਼ਦਸ਼ੇ*

**ਚੰਡੀਗੜ੍ਹ/ਬਿਊਰੋ ਨਿਊਜ਼ :** ਬ੍ਰੈਗਜ਼ਿਟ, ਟਰੰਪ, ਕੌਮਪ੍ਰਸਤੀ ਅਤੇ ਅਸਥਿਰਤਾ ਦੇ ਨਵੇਂ ਯੁੱਗ ਵਿਚ ਕੋਈ ਵੀ ਭਰੋਸਾ ਨਹੀਂ ਦੇ ਸਕਦਾ ਕਿ ਪਰਮਾਣੂ ਅਤੇ ਵੱਡੀਆਂ ਜੰਗਾਂ ਨਹੀਂ ਹੋਣਗੀਆਂ। ਭਾਰੀ ਖ਼ਰਚੇ, ਜਾਨਾਂ ਜਾਣ ਅਤੇ ਸਿਆਸੀ ਦਬਾਅ ਦੇ ਕਿੰਨੇ ਹੀ ਤੌਖ਼ਲੇ ਕਿਉਂ ਨਾ ਹੋਣ। ਉਂਜ ਜ਼ਿਆਦਾ ਸੰਭਾਵਨਾ ਇਸ ਗੱਲ ਦੀ ਹੈ ਕਿ ਪਾਕਿਸਤਾਨ ਅਤੇ ਚੀਨ ਨਾਲ ਅਸਾਵੀਂ ਅਤੇ ਸੀਮਤ ਸਰਹੱਦੀ ਜੰਗਾਂ ਹੋ ਸਕਦੀਆਂ ਹਨ। ‘ਦਿ ਟ੍ਰਿਬਿਊਨ’ ਕੌਮੀ ਸੁਰੱਖਿਆ ਫੋਰਮ ਵੱਲੋਂ ਕਰਾਏ ਗਏ ਪਹਿਲੇ ਸਾਲਾਨਾ ਲੈਕਚਰ ‘ਡਿਫੈਂਸ ਐਟ 70 : ਅੱਜ ਅਤੇ ਭਲਕ’ ਦੌਰਾਨ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਵੀ ਪੀ ਮਲਿਕ ਨੇ ਉਕਤ ਗੱਲਾਂ ਆਖਦਿਆਂ ਕਿਹਾ ਕਿ ਪਾਕਿਸਤਾਨ ਆਪਣੀ ਰਣਨੀਤੀ ਤਹਿਤ ਭਾਰਤ ਨੂੰ ਲਗਾਤਾਰ ਲਹੂਲੁਹਾਣ ਕਰਦਾ ਆ ਰਿਹਾ ਹੈ ਅਤੇ ਚੀਨ ਦੀ ਭੂਗੋਲਿਕ ਰਣਨੀਤੀ ਭਾਰਤ ਦਾ ਗਲ ਸਖ਼ਤੀ ਨਾਲ ਘੁਟਦੀ ਜਾ ਰਹੀ ਹੈ। ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੈਨਾ ਅਤੇ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਸਮੇਤ ਹੋਰ ਬੁੱਧੀਜੀਵੀਆਂ ਨੇ ਹਾਜ਼ਰੀ ਭਰੀ।ਸੁਰੱਖਿਆ ਨਾਲ ਸਬੰਧਤ ਨਵੀਆਂ ਮੁਸ਼ਕਲਾਂ ਖੜ੍ਹੀਆਂ ਹੋਣ ਬਾਰੇ ਚਿਤਾਵਨੀ ਦਿੰਦਿਆਂ ਜਨਰਲ ਮਲਿਕ ਨੇ ਕਿਹਾ ਕਿ ਇਹ ਮੁਸ਼ਕਲਾਂ ਅਚਾਨਕ ਹੀ ਸਾਹਮਣੇ ਆ ਸਕਦੀਆਂ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਤੇਜ਼ੀ ਨਾਲ ਫ਼ੈਸਲੇ ਲਏ ਜਾਣ ਲਈ ਸਿਆਸੀ-ਮਿਲਟਰੀ ਭਾਈਵਾਲੀ ਅਤੇ ਚੁਫੇਰੇ ਵਿਚਾਰ ਵਟਾਂਦਰੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਰਣਨੀਤਕ ਮਾਹੌਲ ਵਿਚ ਕੌਮੀ ਸੁਰੱਖਿਆ ਸਬੰਧੀ ਫ਼ੈਸਲਿਆਂ ਅਤੇ ਫ਼ੌਜੀ ਸੰਘਰਸ਼ਾਂ ਦੇ ਨਿਰਦੇਸ਼ਾਂ ਦਾ ਪਾਲਣ ਬੰਦ ਕਮਰਿਆਂ ਅੰਦਰ ਨਹੀਂ ਕੀਤਾ ਜਾ ਸਕਦਾ। ਬੀਤੇ ਵਿਚ ਸੰਘਰਸ਼ਾਂ ਨਾਲ ਹਾਸਲ ਕੀਤੀਆਂ ਪ੍ਰਾਪਤੀਆਂ ਦਾ ਸਿਆਸੀ-ਰਣਨੀਤਕ ਸਫ਼ਲਤਾਵਾਂ ਲਈ ਲੰਬੇ ਸਮੇਂ ਵਿਚ ਫਾਇਦਾ ਲੈਣ ਵਿਚ ਨਾਕਾਮ ਰਹਿਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 70 ਸਾਲਾਂ ਦਾ ਸਮਾਂ ਬੀਤਣ ਦੇ ਬਾਵਜੂਦ ਸੁਰੱਖਿਆ ਨਾਲ ਸਬੰਧਤ ਅਹਿਮ ਮੁੱਦਿਆਂ, ਨੌਕਰਸ਼ਾਹੀ ’ਤੇ ਵਧੇਰੇ ਨਿਰਭਰਤਾ ਅਤੇ ਉੱਚ ਪੱਧਰ ’ਤੇ ਫ਼ੌਜ ਦੀ ਸਲਾਹ ਨੂੰ ਲਗਾਤਾਰ ਦਰਕਿਨਾਰ ਕੀਤਾ ਜਾਂਦਾ ਆ ਰਿਹਾ ਹੈ। ਸਾਈਬਰ ਅਤੇ ਪੁਲਾੜ ਹਮਲਿਆਂ ਦਾ ਰੁਝਾਨ ਪਿਛਲੇ ਕੁਝ ਸਾਲਾਂ ਵਿਚ ਵਧਣ ਦਾ ਹਵਾਲਾ ਦਿੰਦਿਆਂ ਜਨਰਲ ਮਲਿਕ ਨੇ ਕਿਹਾ ਕਿ 70 ਸਾਲਾਂ ਬਾਅਦ ਵੀ ਮੁਲਕ ਦਾ 70 ਫ਼ੀਸਦੀ ਰੱਖਿਆ ਸਾਜ਼ੋ ਸਾਮਾਨ ਬਾਹਰੋਂ ਆਉਂਦਾ ਹੈ। ਉਨ੍ਹਾਂ ਕਿਹਾ ਕਿ ਸਿੱਧੇ ਵਿਦੇਸ਼ੀ ਨਿਵੇਸ਼ ਅਤੇ ‘ਮੇਕ ਇਨ ਇੰਡੀਆ’ ਮੁਹਿੰਮਾਂ ਨਾਲ ਅਜੇ ਵੀ ਕਮਜ਼ੋਰੀਆਂ ਨੂੰ ਦੂਰ ਕਰਨ ਵਿਚ 20 ਤੋਂ 25 ਸਾਲ ਲੱਗਣਗੇ। ਉਨ੍ਹਾਂ ਕਿਹਾ ਕਿ ਹਥਿਆਰਬੰਦ ਬਲਾਂ ਵਿਚ ਪ੍ਰਤਿਭਾਸ਼ਾਲੀ ਨੌਜਵਾਨਾਂ ਦੀ ਕਮੀ ਦੂਰ ਕਰਨ ਲਈ ਸਰਕਾਰ ਨੂੰ ਹੰਭਲੇ ਮਾਰਨੇ ਚਾਹੀਦੇ ਹਨ। ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਐਸ. ਜੌਹਲ ਨੇ ਕਿਹਾ ਕਿ ਜੰਗ ਟਾਲਣ ਲਈ ਦੇਸ਼ ਦੀ ਕੂਟਨੀਤਕ ਸਮਰੱਥਾ ਬੇਹੱਦ ਲਾਜ਼ਮੀ ਹੈ। ਰੱਖਿਆ ਮਸ਼ੀਨਰੀ ਵੀ ਅਹਿਮ ਹੈ ਤਾਂ ਕਿ ਪੱਕੇ ਪੈਰੀ ਹੋ ਕੇ ਆਪਣੀ ਗੱਲ ਮਨਵਾਈ ਜਾ ਸਕੇ। ਦੇਸ਼ਾਂ ਵਿਚਾਲੇ ਮਜ਼ਬੂਤ ਵਪਾਰਕ ਰਿਸ਼ਤੇ ਜੰਗ ਦੇ ਮੌਕਿਆਂ ਨੂੰ ਘਟਾ ਸਕਦੇ ਹੋਣ ਦਾ ਤਰਕ ਦਿੰਦਿਆਂ ਉਨ੍ਹਾਂ ਕਿਹਾ ਕਿ ਸ਼ਾਂਤੀ ਯਕੀਨੀ ਬਣਾਉਣ ਲਈ ਮਜ਼ਬੂਤ ਅੰਦਰੂਨੀ ਸੁਰੱਖਿਆ ਅਤੇ ਚੰਗਾ ਸ਼ਾਸਨ ਵੀ ਅਹਿਮ ਕਾਰਕ ਹਨ। ਰੱਖਿਆ ਮਸ਼ੀਨਰੀ ਵਿੱਚ ਵਾਧਾ ਅਤੇ ਜੰਗ ਲੜਨ ਨਾਲ ਆਰਥਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਤੇ ਕਾਫੀ ਪੈਸਾ ਖ਼ਰਚ ਹੋ ਜਾਂਦਾ ਹੈ ਤੇ ਮਹਿੰਗਾਈ ਵਧਦੀ ਹੈ।ਸਾਲ 1962 ਜਦੋਂ ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੂੰ ਬਿਨਾਂ ਤਿਆਰੀ ਵਾਲੇ ਫੌਜੀ ਵਿਵਾਦ ਲਈ ਮਜਬੂਰ ਹੋਣ ਦਾ ਹਵਾਲਾ ਦਿੰਦਿਆਂ ਡਾ. ਜੌਹਲ ਨੇ ਕਿਹਾ ਕਿ “ਬਿਨਾਂ ਢੁਕਵੀਂ ਤਿਆਰੀ ਤੋਂ ਜੰਗ ਸ਼ੁਰੂ ਕਰਨਾ ਬੇਹੱਦ ਖ਼ਤਰਨਾਕ ਸੀ। ਜੇ ਅਸੀਂ ਅੰਦਰੂਨੀ ਅਤੇ ਵਿੱਤੀ ਤੌਰ ’ਤੇ ਮਜ਼ਬੂਤ ਹੋਵਾਂਗੇ ਤਾਂ ਅਸੀਂ ਆਪਣੇ ਆਪ ਬਾਹਰੀ ਤੌਰ ’ਤੇ ਵੀ ਮਜ਼ਬੂਤ ਬਣਾਂਗੇ।” ਉਨ੍ਹਾਂ ਆਸ ਪ੍ਰਗਟਾਈ ਕਿ ਸਿਆਸੀ ਲੀਡਰਸ਼ਿਪ ਸਿਆਣਪ ਤੋਂ ਕੰਮ ਲਵੇਗੀ ਅਤੇ ਉਹ ਫੌਜੀ ਦਸਤਿਆਂ ਦੀ ਬਿਹਤਰ ਤਿਆਰੀ ਯਕੀਨੀ ਬਣਾਏਗੀ। ਜੰਮੂ ਕਸ਼ਮੀਰ ਦੇ ਸਾਬਕਾ ਪੁਲੀਸ ਮੁਖੀ, ਮਨੀਪੁਰ ਦੇ ਰਾਜਪਾਲ ਅਤੇ ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਟਰੱਸਟੀ ਗੁਰਬਚਨ ਜਗਤ ਨੇ ਕਿਹਾ ਕਿ ਭਵਿੱਖ ਵਿੱਚ ਦੇਸ਼ਾਂ ਵਿਚਾਲੇ ਪਾਣੀ ਦੇ ਸਰੋਤਾਂ ਦੀ ਵੰਡ ਸਮੇਤ ਕਈ ਮਸਲਿਆਂ ’ਤੇ ਲੜਾਈਆਂ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਜੰਗ ਫ਼ੌਜੀ ਤਾਕਤ ਤੋਂ ਅੱਗੇ ਲੰਘ ਵਿੱਤੀ ਮਜ਼ਬੂਤੀ ਅਤੇ ਅੰਦਰੂਨੀ ਸਥਿਤਰਾ ਨੂੰ ਵੀ ਆਪਣੇ ਘੇਰੇ ਵਿੱਚ ਲੈ ਲੈਂਦੀ ਹੈ। ਟ੍ਰਿਬਿਊਨ ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਹਰੀਸ਼ ਖਰੇ ਨੇ ਪ੍ਰਕਾਸ਼ਨ ਸਮੂਹ ਦੇ ਬਾਨੀ ਸਰਦਾਰ ਦਿਆਲ ਸਿੰਘ ਮਜੀਠੀਆ ਵੱਲੋਂ 135 ਸਾਲ ਪਹਿਲਾਂ ਤੈਅ ਕੀਤੇ ਆਦਰਸ਼ਾਂ ਅਤੇ ਸਿਧਾਂਤਾਂ ਦੀ ਬਾਤ ਪਾਈ। ਉਨ੍ਹਾਂ ਕਿਹਾ ਕਿ ਇਹ ਸਿਧਾਂਤ ਤੇ ਆਦਰਸ਼ ਪ੍ਰਕਾਸ਼ਨ ਸਮੂਹ ਲਈ ਰਾਹ ਦਿਖਾਉਣ ਵਾਲੀ ਤਾਕਤ ਹਨ। ਸ੍ਰੀ ਖਰੇ ਨੇ ਇਸ ਮੌਕੇ ਸਰਦਾਰ ਮਜੀਠੀਆ ਵੱਲੋਂ ਲਿਖੀ ਪਹਿਲੀ ਸੰਪਾਦਕੀ ਵੀ ਪੜ੍ਹ ਕੇ ਸੁਣਾਈ।




**ਚੰਡੀਗੜ੍ਹ ਵਿੱਚ ‘ਦਿ ਟ੍ਰਿਬਿਊਨ ਸਿਕਿਉਰਿਟੀ ਫੋਰਮ’ ਵਿੱਚ (ਖੱਬਿਓਂ) ਸਾਬਕਾ ਥਲ ਸੈਨਾ ਮੁਖੀ ਵੀਪੀ ਮਲਿਕ, ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ.ਐਸ. ਜੌਹਲ ਅਤੇ ‘ਦਿ ਟ੍ਰਿਬਿਊਨ ਟਰੱਸਟ’ ਦੇ ਟਰੱਸਟੀ ਗੁਰਬਚਨ ਜਗਤ।**

## ਭਾਰਤੀ ਸਿਨਮਾਘਰਾਂ ਵਿੱਚ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਗੂੰਜੇਗਾ ਕੌਮੀ ਤਰਾਨਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ ਕਿ ਦੇਸ਼ ਭਰ ਦੇ ਸਿਨੇਮਾਘਰਾਂ ਵਿੱਚ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਕੌਮੀ ਤਰਾਨਾ ਵਜਾਇਆ ਜਾਵੇ ਤੇ ਲੋਕ ਖੜ੍ਹੇ ਹੋ ਕੇ ਉਸ ਦਾ ਸਨਮਾਨ ਕਰਨ। ਅਦਾਲਤ ਨੇ ਕਿਹਾ ਕਿ ਜਦੋਂ ਕੌਮੀ ਤਰਾਨਾ ਵਜਾਇਆ ਜਾ ਰਿਹਾ ਹੋਵੇ ਉਦੋਂ ਥੀਏਟਰ ਦੇ ਪਰਦੇ ’ਤੇ ਕੌਮੀ ਝੰਡਾ ਦਿਖਾਇਆ ਜਾਵੇ। ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਅਮਿਤਵ ਰਾਏ ਨੇ ਕਿਹਾ ਕਿ ਇਹ ਦੇਸ਼ ਦੇ ਹਰ ਨਾਗਰਿਕ ਦਾ ਫ਼ਰਜ਼ ਹੈ ਕਿ ਉਹ ਕੌਮੀ ਤਰਾਨੇ ਤੇ ਕੌਮੀ ਝੰਡੇ ਪ੍ਰਤੀ ਸਨਮਾਨ ਦਿਖਾਏ। ਬੈਂਚ ਨੇ ਕਿਹਾ, ‘ਲੋਕਾਂ ਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਇਹ ਮੇਰਾ ਦੇਸ਼ ਹੈ ਤੇ ਮੇਰੀ ਮਾਤ ਭੂਮੀ ਹੈ।’ ਬੈਂਚ ਨੇ ਕਿਹਾ ਕਿ ਇਸ ਹੁਕਮ ਨੂੰ ਹਫ਼ਤੇ ਵਿੱਚ ਲਾਗੂ ਕੀਤਾ ਜਾਵੇ ਤੇ ਇਸ ਬਾਰੇ ਚੀਫ ਸਕੱਤਰਾਂ ਰਾਹੀਂ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸੂਚਿਤ ਕੀਤਾ ਜਾਵੇ।

## ਦਲ ਖ਼ਾਲਸਾ ਵਲੋਂ ਜਨ ਗਨ ਮਨ ਥੋਪਣ ਵਾਲੇ ਅਦਾਲਤੀ ਹੁਕਮ ਦਾ ਵਿਰੋਧ

**ਹੁਸ਼ਿਆਰਪੁਰ/ਬਿਊਰੋ ਨਿਊਜ਼ :** ਦਲ ਖ਼ਾਲਸਾ ਨੇ ਭਾਰਤੀ ਸੁਪਰੀਮ ਕੋਰਟ ਵਲੋਂ ਸਿਨੇਮਾ ਘਰਾਂ ਵਿਚ ਫਿਲਮ ਚੱਲਣ ਤੋਂ ਪਹਿਲਾਂ ਅਖੌਤੀ “ਰਾਸ਼ਟਰੀ ਗੀਤ” ਚਲਾਉਣ ਅਤੇ ਉਸ ਦੇ ਸਤਿਕਾਰ ਲਈ ਹਾਜ਼ਰ ਲੋਕਾਂ ਲਈ ਖੜ੍ਹੇ ਹੋਣ ਨੂੰ ਜ਼ਰੂਰੀ ਕਰਾਰ ਦੇਣ ਦੇ ਫੈਸਲੇ ਨਾਲ ਸਖਤ ਅਸਹਿਮਤੀ ਪ੍ਰਗਟਾਈ ਹੈ। ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਹੁਕਮ ਨੇ ਲੋਕਾਂ ਦੇ ਵਿਚਾਰਾਂ ਦੀ ਅਜ਼ਾਦੀ ਦੇ ਹੱਕ ’ਤੇ ਭਾਰੀ ਸੱਟ ਮਾਰੀ ਹੈ। ਆਗੂਆਂ ਨੇ ਕਿਹਾ ਕਿ ਇਹ ਫੈਸਲਾ ਉਨ੍ਹਾਂ ਲੋਕਾਂ ’ਤੇ ਇਕ ਖਾਸ ਕਿਸਮ ਦਾ ਰਾਸ਼ਟਰਵਾਦ ਥੌਪਣ ਲਈ ਵਰਤਿਆ ਜਾਵੇਗਾ ਜੋ ਹਿੰਦੁਤਵ ਵਿਚਾਰਧਾਰਾ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਨਾਲ ਹੀ ਲੋਕਾਂ ਨੂੰ ਮਿਲੇ ਵਿਚਾਰਾਂ ਦੀ ਆਜ਼ਾਦੀ ਦੇ ਹੱਕ ਨੂੰ ਖੋਹਣ ਦਾ ਵਸੀਲਾ ਵੀ ਬਣਾਇਆ ਜਾਵੇਗਾ। ਉਨ੍ਹਾਂ ਸਪਸ਼ਟ



ਕੀਤਾ ਕਿ ਦਲ ਖਾਲਸਾ ਅਤੇ ਉਨ੍ਹਾਂ ਨਾਲ ਸਬੰਧਤ ਜਥੇਬੰਦੀਆਂ ਇਹ ਫੈਸਲਾ ਮੰਨਣ ਤੋਂ ਇਨਕਾਰੀ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਸਿਨੇਮਾ ਵਿਚ ਮਨੋਰੰਜਨ ਕਰਨ ਲਈ ਜਾਂਦਾ ਹੈ ਨਾ ਕਿ ਆਪਣੀ ਦੇਸ਼ ਭਗਤੀ ਦਿਖਾਉਣ ਲਈ। ਉਨ੍ਹਾਂ ਹੈਰਾਨੀ ਪ੍ਰਗਟਾਉਂਦਿਆਂ ਕਿਹਾ ਕਿ ਹੋਰਨਾਂ ਦੇਸ਼ਾਂ ਵਿੱਚ ਵਸਦੇ ਸਿੱਖਾਂ, ਮੁਸਲਮਾਨਾਂ, ਈਸਾਈਆਂ, ਬੋਧੀਆਂ ਨੂੰ ਕਿਸੇ ਹੋਰ ਦੇਸ਼ ਦੇ ਰਾਸ਼ਟਰੀ ਗੀਤ ਪ੍ਰਤੀ ਆਪਣੀ ਵਫਾਦਾਰੀ ਸਾਬਤ ਕਰਨ ਲਈ ਮਜਬੂਰ ਕਿਵੇਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਬਣਾਉਣ ਦਾ ਕੰਮ ਅਦਾਲਤਾਂ ਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਨੋਟਬੰਦੀ ਦੇ ਡਰਾਮੇ ਦੇ ਫੈਸਲੇ ਨਾਲ ਲੱਖਾਂ ਆਮ ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਪਰ ਅਫਸੋਸ ਕਿ ਉਸ ਬਾਰੇ ਨਿਆਂਪਾਲਿਕਾ ਨੇ ਚੁੱਪੀ ਧਾਰੀ ਹੋਈ ਹੈ।

## ਦੁਬਈ ’ਚ ਪਾਕਿਸਤਾਨੀ ਦੇ ਕਤਲ ਸਬੰਧੀ 10 ਪੰਜਾਬੀਆਂ ਨੂੰ ਫ਼ਾਂਸੀ ਦੀ ਸਜ਼ਾ

**ਮਾਹਿਲਪੁਰ/ਬਿਊਰੋ ਨਿਊਜ਼ :** ਦੁਬਈ ਦੀ ਜੇਲ੍ਹ ਵਿਚ ਇਕ ਪਾਕਿਸਤਾਨੀ ਨਾਗਰਿਕ ਦੇ ਕਤਲ ਕੇਸ ਵਿਚ ਬੰਦ 11 ਪੰਜਾਬੀਆਂ ਵਿਚੋਂ 10 ਨੂੰ ਦੁਬਈ ਦੀ ਅਦਾਲਤ ਨੇ ਫ਼ਾਂਸੀ ਦੀ ਸਜ਼ਾ ਸੁਣਾਈ ਹੈ। ਪੀੜਤ ਮਾਪਿਆਂ ਨੇ ਕੇਂਦਰ ਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰਾਂ ਨੂੰ ਰਿਹਾਅ ਕਰਨ ਲਈ ਦਖ਼ਲ ਦੇਣ। ਜਾਣਕਾਰੀ ਅਨੁਸਾਰ ਮਾਹਿਲਪੁਰ ਸ਼ਹਿਰ ਦੇ ਨਜ਼ਦੀਕ ਪਿੰਡ ਹਵੇਲੀ ਦੇ ਮਨਜੀਤ ਸਿੰਘ (ਪਿਤਾ), ਰਣਜੀਤ ਕੌਰ (ਮਾਤਾ) ਨੇ ਭਾਜਪਾ ਨੇਤਾ ਅਮਰਜੀਤ ਸਿੰਘ ਭਿੰਦਾ, ਰਾਜੇਸ਼ ਲਲਵਾਣ, ਰਘੁਵੀਰ ਸਿੰਘ ਨੀਟੂ, ਪਵਨ ਕੁਮਾਰ ਦੀ ਹਾਜ਼ਰੀ ਵਿਚ ਦੱਸਿਆ ਕਿ 3 ਸਾਲ ਪਹਿਲਾਂ ਉਨ੍ਹਾਂ ਦਾ ਲੜਕਾ ਚੰਦਰ ਸ਼ੇਖ਼ਰ ਦੁਬਈ ਦੇ ਅਲਾਇਨ ਸ਼ਹਿਰ ਵਿਚ ਰੋਜ਼ੀ ਰੋਟੀ ਲਈ ਗਿਆ ਸੀ। ਉਨ੍ਹਾਂ ਦੱਸਿਆ ਕਿ ਉਥੇ ਇਕ ਸ਼ਰਾਬ ਦੇ ਮਾਮਲੇ ਵਿਚ ਹੋਈ ਲੜਾਈ ਕਾਰਨ ਇਕ ਪਾਕਿਸਤਾਨੀ ਨਾਗਰਿਕ ਦੀ ਮੌਤ ਹੋ ਗਈ ਸੀ, ਜਿਸ ਵਿਚ ਸ਼ਾਮਲ ਲੜਕੇ ਲੜਾਈ ਤੋਂ ਬਾਅਦ ਉਨ੍ਹਾਂ ਦੇ ਕਮਰੇ ਵਿਚ ਆ ਗਏ। ਦੁਬਈ ਪੁਲੀਸ ਨੇ ਉਨ੍ਹਾਂ ਦੇ ਪੁੱਤਰ ਚੰਦਰ ਸ਼ੇਖਰ ਸਮੇਤ ਸਤਵਿੰਦਰ ਸਿੰਘ ਠੀਕਰੀਵਾਲ, ਚਮਕੌਰ ਸਿੰਘ ਮਲੇਰਕੋਟਲਾ, ਕੁਲਵਿੰਦਰ ਸਿੰਘ ਲੁਧਿਆਣਾ, ਕੁਲਦੀਪ ਸਿੰਘ ਤਰਨਤਾਰਨ, ਬਲਵਿੰਦਰ ਕੁਮਾਰ ਲੁਧਿਆਣਾ, ਧਰਮਵੀਰ ਸਿੰਘ ਸਮਰਾਲਾ, ਹਰਜਿੰਦਰ ਸਿੰਘ ਮੋਗਾ, ਤਰਸੇਮ ਸਿੰਘ, ਗੁਰਪ੍ਰੀਤ ਸਿੰਘ ਪਟਿਆਲਾ, ਜਗਜੀਤ ਸਿੰਘ ਗੁਰਦਾਸਪੁਰ ਸਮੇਤ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਸੀ ਜਦੋਂ ਉਹ ਆਪਣੇ ਕਮਰੇ ਵਿਚ ਹੀ ਸਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦੁਬਈ ਪੁਲੀਸ ਨੇ ਉਨ੍ਹਾਂ ’ਤੇ ਕੇਸ ਦਰਜ ਕੀਤਾ ਸੀ, ਜਿਸ ਦੀ ਸੁਣਵਾਈ ਹੋ ਰਹੀ ਸੀ ਤੇ 2 ਲੱਖ ਪ੍ਰਤੀ ਵਿਅਕਤੀ ਦੇ ਰੂਪ ਵਿਚ ਮੁਆਵਜ਼ਾ ਦੇ ਕੇ ਰਾਜੀਨਾਮੇ ਦੀ ਗੱਲ ਚੱਲ ਰਹੀ ਸੀ। ਉਨ੍ਹਾਂ ਦੱਸਿਆ ਕਿ ਜਦੋਂ ਜੇਲ੍ਹ ਵਿਚੋਂ ਉਨ੍ਹਾਂ ਦੇ ਪੁੱਤਰ ਨੇ ਫ਼ੋਨ ’ਤੇ ਦੱਸਿਆ ਕਿ ਸਭ ਖ਼ਤਮ ਹੋ ਚੁੱਕਾ ਹੈ, ਉਸ ਨੂੰ ਫ਼ਾਂਸੀ ਦੀ ਸਜ਼ਾ ਹੋ ਗਈ ਹੈ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖ਼ਿਸਕ ਗਈ। ਉਨ੍ਹਾਂ ਦੱਸਿਆ ਕਿ ਇਕ ਵਕੀਲ ਰਾਹੀਂ ਦੁਬਈ ਦੀ ਅਦਾਲਤ ਵਿਚ ਮੁੜ ਅਪੀਲ ਵੀ ਕੀਤੀ ਹੈ। ਸਤਵਿੰਦਰ ਸਿੰਘ ਦੇ ਪਿਤਾ ਨੇ ਫ਼ੋਨ ’ਤੇ ਦੱਸਿਆ ਕਿ ਉਨ੍ਹਾਂ ਨੂੰ ਮੀਡੀਆ ਵਿਚ ਜਾਣ ਤੋਂ ਮਨ੍ਹਾ ਕੀਤਾ ਸੀ ਪ੍ਰੰਤੂ ਕੋਈ ਆਸ ਨਹੀਂ ਦਿਸ ਰਹੀ। ਮਾਪਿਆਂ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਛੁਡਾਉਣ ਲਈ ਠੋਸ ਯਤਨ ਕੀਤੇ ਜਾਣ।



## ਬਾਦਲਾਂ ਦੀ ਬੱਸ ਨੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਜਾਨ ਲਈ

**ਹੁਸ਼ਿਆਰਪੁਰ/ਬਿਊਰੋ ਨਿਊਜ਼ :** ਹੁਸ਼ਿਆਰਪੁਰ-ਦਸੂਹਾ ਸੜਕ ’ਤੇ ਹਰਿਆਣਾ ਨਜ਼ਦੀਕ ਬਾਦਲ ਪਰਿਵਾਰ ਦੀ ਟਰਾਂਸਪੋਰਟ ਕੰਪਨੀ ਦੀ ਇਕ ਬੱਸ ਨੇ ਦੋ ਮੋਟਰ ਸਾਈਕਲ ਸਵਾਰਾਂ ਨੂੰ ਕੁਚਲ ਦਿੱਤਾ। ਇਸ ਤੋਂ ਬਾਅਦ ਬੱਸ ਬੇਕਾਬੂ ਹੋ ਕੇ ਖੇਤਾਂ ਵਿੱਚ ਉਲਟ ਗਈ, ਜਿਸ ਕਾਰਨ ਲਗਪਗ ਇਕ ਦਰਜਨ ਸਵਾਰੀਆਂ ਜ਼ਖ਼ਮੀ ਹੋ ਗਈਆਂ, ਜਿਨ੍ਹਾਂ ਵਿੱਚੋਂ ਘੱਟੋ ਘੱਟ ਪੰਜ ਨੂੰ ਗੰਭੀਰ ਸੱਟਾਂ ਲੱਗੀਆਂ।

ਜਾਣਕਾਰੀ ਅਨੁਸਾਰ ਰਾਜਧਾਨੀ ਕੰਪਨੀ ਦੀ ਬੱਸ (ਪੀ.ਬੀ-07-ਏ.ਐਫ-8679) ਨੇ ਹਰਿਆਣਾ ਥਾਣੇ ਤੋਂ ਥੋੜ੍ਹੀ ਦੂਰ ਹੀਰੋ ਸਪਲੈਂਡਰ ਮੋਟਰ ਸਾਈਕਲ ਨੂੰ ਲਪੇਟ ਵਿੱਚ ਲੈ ਲਿਆ, ਜਿਸ ਦੇ ਸਿੱਟੇ ਵਜੋਂ ਮੰਗਤ ਰਾਮ (46) ਵਾਸੀ ਰਾਓਵਾਲ ਅਤੇ ਬਲਵੀਰ ਸਿੰਘ (55) ਵਾਸੀ ਭੁਲਾਣਾ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਹ ਦੋਵੇਂ ਪਲੰਬਿੰਗ ਦਾ ਕੰਮ ਕਰਦੇ ਸਨ ਅਤੇ ਹਰਿਆਣਾ ਆਏ ਹੋਏ ਸਨ। ਜਿਉਂ ਹੀ ਉਹ ਪੈਟਰੋਲ ਪੰਪ ਤੋਂ ਪੈਟਰੋਲ ਪੁਆ ਕੇ ਨਿਕਲੇ ਤਾਂ ਮੁੱਖ ਸੜਕ ’ਤੇ ਆ ਰਹੀ ਤੇਜ਼ ਰਫ਼ਤਾਰ ਬੱਸ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਬੱਸ ਬੇਕਾਬੂ ਹੋ ਕੇ ਖੇਤਾਂ ਵਿੱਚ ਉਲਟ ਗਈ। ਬੱਸ ਵਿੱਚ ਸਵਾਰ ਕਈ ਸਵਾਰੀਆਂ ਜ਼ਖ਼ਮੀ ਹੋ ਗਈਆਂ, ਜਿਨ੍ਹਾਂ ਨੂੰ ਹਰਿਆਣਾ ਤੇ ਹੁਸ਼ਿਆਰਪੁਰ ਦੇ ਸਿਵਲ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ।

ਹਾਦਸੇ ਤੋਂ ਬਾਅਦ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਤੇ ਇਲਾਕੇ ਦੇ ਲੋਕਾਂ ਨੇ ਕੁਝ ਸਮੇਂ ਲਈ ਮੁੱਖ ਮਾਰਗ ’ਤੇ ਜਾਮ ਲਾਇਆ ਅਤੇ ਡਰਾਈਵਰ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਲੋਕਾਂ ਦੇ ਰੋਹ ਨੂੰ ਵੇਖਦਿਆਂ ਪੁਲੀਸ ਨੇ ਡਰਾਈਵਰ ਅਜੈ ਕੁਮਾਰ ਖ਼ਿਲਾਫ਼ ਕੇਸ ਦਰਜ ਕਰ ਲਿਆ ਪਰ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਥਾਣਾ ਹਰਿਆਣਾ ਦੇ ਮੁਖੀ ਮਨਜੀਤ ਸਿੰਘ ਨੇ ਕਿਹਾ ਕਿ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ ਸੀ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਵਿੱਚ ਸਿੱਖ ਘੱਟ ਤੇ ਗੁਰਦੁਆਰੇ ਵੱਧ : ਪ੍ਰੋ. ਮਿਹਰਬਾਨ ਸਿੰਘ

## *ਡੇਰਿਆਂ ਦੀ ਵਧਦੀ ਗਿਣਤੀ ਨੇ ਸਮਾਜ ਨੂੰ ਵੰਡਿਆ*

**ਚੰਡੀਗੜ੍ਹ/ਬਿਊਰੋ ਨਿਊਜ਼ :** ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੇ ਪ੍ਰੋਫੈਸਰ ਡਾ. ਮਿਹਰਬਾਨ ਸਿੰਘ ਨੇ 'ਗੁਰਦੁਆਰਾ : ਧਾਰਨਾ ਤੇ ਅਮਲ' ਵਿਸ਼ੇ 'ਤੇ ਕਰਵਾਏ ਸੈਮੀਨਾਰ ਦੌਰਾਨ ਕਿਹਾ ਕਿ ਪੰਜਾਬ ਵਿਚ ਸਿੱਖ ਘਟ ਰਹੇ ਹਨ ਤੇ ਗੁਰਦੁਆਰਿਆਂ ਦੀ ਗਿਣਤੀ ਵਧ ਰਹੀ ਹੈ। ਡੇਰਿਆਂ ਦੀ ਵਧਦੀ ਗਿਣਤੀ ਨੇ ਸਮਾਜ ਨੂੰ ਵੰਡ ਦਿੱਤਾ ਹੈ। ਇਹ ਗੱਲ ਉਨ੍ਹਾਂ ਗੁਰਦੁਆਰਿਆਂ 'ਤੇ ਕੀਤੀ ਆਪਣੀ ਖੋਜ ਦਾ ਹਵਾਲਾ ਦਿੰਦਿਆਂ ਕਿਹਾ ਕਿ ਅੰਮ੍ਰਿਤਸਰ ਤੇ ਜਲੰਧਰ ਜ਼ਿਲ੍ਹੇ ਵਿਚ ਹਰ 650 ਸਿੱਖਾਂ ਮਗਰ ਇਕ ਗੁਰਦੁਆਰਾ ਹੈ। ਇਕੱਲੇ ਅੰਮ੍ਰਿਤਸਰ ਵਿਚ ਹੀ 552 ਅਣਇਤਿਹਾਸਕ ਗੁਰਦੁਆਰੇ ਹਨ। ਅੰਮ੍ਰਿਤਸਰ ਸ਼ਹਿਰ ਵਿਚ ਹਰ 2 ਕਿਲੋਮੀਟਰ ਦੀ ਦੂਰੀ ਤੋਂ ਬਾਅਦ ਗੁਰਦੁਆਰਾ ਸਥਿਤ ਹੈ। ਆਉਣ ਵਾਲੇ ਸਾਲਾਂ ਵਿਚ ਇਨ੍ਹਾਂ ਡੇਰਿਆਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ 25 ਇਤਿਹਾਸਕ ਗੁਰਦੁਆਰੇ ਹਨ। ਇਨ੍ਹਾਂ ਤੋਂ ਬਿਨਾਂ 552 ਗੁਰਦੁਆਰੇ ਅਜਿਹੇ ਹਨ, ਜਿਨ੍ਹਾਂ ਦਾ ਕੋਈ ਇਤਿਹਾਸ ਨਹੀਂ ਹੈ। ਜਲੰਧਰ ਦੇ ਕਈ ਅਜਿਹੇ ਪਿੰਡ ਹਨ ਜਿਥੇ ਲੋਕਾਂ ਨੇ ਆਪਣੇ ਨਿੱਜੀ ਗੁਰਦੁਆਰੇ ਬਣਾਏ ਹੋਏ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਪਰਿਵਾਰ ਦੇ ਲੋਕ ਹੀ ਜਾਂਦੇ ਹਨ। ਜਲੰਧਰ ਦੇ 57 ਪਿੰਡਾਂ ਵਿਚ 87 ਗੁਰਦੁਆਰੇ ਹਨ। ਇਨ੍ਹਾਂ ਵਿਚੋਂ 39.24 ਫ਼ੀਸਦੀ ਸਿੰਘ ਸਭਾ ਗੁਰਦੁਆਰੇ ਹਨ। 22.78 ਫ਼ੀਸਦੀ ਗੁਰਦੁਆਰਿਆਂ 'ਤੇ ਜੱਟ ਬਰਾਦਰੀ ਦਾ ਕਬਜ਼ਾ ਹੈ ਜਦਕਿ 16.46 ਫ਼ੀਸਦੀ ਗੁਰਦੁਆਰੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਹਨ। 1.28 ਗੁਰਦੁਆਰੇ ਲੋਕਾਂ ਦੀ ਨਿੱਜੀ ਜਾਇਦਾਦ ਹਨ। ਸਿਰਫ਼ 3.79 ਫ਼ੀਸਦੀ ਹੀ ਇਤਿਹਾਸਕ ਗੁਰੂਦੁਆਰੇ ਹਨ। ਪ੍ਰੋਫੈਸਰ ਡਾ. ਮਿਹਰਬਾਨ ਸਿੰਘ ਨੇ ਅੰਮ੍ਰਿਤਸਰ ਵਿਚ ਗੁਰਦੁਆਰਿਆਂ 'ਤੇ ਕੀਤੀ ਖੋਜ ਦਾ ਜ਼ਿਕਰ 'ਸਿੱਖ ਮਾਡਲ ਆਫ਼ ਐਜੂਕੇਸ਼ਨ ਫ਼ਾਰ ਕੰਪਲੀਟ ਲਰਨਿੰਗ, ਰੋਲ ਆਫ਼ ਗੁਰਦੁਆਰਾ' ਕਿਤਾਬ ਵਿਚ ਕੀਤਾ ਹੈ। ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੇ ਪ੍ਰਧਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਪੰਜਾਬ ਵਿਚ ਡੇਰਿਆਂ ਦੀ ਵਧ ਰਹੀ ਗਿਣਤੀ ਨੇ ਸਿੱਖਾਂ ਨੂੰ ਵੰਡਣ ਦੇ ਨਾਲ ਸਿੱਖੀ ਸਿਧਾਂਤਾਂ ਨੂੰ ਵੀ ਖੋਰਾ ਲਾਇਆ ਹੈ। ਗੁਰੂ ਗ੍ਰੰਥ ਸਾਹਿਬ ਸਮਾਜ ਨੂੰ ਇਕੱਠਾ ਕਰਨ ਵਾਲਾ ਗ੍ਰੰਥ ਹੈ ਪਰ ਗੁਰਦੁਆਰਿਆਂ ਨੇ ਸਿੱਖ ਸੰਗਤਾਂ ਨੂੰ ਵੰਡਿਆ ਹੈ। ਡੇਰਿਆਂ ਦੀ ਵਧਦੀ ਗਿਣਤੀ ਸਿੱਖਾਂ ਵਾਸਤੇ ਖ਼ਤਰਨਾਕ ਹੈ। ਉਨ੍ਹਾਂ ਲੋਕਾਂ ਨੂੰ ਇਸ ਕੁਰੀਤੀ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕੀਤੀ। ਸੈਮੀਨਾਰ ਦੌਰਾਨ ਸਿੱਖ ਵਿਦਵਾਨਾਂ ਤੇ ਸਿੱਖ ਚਿੰਤਕਾਂ ਨੇ ਗੁਰੂਦੁਆਰਿਆਂ ਵਿਚ ਲੱਗੇ ਚਿੱਤਰਾਂ ਤੇ ਤਸਵੀਰਾਂ ਨੂੰ ਹਟਾਉਣ ਦਾ ਹੋਕਾ ਦਿੱਤਾ।




# ਨਵਾਡਾ ਦੇ ਬਲਵਿੰਦਰ ਨੇ ਅਤਿਵਾਦੀ ਸਾਜ਼ਿਸ਼ ਰਚਣ ਦਾ ਗੁਨਾਹ ਕਬੂਲਿਆ

**ਨਵਾਡਾ/ਬਿਊਰੋ ਨਿਊਜ਼ :** ਅਮਰੀਕਾ ਵਿੱਚ ਸ਼ਰਨ ਲੈਣ ਵਾਲੇ 42 ਸਾਲ ਦੇ ਇਕ ਭਾਰਤੀ ਵਿਅਕਤੀ ਨੇ ਖਾੜਕੂਆਂ ਦੀ ਕਥਿਤ ਤੌਰ 'ਤੇ ਮਦਦ ਕਰਕੇ ਭਾਰਤ ਵਿੱਚ ਅਤਿਵਾਦੀ ਸਾਜ਼ਿਸ਼ ਰਚਣ ਦਾ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਇਸ ਜੁਰਮ ਲਈ ਉਸ ਨੂੰ 15 ਸਾਲ ਦੀ ਫੈਡਰਲ ਜੇਲ੍ਹ ਹੋ ਸਕਦੀ ਹੈ ਤੇ ਰਿਹਾਈ ਮਗਰੋਂ ਉਸ ਨੂੰ ਭਾਰਤ ਡਿਪੋਰਟ ਕੀਤਾ ਜਾ ਸਕਦਾ ਹੈ। ਅਮਰੀਕਾ ਵਿੱਚ ਕਾਰਜਕਾਰੀ ਸਹਾਇਕ ਅਟਾਰਨੀ ਜਨਰਲ ਫਾਰ ਨੈਸ਼ਨਲ ਸਕਿਉਰਿਟੀ ਮੈਰੀ ਮੈਕੋਰਡ ਨੇ ਦੱਸਿਆ ਕਿ ਨਵਾਡਾ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਨੇ ਯੂ.ਐਸ. ਡਿਸਟ੍ਰਿਕ ਜੱਜ ਲੈਰੀ ਹਿਕਸ ਸਾਹਮਣੇ ਅਤਿਵਾਦੀਆਂ ਨੂੰ ਸਹਿਯੋਗ ਸਮੱਗਰੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸਾਜ਼ਿਸ਼ ਰਚਣ ਦਾ ਆਪਣਾ ਗੁਨਾਹ ਕਬੂਲ ਕਰ ਲਿਆ। ਬਲਵਿੰਦਰ ਜਾਣਦਾ ਸੀ ਕਿ ਉਸ ਦੀ ਮਦਦ ਨਾਲ ਵਿਦੇਸ਼ ਵਿੱਚ ਅਤਿਵਾਦੀ ਹਮਲਿਆਂ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਮੈਰੀ ਨੇ ਕਿਹਾ, 'ਬਲਵਿੰਦਰ ਨੇ ਵਿਦੇਸ਼ ਵਿੱਚ ਹਿੰਸਾ ਤੇ ਦਹਿਸ਼ਤ ਦੇ ਮਕਸਦ ਨਾਲ ਅਤਿਵਾਦੀਆਂ ਨੂੰ ਸਹਿਯੋਗੀ ਸਮੱਗਰੀ ਤੇ ਵਸੀਲੇ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ। ਕੌਮਾਂਤਰੀ ਅਤਿਵਾਦ ਵਿੱਚ ਸ਼ਾਮਲ ਵਿਅਕਤੀ ਦੀ ਪਛਾਣ, ਉਸ ਨੂੰ ਰੋਕਣਾ ਤੇ ਇਸ ਲਈ ਜ਼ਿੰਮੇਵਾਰ ਕਰਾਰ ਦੇਣਾ ਅਮਰੀਕੀ ਨਿਆਂ ਵਿਭਾਗ ਦਾ ਪਹਿਲਾ ਕੰਮ ਹੈ।' ਬਲਵਿੰਦਰ ਸਿੰਘ ਨੂੰ 20 13 ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ ਤੇ ਗ੍ਰਿਫ਼ਤਾਰੀ ਤੋਂ ਬਾਅਦ ਉਸ ਉਪਰ ਦੋਸ਼ ਆਇਦ ਕੀਤੇ ਗਏ ਸਨ। ਉਸ ਨੂੰ ਕਾਨੂੰਨੀ ਤੌਰ 'ਤੇ ਵੱਧ ਤੋਂ ਵੱਧ 15 ਸਾਲ ਦੀ ਜੇਲ੍ਹ ਤੇ ਰਿਹਾਈ ਤੋਂ ਬਾਅਦ ਦੇਸ਼ ਤੋਂ ਬਾਹਰ ਭੇਜਣ ਦੀ ਸਜ਼ਾ ਹੋ ਸਕਦੀ ਹੈ। ਉਸ ਨੂੰ ਸਜ਼ਾ 27 ਫਰਵਰੀ ਨੂੰ ਸੁਣਾਈ ਜਾਵੇਗੀ। ਬਲਵਿੰਦਰ ਸਿੰਘ ਦੇ ਵਕੀਲ ਮਾਈਕਲ ਕੈਨੇਡੀ ਨੇ ਕਿਹਾ ਕਿ ਪਟੀਸ਼ਨ ਜੱਜ ਹਿਕਸ ਦੀ ਪ੍ਰਵਾਨਗੀ 'ਤੇ ਨਿਰਭਰ ਕਰਦਾ ਹੈ ਕਿ ਇਸ ਦੋਸ਼ ਲਈ ਉਸ ਨੂੰ ਕਿੰਨੀ ਸਜ਼ਾ ਮਿਲਦੀ ਹੈ ਜਾਂ ਬਰਖ਼ਾਸਤਗੀ ਹੁੰਦੀ ਹੈ। ਇਸੇ ਦੌਰਾਨ ਬਲਵਿੰਦਰ ਸਿੰਘ ਦੇ



ਵਕੀਲ ਨੇ ਮੰਗ ਕੀਤੀ ਹੈ ਕਿ ਉਸ ਨੂੰ ਤਸੀਹੇ ਦੇਣ ਦੇ ਡਰੋਂ ਇੰਡੀਆ ਨਾ ਭੇਜਿਆ ਜਾਵੇ। ਇਸੇ ਦੌਰਾਨ ਖ਼ੁਫ਼ੀਆ ਏਜੰਸੀਆਂ ਵਲੋਂ ਉਨ੍ਹਾਂ ਉਪਰ ਗ਼ਲਤ ਜਾਣਕਾਰੀ ਦੇਣ ਦਾ ਵੀ ਦੋਸ਼ ਲਾਇਆ ਗਿਆ ਹੈ। ਨਵਾਡਾ ਵਿਚ ਅਮਰੀਕੀ ਅਟਾਰਨੀ ਦਾਨੀਏਲ ਜੀ ਬੋਗਡਨ, ਐਫ.ਬੀ.ਆਈ. ਏਜੰਟ ਏਰੋਨ ਰਾਉਸੇ ਤੇ ਉਚ ਯੂ.ਐਸ. ਡਿਪਾਰਟਮੈਂਟ ਆਫ਼ ਜਸਟਿਸ ਦੇ ਅਧਿਕਾਰੀ ਮੇਰੀ ਮਕੋਰਡ ਨੇ ਇਕ ਬਿਆਨ ਵਿਚ ਕਿਹਾ ਕਿ ਸਿੰਘ ਨੇ ਮੰਨਿਆ ਕਿ ਉਸ ਨੇ 2013 ਵਿਚ ਅਤਿਵਾਦੀ ਸਾਜ਼ਿਸ਼ ਰਚੀ ਸੀ। ਏਜੰਸੀਆਂ ਦਾ ਕਹਿਣਾ ਹੈ ਕਿ ਬਲਵਿੰਦਰ ਸਿੰਘ ਆਪਣੇ ਕਈ ਨਾਂ ਬਲਜੀਤ ਸਿੰਘ, ਝੱਜ, ਹੈਪੀ ਤੇ ਪੋਸੀ ਵਰਤ ਕੇ ਵਿਚਰਦਾ ਰਿਹਾ ਹੈ। ਉਸ ਨੂੰ ਰੇਨੋ, ਨਵਾਡਾ ਵਿਚ ਦਸੰਬਰ 2013 ਵਿਚ ਉਸ ਦੀ ਗ੍ਰਿਫ਼ਤਾਰੀ ਮਗਰੋਂ ਫ਼ੈਡਰਲ ਹਿਰਾਸਤ ਵਿਚ ਰੱਖਿਆ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਨੇ ਝੂਠੇ ਪਛਾਣ ਪੱਤਰ ਵਰਤ ਕੇ ਸਾਨ ਫਰਾਂਸਿਸਕੋ ਵਿਚ ਸ਼ਰਨ ਪ੍ਰਾਪਤ ਕੀਤੀ ਸੀ ਤੇ ਉਸ ਨੂੰ 1999 ਵਿਚ ਗਰੀਨ ਕਾਰਡ ਵੀ ਮਿਲਿਆ। ਅਧਿਆਕਰੀਆਂ ਦਾ ਇਹ ਵੀ ਕਹਿਣਾ ਹੈ ਕਿ ਉਸ ਦੀ ਗ੍ਰਿਫ਼ਤਾਰੀ ਉਸ ਸਮੇਂ ਹੋਈ ਜਦੋਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਅਤੇ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਦੋ ਗਰੁੱਪ ਜੋ ਕਿ ਖ਼ਾਲਿਸਤਾਨ ਲਈ ਵੱਖਰੇ ਆਜ਼ਾਦ ਸਿੱਖ ਰਾਜ ਲਈ ਜਦੋ-ਜਹਿਦ ਕਰ ਰਹੇ ਹਨ। ਸਿੰਸ਼ ਦੀ ਟੈਲੀਫ਼ੋਨ 'ਤੇ ਕਿਸੇ ਅਣਜਾਣ ਬੰਦੇ ਨੂੰ ਪੈਸੇ ਦੇ ਕੇ ਹਥਿਆਰ ਖ਼ਰੀਦਣ ਦੀ ਵਾਰਤਾਲਾਪ ਵੀ ਅਧਿਕਾਰੀਆਂ ਕੋਲ ਮੌਜੂਦ ਹੈ। ਨਵਾਡਾ ਦੀ ਐਫ.ਬੀ.ਆਈ. ਤੇ ਹੋਰ ਏਜੰਸੀਆਂ ਇਸ ਕੇਸ ਦੀ ਪੈਰਵਾਈ ਕਰ ਰਹੀਆਂ ਹਨ। ਉਸ ਨੇ ਸਾਨ ਫਰਾਂਸਿਸਕੋ ਵਿੱਚ ਜਾਅਲੀ ਪਛਾਣ ਦੇ ਕੇ ਸ਼ਰਨ ਮੰਗੀ ਸੀ। ਉਸ ਨੇ ਰਾਤ ਨੂੰ ਦੇਖ ਸਕਣ ਵਾਲੀਆਂ ਦੋ ਐਨਕਾਂ ਖਰੀਦੀਆਂ ਸਨ ਤੇ ਉਹ ਆਪਣੇ ਇਕ ਹੋਰ ਸਾਥੀ ਨੂੰ ਦੇ ਦਿੱਤੀਆਂ, ਜਿਸ ਨੇ ਭਾਰਤ ਜਾ ਕੇ ਅਤਿਵਾਦੀ ਹਮਲਾ ਕਰਨਾ ਸੀ। ਦਸੰਬਰ 2013 ਵਿੱਚ ਉਹ ਵਿਅਕਤੀ ਸਾਨ ਫਰਾਂਸਿਸਕੋ ਤੋਂ ਥਾਈਲੈਂਡ ਲਈ ਜਹਾਜ਼ ਚੜ੍ਹਨ ਵਾਲਾ ਸੀ ਪਰ ਉਸ ਨੂੰ ਅਮਰੀਕੀ ਅਧਿਕਾਰੀਆਂ ਨੇ ਰੋਕ ਲਿਆ। ਇਸ ਕਾਰਨ ਭਾਰਤ ਵਿੱਚ ਹਮਲੇ ਦੀ ਸਾਜ਼ਿਸ਼ ਨਾਕਾਮ ਹੋ ਗਈ।










# ਗੋਲਡਨ ਗਰਲ ਰਾਜਬੀਰ ਕੌਰ ਨੇ ਫਾਈਨਾਂਸਰ ਨੂੰ ਟਿਕਟ ਦੇਣ ਦਾ ਕੀਤਾ ਵਿਰੋਧ

## ਕਿਹਾ-'ਆਪ' 'ਤੇ ਟਿਕਟਾਂ ਵੇਚਣ ਵਾਲਿਆਂ ਦਾ ਕਬਜ਼ਾ

**ਜਲੰਧਰ/ਬਿਊਰੋ ਨਿਊਜ਼ :** 'ਆਪ' ਆਗੂ ਤੇ ਭਾਰਤੀ ਹਾਕੀ ਟੀਮ ਵਿਚ 12 ਸਾਲ ਕਪਤਾਨ ਰਹੀਂ ਰਾਜਬੀਰ ਕੌਰ, ਜਿਸ ਨੂੰ ਗੋਲਡਨ ਗਰਲ ਕਰਕੇ ਵੀ ਜਾਣਿਆ ਜਾਂਦਾ ਹੈ, ਨੇ ਆਮ ਆਦਮੀ ਪਾਰਟੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪਾਰਟੀ 'ਤੇ ਉਨ੍ਹਾਂ ਲੋਕਾਂ ਦਾ ਕਬਜ਼ਾ ਹੈ, ਜਿਹੜੇ ਟਿਕਟਾਂ ਵੇਚ ਰਹੇ ਹਨ। ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਤੋਂ ਟਿਕਟ ਦੀ ਪ੍ਰਮੁੱਖ ਦਾਅਵੇਦਾਰ ਰਹੀ ਰਾਜਬੀਰ ਕੌਰ ਨੇ ਫੇਸਬੁੱਕ 'ਤੇ ਵੀ 'ਆਪ' ਖ਼ਿਲਾਫ਼ ਬਿਆਨ ਦਿੱਤੇ ਹਨ। ਸਾਬਕਾ ਹਾਕੀ ਖਿਡਾਰਨ ਰਾਜਬੀਰ ਕੌਰ ਦੇ ਸਮਰਥਕਾਂ ਨੇ 'ਆਪ' ਵੱਲੋਂ ਇਕ ਫਾਇਨਾਂਸਰ ਨੂੰ ਟਿਕਟ ਦਿੱਤੇ ਜਾਣ ਦਾ ਵਿਰੋਧ ਕੀਤਾ ਹੈ।

ਇਸੇ ਸਾਲ ਜੂਨ ਮਹੀਨੇ 'ਆਪ' ਵਿੱਚ ਸ਼ਾਮਲ ਹੋਣ ਵਾਲੀ ਰਾਜਬੀਰ ਕੌਰ ਨੇ ਦੱਸਿਆ ਕਿ ਜਦੋਂ ਉਹ ਪਾਰਟੀ ਵਿਚ ਸ਼ਾਮਲ ਹੋਈ ਸੀ ਤਾਂ ਉਸ ਦੇ ਐਸਪੀ ਪਤੀ ਗੁਰਮੇਲ ਸਿੰਘ ਨੂੰ ਪੰਜਾਬ ਸਰਕਾਰ ਨੇ ਸਮੇਂ ਤੋਂ ਪਹਿਲਾਂ ਜਬਰੀ ਸੇਵਾ ਮੁਕਤ ਕਰ ਦਿੱਤਾ ਸੀ। ਫਿਰ ਵੀ ਉਹ ਇਸ ਕਰਕੇ ਪਾਰਟੀ ਵਿੱਚ ਡਟੀ ਰਹੀ ਕਿਉਂਕਿ ਇਸ ਪਾਰਟੀ ਨੇ ਉਮੀਦ ਪੈਦਾ ਕੀਤੀ ਸੀ ਕਿ ਉਹ ਦੇਸ਼ ਨੂੰ ਸਾਫ਼ ਸੁਥਰੀ ਤੇ ਬਦਲਵੀਂ ਰਾਜਨੀਤੀ ਦੇਣ ਜਾ ਰਹੇ ਹਨ, ਪਰ ਟਿਕਟਾਂ ਵੇਚਣ ਦੇ ਮਾਮਲੇ ਵਿੱਚ 'ਆਪ' ਸਾਰੀਆਂ ਸਿਆਸੀ ਪਾਰਟੀਆਂ ਨੂੰ ਪਛਾੜ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਜਲੰਧਰ ਛਾਉਣੀ ਵਿਚ ਪਿਛਲੇ ਲੰਮੇ ਸਮੇਂ ਤੋਂ ਰਹਿ ਰਹੀ ਹੈ ਤੇ ਦੁਨੀਆ ਭਰ ਵਿਚ ਉਸ ਦੀ ਹਾਕੀ ਕਾਰਨ ਪਛਾਣ ਬਣੀ ਹੋਈ, ਪਰ ਪਾਰਟੀ ਨੇ ਉਸ ਨੂੰ ਅਣਗੌਲਿਆ ਕੀਤਾ ਹੈ।

ਇਸੇ ਤਰ੍ਹਾਂ ਕੌਮਾਂਤਰੀ ਹਾਕੀ ਖਿਡਾਰੀ ਜਗਦੀਪ ਗਿੱਲ, ਸਾਬਕਾ ਪ੍ਰਿੰਸੀਪਲ ਡਾ. ਜਸਬੀਰ ਕੌਰ ਗਿੱਲ, ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ, ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਦੇ ਸਾਬਕਾ ਪ੍ਰਧਾਨ ਆਤਮਪ੍ਰਕਾਸ਼ ਸਿੰਘ ਬਬਲੂ ਅਤੇ ਸੀਨੀਅਰ ਪੱਤਰਕਾਰ ਮੇਜਰ ਸਿੰਘ ਸਮੇਤ ਚਾਰ ਹੋਰ ਆਗੂ ਜਲੰਧਰ ਛਾਉਣੀ ਤੋਂ ਟਿਕਟ ਦੇ ਦਾਅਵੇਦਾਰ ਸਨ, ਪਰ ਇਨ੍ਹਾਂ ਨੂੰ ਅਣਗੌਲਿਆਂ ਕਰਦਿਆਂ ਪਾਰਟੀ ਵੱਲੋਂ ਇਕ ਫਾਇਨਾਂਸਰ ਐਚਐਸ ਵਾਲੀਆ ਨੂੰ ਟਿਕਟ ਦੇਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਇਨ੍ਹਾਂ ਆਗੂਆਂ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪੱਤਰ ਲਿਖ ਕੇ ਦੋ ਦਿਨ ਦਾ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਜਲੰਧਰ ਛਾਉਣੀ ਤੋਂ ਟਿਕਟ ਨਾ ਬਦਲੀ ਗਈ ਤਾਂ ਉਹ ਪਾਰਟੀ ਦੇ ਐਲਾਨੇ ਉਮੀਦਵਾਰ ਦਾ ਤਿੱਖਾ ਵਿਰੋਧ ਕਰਨਗੇ। ਰਾਜਬੀਰ ਕੌਰ ਅਤੇ ਜਗਦੀਪ ਸਿੰਘ ਗਿੱਲ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ 'ਵਰਤੋ ਤੇ ਸੁੱਟ ਦਿਓ' ਦੀ ਨੀਤੀ 'ਤੇ ਚੱਲ ਰਹੀ ਹਨ।



ਜਲੰਧਰ ਤੋਂ 'ਆਪ' ਦੀ ਟਿਕਟ ਦੇ ਦਾਅਵੇਦਾਰ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ।

### ਨੌਕਰੀਆਂ ਵੀ ਗਈਆਂ ਤੇ ਟਿਕਟ ਵੀ ਨਹੀਂ ਮਿਲੀ

'ਆਪ' ਵਿੱਚ ਸ਼ਾਮਲ ਹੋਏ ਕਈ ਆਗੂਆਂ ਨੂੰ ਆਪਣੀਆਂ ਨੌਕਰੀਆਂ ਵੀ ਛੱਡਣੀਆਂ ਪਈਆਂ ਤੇ ਟਿਕਟ ਵੀ ਨਹੀਂ ਮਿਲੀ। ਹਾਕੀ ਕੋਚ ਜਗਦੀਪ ਸਿੰਘ ਗਿੱਲ ਨੇ 'ਆਪ' ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਪੰਜਾਬ ਐਂਡ ਸਿੰਧ ਬੈਂਕ ਦੀ ਨੌਕਰੀ ਛੱਡੀ। ਸੀਨੀਅਰ ਪੱਤਰਕਾਰ ਮੇਜਰ ਸਿੰਘ ਨੇ ਵੀ ਆਪਣੇ ਪੇਸ਼ੇ ਨੂੰ ਛੱਡ ਕੇ ਹੀ 'ਆਪ' ਦਾ ਪੱਲਾ ਫੜਿਆ ਸੀ। ਰਾਜਬੀਰ ਕੌਰ ਦੇ ਪਤੀ ਗੁਰਮੇਲ ਸਿੰਘ ਨੂੰ ਪੰਜਾਬ ਸਰਕਾਰ ਨੇ ਜਬਰੀ ਸੇਵਾ ਮੁਕਤ ਕਰ ਦਿੱਤਾ ਸੀ। ਮੇਜਰ ਸਿੰਘ ਨੇ ਦੱਸਿਆ ਕਿ ਅਰਵਿੰਦ ਕੇਜਰੀਵਾਲ ਨੇ ਖ਼ੁਦ ਉਨ੍ਹਾਂ ਨੂੰ ਜਲੰਧਰ ਛਾਉਣੀ ਤੋਂ ਚੋਣ ਲੜਨ ਲਈ ਕਿਹਾ ਸੀ ਤੇ ਬਾਅਦ ਵਿੱਚ ਪਾਰਟੀ ਦੀ 12 ਮੈਂਬਰੀ ਪ੍ਰਚਾਰ ਕਮੇਟੀ ਨੇ ਵੀ ਉਨ੍ਹਾਂ ਨੂੰ ਇਸੇ ਹਲਕੇ ਤੋਂ ਚੋਣ ਲੜਨ ਦੀ ਹਾਮੀ ਭਰੀ ਸੀ, ਪਰ ਪਰਗਟ ਸਿੰਘ ਦੇ 'ਆਪ' ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਦੇਖਦਿਆਂ ਸੰਜੇ ਸਿੰਘ ਨੇ ਉਨ੍ਹਾਂ ਨੂੰ ਚੋਣ ਨਾ ਲੜਨ ਲਈ ਕਹਿ ਦਿੱਤਾ ਸੀ। ਮੇਜਰ ਸਿੰਘ ਨੇ ਦੋਸ਼ ਲਾਇਆ ਕਿ 'ਆਪ' ਵਿਚ ਵੱਡੇ ਸਾਜ਼ਿਸ਼ਕਾਰੀ ਸ਼ਾਮਲ ਹਨ ਜਿਹੜੇ ਫ਼ੈਸਲਿਆਂ ਬਾਰੇ ਪਤਾ ਨਹੀਂ ਲੱਗਣ ਦਿੰਦੇ।

## 'ਆਪ' ਦੇ ਸੰਗਰੂਰ ਤੋਂ ਉਮੀਦਵਾਰ ਦਿਨੇਸ਼ ਬਾਂਸਲ ਦਾ ਪਾਰਟੀ ਵਰਕਰਾਂ ਵਲੋਂ ਵਿਰੋਧ

**ਸੰਗਰੂਰ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ ਵੱਲੋਂ ਸੰਗਰੂਰ ਵਿਧਾਨ ਸਭਾ ਹਲਕੇ ਤੋਂ ਦਿਨੇਸ਼ ਬਾਂਸਲ ਨੂੰ ਉਮੀਦਵਾਰ ਬਣਾਇਆ ਗਿਆ ਹੈ ਪਰ ਪਾਰਟੀ ਦੇ ਇਸ ਫ਼ੈਸਲੇ ਨਾਲ 'ਆਪ' ਦੀ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਪ੍ਰੇਸ਼ਾਨ ਹਨ। ਪਾਰਟੀ ਉਮੀਦਵਾਰ ਸ੍ਰੀ ਬਾਂਸਲ ਵੱਲੋਂ ਬੁਲਾਈ ਪ੍ਰੈੱਸ ਕਾਨਫਰੰਸ ਦੌਰਾਨ ਟਿਕਟ ਦੇ ਪ੍ਰਮੁੱਖ ਦਾਅਵੇਦਾਰਾਂ ਵਿੱਚ ਸ਼ਾਮਲ ਆਗੂਆਂ ਵਿੱਚੋਂ ਕੋਈ ਵੀ ਹਾਜ਼ਰ ਨਹੀਂ ਹੋਇਆ, ਸਗੋਂ ਵੱਖਰੇ ਤੌਰ 'ਤੇ ਮੀਟਿੰਗ ਕਰਕੇ ਪਾਰਟੀ ਦੇ ਫ਼ੈਸਲੇ ਉਪਰ ਰੋਸ ਪ੍ਰਗਟ ਕੀਤਾ ਗਿਆ। ਇਸ ਤੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਟਿਕਟ ਫ਼ੈਸਲੇ ਬਾਰੇ ਇਸ ਹਲਕੇ ਦੇ ਆਗੂਆਂ ਵਿੱਚ "ਸਭ ਅੱਛਾ ਨਹੀਂ" ਹੈ। ਉਧਰ ਸੋਸ਼ਲ ਮੀਡੀਆ 'ਤੇ ਵੀ ਦਿਨੇਸ਼ ਬਾਂਸਲ ਨੂੰ ਉਮੀਦਵਾਰ ਬਣਾਉਣ ਬਾਰੇ ਹੈਰਾਨਗੀ ਪ੍ਰਗਟ ਕੀਤੀ ਜਾ ਰਹੀ ਹੈ।

ਇੱਥੇ ਰਣਬੀਰ ਕਲੱਬ ਵਿੱਚ ਬੁਲਾਈ ਪਲੇਠੀ ਪ੍ਰੈੱਸ ਕਾਨਫਰੰਸ ਦੌਰਾਨ 'ਆਪ' ਉਮੀਦਵਾਰ ਦਿਨੇਸ਼ ਬਾਂਸਲ ਨੇ ਕਿਹਾ ਹੈ ਕਿ ਸੰਗਰੂਰ ਹਲਕੇ ਵਿੱਚ ਪਾਰਟੀ ਪੂਰੀ ਤਰ੍ਹਾਂ ਇੱਕਜੁੱਟ ਹੈ ਅਤੇ ਟਿਕਟ ਦੇ ਸਾਰੇ ਪ੍ਰਮੁੱਖ ਦਾਅਵੇਦਾਰ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦਵਾਰ ਬਣਾਉਣਾ ਪਾਰਟੀ ਵਾਲੰਟੀਅਰਾਂ ਦੀ ਜਿੱਤ ਹੈ ਅਤੇ ਪਾਰਟੀ 'ਤੇ ਤੋਹਮਤਾਂ ਲਾਉਣ ਵਾਲਿਆਂ ਲਈ ਇਹ ਜਵਾਬ ਹੈ ਕਿ ਵਾਲੰਟੀਅਰਾਂ ਨੂੰ ਵੀ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ। ਸ੍ਰੀ ਬਾਂਸਲ ਨੇ ਕਿਹਾ ਕਿ ਭਾਵੇਂ ਉਹ ਰਾਜਨੀਤੀ ਵਿੱਚ ਨਵੇਂ ਹਨ ਪਰ ਲੋਕ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦਾ ਕੋਈ ਰਾਜਨੀਤਕ ਪਿਛੋਕੜ ਨਹੀਂ ਹੈ ਅਤੇ ਰਾਜਨੀਤੀ ਉਨ੍ਹਾਂ ਲਈ ਨਵੀਂ ਚੁਣੌਤੀ ਹੈ। ਇਸ ਮੌਕੇ ਪਾਰਟੀ ਆਗੂ ਡਾ. ਏ. ਐਸ.ਮਾਨ ਨੇ ਦੱਸਿਆ ਕਿ ਦਿਨੇਸ਼ ਬਾਂਸਲ ਦਸੰਬਰ-2013 ਵਿੱਚ ਪਾਰਟੀ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਖ਼ੁਸ਼ੀ ਪ੍ਰਗਟ ਕੀਤੀ ਕਿ ਪਾਰਟੀ ਨੇ ਮਿਹਨਤੀ ਵਰਕਰ ਨੂੰ ਟਿਕਟ ਦਿੱਤੀ ਗਈ ਹੈ। ਉਧਰ ਸੰਗਰੂਰ ਹਲਕੇ ਤੋਂ ਪਾਰਟੀ ਟਿਕਟ ਦੇ ਦਾਅਵੇਦਾਰਾਂ ਵਿੱਚ ਸ਼ਾਮਲ ਪ੍ਰਮੁੱਖ ਆਗੂ ਪ੍ਰਿੰਸੀਪਲ ਗੁਰਦੇਵ ਸਿੰਘ, ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ, ਬਚਨ ਬੇਦਿਲ, ਰਣਬੀਰ ਸਿੰਘ ਢੀਂਡਸਾ, ਵਿਜੇ ਗੁਪਤਾ, ਡਾ. ਅਮਨਦੀਪ ਕੌਰ ਗੋਸਲ, ਹਰਵਿੰਦਰ ਸਿੰਘ ਸੇਖੋਂ, ਹਰਪ੍ਰੀਤ ਬਾਜਵਾ ਤੇ ਅਵਤਾਰ ਸਿੰਘ ਈਲਵਾਲ ਪਾਰਟੀ ਉਮੀਦਵਾਰ ਦਿਨੇਸ਼ ਬਾਂਸਲ ਦੀ ਪ੍ਰੈੱਸ ਕਾਨਫਰੰਸ ਵਿਚੋਂ ਗ਼ੈਰਹਾਜ਼ਰ ਸਨ।

ਜਾਣਕਾਰੀ ਅਨੁਸਾਰ ਟਿਕਟ ਦੇ ਪ੍ਰਮੁੱਖ ਦਾਅਵੇਦਾਰਾਂ ਵਿੱਚ ਸ਼ਾਮਲ ਬਹੁਗਿਣਤੀ ਆਗੂਆਂ ਅਤੇ ਪਾਰਟੀ ਦੇ ਬਹੁਗਿਣਤੀ ਸਰਕਲ ਇੰਚਾਰਜਾਂ ਨੇ ਇੱਥੇ ਬਨਾਸਰ ਬਾਗ਼ ਵਿੱਚ ਮੀਟਿੰਗ ਕਰਕੇ ਉਮੀਦਵਾਰ ਬਾਰੇ ਪਾਰਟੀ ਦੇ ਫ਼ੈਸਲੇ ਉਪਰ ਰੋਸ ਪ੍ਰਗਟ ਕੀਤਾ ਅਤੇ ਅਗਲੀ ਸਿਆਸੀ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪਤਾ ਲੱਗਿਆ ਹੈ ਕਿ ਟਿਕਟ ਦੇ ਦਾਅਵੇਦਾਰਾਂ ਵਿੱਚ ਸ਼ਾਮਲ ਆਗੂਆਂ ਅਤੇ ਸਰਕਲ ਇੰਚਾਰਜਾਂ ਨੇ ਪਾਰਟੀ ਹਾਈ ਕਮਾਨ ਅੱਗੇ ਆਪਣਾ ਪੱਖ ਰੱਖਣ ਦਾ ਫ਼ੈਸਲਾ ਕੀਤਾ ਹੈ। ਮੀਟਿੰਗ ਵਿੱਚ ਸ਼ਾਮਲ ਕਈ ਆਗੂਆਂ ਨੇ ਪਾਰਟੀ ਉਮੀਦਵਾਰ ਦੇ ਫ਼ੈਸਲੇ ਖ਼ਿਲਾਫ਼ ਰੋਸ ਪ੍ਰਗਟ ਕਰਨ ਦੀ ਪੁਸ਼ਟੀ ਕੀਤੀ ਹੈ।

# 'ਆਪ' 'ਚ ਬਗ਼ਾਵਤ ਹੋਈ ਤੇਜ਼, ਵਾਲੰਟੀਅਰਾਂ ਨੇ ਟਿਕਟਾਂ ਬਦਲਣ ਲਈ ਕੇਜਰੀਵਾਲ ਨੂੰ ਦਿੱਤਾ ਅਲਟੀਮੇਟਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਵਾਲੰਟੀਅਰਾਂ ਅਤੇ ਆਗੂਆਂ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ 48 ਘੰਟਿਆਂ ਵਿੱਚ 'ਸੇਲ' ਕੀਤੀਆਂ 59 ਟਿਕਟਾਂ ਬਦਲਣ ਦਾ ਅਲਟੀਮੇਟਮ ਦਿੱਤਾ ਹੈ। ਵਾਲੰਟੀਅਰਾਂ ਨੇ ਬਦਲੀਆਂ ਜਾਣ ਵਾਲੀਆਂ 59 ਸੀਟਾਂ ਦੀ ਸੂਚੀ ਵੀ ਜਾਰੀ ਕੀਤੀ ਜਿਸ ਵਿਚ ਸਾਹਨੇਵਾਲ, ਬਾਘਾਪੁਰਾਣਾ, ਮੁਹਾਲੀ, ਗਿੱਦੜਬਾਹਾ, ਰਾਜਾਸਾਂਸੀ, ਬਠਿੰਡਾ ਸ਼ਹਿਰੀ, ਤਲਵੰਡੀ ਸਾਬੋ, ਖੰਨਾ, ਨਵਾਂ ਸ਼ਹਿਰ, ਖਰੜ, ਮੋਗਾ, ਧਰਮਕੋਟ, ਨਕੋਦਰ ਵਗੈਰਾ ਸ਼ਾਮਲ ਹਨ। ਵਾਲੰਟੀਅਰਾਂ ਨੇ ਇਨ੍ਹਾਂ ਵਿੱਚੋਂ 32 ਸੀਟਾਂ 'ਤੇ ਆਪਣੇ ਵੱਲੋਂ ਉਮੀਦਵਾਰਾਂ ਦੇ ਨਾਂ ਵੀ ਤਜਵੀਜ਼ ਕੀਤੇ ਹਨ।

ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਪਾਰਟੀ ਵਾਲੰਟੀਅਰਾਂ ਅਤੇ ਆਗੂਆਂ ਨੇ ਇਥੇ ਪ੍ਰੈੱਸ ਕਾਨਫਰੰਸ ਕਰਕੇ ਦੋਸ਼ ਲਾਇਆ ਕਿ ਪਾਰਟੀ ਵੱਲੋਂ ਹੁਣ ਤਕ ਐਲਾਨੇ 91 ਉਮੀਦਵਾਰਾਂ ਵਿੱਚੋਂ 65 ਫ਼ੀਸਦ ਉਮੀਦਵਾਰਾਂ (59) ਨੂੰ ਕਥਿਤ ਟਿਕਟਾਂ ਵੇਚੀਆਂ ਗਈਆਂ ਹਨ। 'ਆਪ' ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿੱਚ ਸ਼ਾਮਲ ਹਰਿਆਣਾ ਬਿਜਲੀ ਬੋਰਡ ਦੇ ਸਾਬਕਾ ਮੁੱਖ ਇੰਜਨੀਅਰ ਕਾਬਲ ਸਿੰਘ ਕੁਲਾਰ, ਪੰਜਾਬ ਪੁਲੀਸ ਵਿਚੋਂ ਡੀਆਈਜੀ ਸੇਵਾਮੁਕਤ ਦਰਸ਼ਨ ਸਿੰਘ ਮਹਿਮੀ, ਕਿਸਾਨ ਵਿੰਗ ਖਡੂਰ ਸਾਹਿਬ ਦੇ ਜ਼ੋਨਲ ਇੰਚਾਰਜ ਡਾ. ਹਰਿੰਦਰ ਸਿੰਘ ਜ਼ੀਰਾ, ਜੰਡਿਆਲਾ ਗੁਰੂ ਦੇ ਜ਼ੋਨ ਕੋਆਰਡੀਨੇਟਰ ਗੁਪਤੇਸ਼ਵਰ ਬਾਵਾ ਸਮੇਤ ਦਰਜਨਾਂ ਵਾਲੰਟੀਅਰਾਂ ਨੇ ਦੋਸ਼ ਲਾਇਆ ਕਿ ਦਿੱਲੀ ਦੀ ਟੀਮ ਨੇ ਪੰਜਾਬੀਆਂ ਦਾ ਰੱਜ ਕੇ ਸ਼ੋਸ਼ਣ ਕੀਤਾ ਅਤੇ ਵਾਲੰਟੀਅਰਾਂ ਦੀ ਖ਼ੂਨ-ਪਸੀਨੇ ਦੀ ਮਿਹਨਤ ਦਾ ਨੋਟਾਂ ਬਦਲੇ ਟਿਕਟਾਂ ਵੰਡ ਕੇ ਮੁੱਲ ਵੱਟਿਆ ਹੈ। ਉਨ੍ਹਾਂ ਸ੍ਰੀ ਕੇਜਰੀਵਾਲ ਨੂੰ 48 ਘੰਟੇ ਦਾ ਅਲਟੀਮੇਟਮ ਦੇ ਕੇ ਪੰਜ ਮੰਗਾਂ ਪ੍ਰਵਾਨ ਕਰਨ ਲਈ ਆਖਿਆ ਹੈ। ਇਨ੍ਹਾਂ ਮੰਗਾਂ ਵਿੱਚ 'ਸੇਲ' ਕੀਤੀਆਂ 59 ਟਿਕਟਾਂ ਵਾਪਸ ਲੈ ਕੇ ਵਾਲੰਟੀਅਰਾਂ ਨੂੰ ਦੇਣ, ਦਿੱਲੀ ਦੀ ਤਿੱਕੜੀ ਸੰਜੇ ਸਿੰਘ, ਦੁਰਗੇਸ਼ ਪਾਠਕ ਤੇ ਜਰਨੈਲ ਸਿੰਘ ਨੂੰ ਵਾਪਸ ਸੱਦ ਕੇ ਕਮਾਂਡ ਪੰਜਾਬੀਆਂ ਦੇ ਹੱਥ ਸੌਂਪਣ ਅਤੇ ਪੰਜਾਬ ਤੇ ਵਿਦੇਸ਼ ਵਿੱਚੋਂ ਆਏ ਫੰਡ ਨੂੰ ਜਨਤਕ ਕਰਨ, ਪੰਜਾਬ ਵਿੱਚੋਂ ਇਕੱਠਾ ਕੀਤਾ ਫੰਡ ਇਥੇ ਹੀ ਵਰਤਣ ਅਤੇ ਪਾਰਟੀ ਵਿੱਚੋਂ ਕੱਢੇ ਸੰਸਦ ਮੈਂਬਰਾਂ ਡਾ. ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖ਼ਾਲਸਾ, ਡਾ. ਦਲਜੀਤ ਸਿੰਘ, ਪ੍ਰੋਫੈਸਰ ਮਨਜੀਤ ਸਿੰਘ ਤੇ ਜੱਸੀ ਜਸਰਾਜ ਨੂੰ ਬਹਾਲ ਕਰਨਾ ਸ਼ਾਮਲ ਹੈ।



ਪੰਜਾਬ ਤੋਂ ਆਏ ਵਲੰਟੀਅਰ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਅਲਟੀਮੇਟਮ ਦਿੰਦੇ ਹੋਏ।

# 'ਆਪ' ਨੇ ਸੰਘੇੜਾ, ਰਾਜੌਰਾ ਦੀ ਵੀ ਟਿਕਟ ਕੱਟੀ, 5 ਨਵੇਂ ਉਮੀਦਵਾਰ ਐਲਾਨੇ

### *ਆਪ ਵਲੋਂ ਹੁਣ ਤਕ 98 ਉਮੀਦਵਾਰਾਂ ਦਾ ਐਲਾਨ*

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੇ ਉਮੀਦਵਾਰਾਂ ਦੀ ਛੇਵੀਂ ਸੂਚੀ ਜਾਰੀ ਕਰ ਦਿੱਤੀ ਹੈ। ਇਸ ਵਿਚ 5 ਨਵੇਂ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਪਾਰਟੀ ਨੇ ਨਕੋਦਰ ਸੀਟ ਤੋਂ ਐਨ.ਆਰ.ਆਈ. ਸੈੱਲ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਤੇ ਕਾਂਗਰਸ ਤੋਂ 'ਆਪ' ਵਿਚ ਸ਼ਾਮਲ ਹੋਏ ਬੱਲੂਆਣਾ ਤੋਂ ਗਿਰੀਰਾਜ ਰਾਜੌਰਾ ਦੀ ਟਿਕਟ ਵੀ ਕੱਟ ਦਿੱਤੀ ਹੈ। ਉਨ੍ਹਾਂ ਦੀ ਥਾਂ ਸਰਵਣ ਸਿੰਘ ਹੇਅਰ ਨੂੰ ਨਕੋਦਰ ਵਿਚ ਅਤੇ ਸਿਮਰਜੀਤ ਸਿੰਘ ਨੂੰ ਬੱਲੂਆਣਾ ਤੋਂ ਟਿਕਟ ਦਿੱਤੀ ਗਈ ਹੈ। ਰਾਜੌਰਾ ਦੀ ਟਿਕਟ ਵੀ ਪ੍ਰਚਾਰ ਵਿਚ ਕਮੀ ਦਾ ਕਹਿ ਕੇ ਕੱਟੀ ਗਈ ਹੈ। ਸੰਘੇੜਾ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਐਨ.ਆਰ.ਆਈ. ਸੈੱਲ ਤੋਂ ਇਲਾਵਾ ਹੋਰ ਵੱਡੀ ਜ਼ਿੰਮੇਵਾਰੀ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਬੋਹਾ ਵਿਚ ਡਾ. ਵਿਨੋਦ ਕੁਮਾਰ ਤੇ ਧਰਮਕੋਟ ਵਿਚ ਡਾ. ਰਣਜੋਧ ਸਰਾਂ ਦੀ ਟਿਕਟ ਕੱਟੀ ਸੀ। ਕਾਰਨ ਪ੍ਰਚਾਰ ਹੌਲੀ ਹੋਣਾ ਦੱਸਿਆ ਸੀ। ਜਿਨ੍ਹਾਂ 5 ਸੀਟਾਂ ਲਈ ਉਮੀਦਵਾਰ ਐਲਾਨੇ ਗਏ ਹਨ, ਉਨ੍ਹਾਂ ਵਿਚ ਰਣਜੀਤ ਸਿੰਘ ਚੀਮਾ ਨੂੰ ਪੱਟੀ ਤੋਂ, ਦਿਨੇਸ਼ ਬਾਂਸਲ ਸੰਗਰੂਰ ਤੋਂ, ਆਸ਼ੂਤੋਸ਼ ਜੋਸ਼ੀ ਰਾਜਪੁਰਾ ਤੋਂ, ਮਨਜੀਤ ਸਿੰਘ ਸਿੱਧੂ ਰਾਮਪੁਰਾ ਫੂਲ ਤੋਂ ਅਤੇ ਜਲੰਧਰ ਕੈਂਟ ਲਈ ਹਰਕ੍ਰਿਸ਼ਨ ਸਿੰਘ ਵਾਲੀਆ ਨੂੰ ਉਤਾਰਿਆ ਗਿਆ ਹੈ। ਪਾਰਟੀ ਹੁਣ ਤਕ 98 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ।



### ਛੋਟੇਪੁਰ ਦੇ ਨੇੜੇ ਹਨ ਸੰਘੇੜਾ

ਟਿਕਟ ਕੱਟਣ 'ਤੇ ਜਗਤਾਰ ਸਿੰਘ ਸੰਘੇੜਾ ਨੇ ਇਸ ਮਾਮਲੇ ਵਿਚ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ। ਸੰਘੇੜਾ ਦੇ ਸਾਬਕਾ 'ਆਪ' ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੇ ਕਰੀਬੀ ਮੰਨੇ ਜਾਂਦੇ ਹਨ।

ਸੂਤਰਾਂ ਅਨੁਸਾਰ ਸੰਘੇੜਾ ਦਾ ਟਿਕਟ ਕੱਟਣਾ ਪਾਰਟੀ ਨੂੰ ਮਹਿੰਗਾ ਪੈ ਸਕਦਾ ਹੈ। ਜ਼ਿਕਰਯੋਗ ਹੈ ਕਿ ਪਾਰਟੀ ਨੇ ਜਦੋਂ ਆਪਣਾ ਸੂਬਾਈ ਦਫ਼ਤਰ ਚੰਡੀਗੜ੍ਹ ਵਿਚ ਸ਼ੁਰੂ ਕੀਤਾ ਸੀ ਤਾਂ ਸਭ ਤੋਂ ਪਹਿਲਾਂ ਸੰਘੇੜਾ ਦੇ ਘਰ ਨੂੰ ਹੀ ਟਿਕਾਣਾ ਬਣਾਇਆ ਸੀ। ਉਧਰ, ਗਿਰੀਰਾਜ ਰਾਜੌਰਾ ਕਈ ਦਿਨਾਂ ਤੋਂ ਪ੍ਰਚਾਰ ਕਰ ਰਹੇ ਸਨ ਪਰ ਪਾਰਟੀ ਨੇ ਉਨ੍ਹਾਂ ਨੂੰ ਵੀ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ।

**ਪਿਛਲੇ ਹ.ਫਤੇ ਅਸੀਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਯੋਧਿਆਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਸੀ। ਇਸ ਵਾਰ ਕਾਂਗਰਸ ਵਾਰ ਰੂਮ ਦੀ ਸਿਆਸੀ ਬਿਸਾਤ ਦੇ ਅਹਿਮ ਮੋਹਰਿਆਂ ਦੀ ਗੱਲ ਕਰਨ ਜਾ ਰਹੇ ਹਾਂ। ਇਸ ਬਾਰੇ ਪੇਸ਼ ਹੈ ਸੰਖੇਪ ਜਿਹੀ ਜਾਣਕਾਰੀ।**

# ਪੰਜਾਬ ਦਾ ਚੋਣ ਯੁੱਧ

## ਕਾਂਗਰਸ ਦੀ ਸਿਆਸੀ ਫੌਜ ਦੇ ਜਰਨੈਲ

### ਸ਼ਤਰੰਜ ਦਾ ਹਾਥੀ



**ਪ੍ਰਸ਼ਾਂਤ ਕਿਸ਼ੋਰ, 39**

ਪ੍ਰਸ਼ਾਂਤ ਕਿਸ਼ੋਰ ਸਿਆਸੀ ਬਿਸਾਤ ਦਾ ਅਜਿਹਾ ਚਤੁਰ ਮੋਹਰਾ ਹੈ ਜੋ ਬਿਸਾਤ ਦੇ ਸਾਰੇ ਖਾਨਿਆਂ ਵਿਚ ਦੌੜ ਸਕਦਾ ਹੈ। ਭਾਵੇਂ ਪਾਰਟੀ ਦੇ ਚੋਣ ਰਣਨੀਤੀਕਾਰ ਅਤੇ ਅਮਰਿੰਦਰ ਵਿਚਾਲੇ ਸਬੰਧਾਂ ਦੀ ਸ਼ੁਰੂਆਤ ਕੁੜੱਤਣ ਨਾਲ ਹੋਈ ਪਰ ਉਨ੍ਹਾਂ ਦਾ 'ਪਿਆਰ-ਨ.ਫਰਤ' ਵਾਲਾ ਰਿਸ਼ਤਾ ਆਪਣੇ ਸਾਂਝੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਨਿਭਦਾ ਆ ਰਿਹਾ ਹੈ। ਪ੍ਰਸ਼ਾਂਤ ਨੂੰ ਆਪਣਾ ਜੇਤੂ ਮੋਹਰੇ ਵਾਲਾ ਅਕਸ ਬਣਾਏ ਰੱਖਣ ਲਈ ਪੰਜਾਬ ਵਿਚ ਕਾਂਗਰਸ ਨੂੰ ਜਿੱਤ ਦਵਾਉਣ ਦੀ ਲੋੜ ਹੈ ਅਤੇ ਦੂਜੇ ਪਾਸੇ ਅਮਰਿੰਦਰ ਨੂੰ ਖ਼ੁਦ ਨੂੰ ਦੁਬਾਰਾ ਜੇਤੂ ਸਿੱਧ ਕਰਨ ਦੀ ਲੋੜ ਹੈ। ਉਦਾਹਰਣ ਵਜੋਂ ਉਸ ਨੇ ਕਿਹਾ ਸੀ ਕਿ 'ਆਪ' .ਗਲਤ ਸਮੇਂ 'ਤੇ ਅੱਗੇ ਵੱਧ ਰਹੀ ਸੀ ਤੇ ਇੰਜ ਹੋਇਆ।

### ਬਿਸਾਤ ਦੀ ਰਾਣੀ



**ਆਸ਼ਾ ਕੁਮਾਰੀ, 61**

ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੂੰ ਕਾਂਗਰਸ ਦੇ ਵੱਖ ਵੱਖ ਧੜਿਆਂ ਵਿਚਾਲੇ ਤਾਲਮੇਲ ਬਿਠਾਉਣ ਲਈ ਇਸ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਮੁਰਝਾਈ ਪਾਰਟੀ ਵਿਚ ਮੁੜ ਜਾਨ ਫੂਕਣ ਲਈ ਚਕਾ-ਚੌਂਧ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਮਰਿੰਦਰ ਵਾਂਗ ਸ਼ਾਹੀ ਪਰਿਵਾਰ ਵਿਚੋਂ ਹੈ ਤੇ ਅਮਰਿੰਦਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਤੇ ਇਹ ਯਕੀਨਨ ਕਰਦੀ ਹੈ ਕਿ ਮਹਿਮਾ ਮੰਡਲ ਫਰੇਮ ਵਿਚੋਂ ਬਾਹਰ ਰਹੇ। ਉਸ ਦਾ ਕਹਿਣਾ ਹੈ ਕਿ ਉਸ ਦਾ ਕੰਮ ਚੋਣ ਮਸ਼ੀਨ ਦੇ ਸਾਰੇ ਪਹੀਆਂ ਨੂੰ ਬਰਾਬਰ ਤੇਲ ਦੇਣਾ ਤੇ ਉਨ੍ਹਾਂ 'ਤੇ ਨਿਗਰਾਨੀ ਕਰਨਾ ਕਿ ਉਹ ਆਪਣੀਆਂ ਤੈਅ ਜ਼ਿੰਮੇਵਾਰੀਆਂ ਨਿਭਾਅ ਰਹੇ ਹਨ। ਉਹ ਪੁਰਾਣੇ ਮੰਤਰ 'ਤੇ ਯਕੀਨ ਕਰਦੀ ਹੈ ਕਿ ਰਣਨੀਤੀ ਘਾੜੇ ਨਹੀਂ, ਸਿਆਸਤਦਾਨ ਚੋਣਾਂ ਜਿੱਤਦੇ ਹਨ।



### ਸ਼ਾਹੀ ਰਣਨੀਤੀ

**ਕੈਪਟਨ ਅਮਰਿੰਦਰ ਸਿੰਘ, 74**

ਪੰਜਾਬ ਕਾਂਗਰਸ ਮੁਖੀ ਕੈਪਟਨ ਅਮਰਿੰਦਰ ਸਿੰਘ ਨੇ ਬਦਲਾਅ ਲਈ ਆਪਣੇ ਮਹਿਮਾ ਮੰਡਲ, ਖ਼ਾਸ ਤੌਰ 'ਤੇ ਫਰੇਮ ਵਿਚ ਤਸਵੀਰ ਬਦਲਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਨਾਲ ਸ਼ਾਹੀ ਟੈਗ ਵੀ ਨਾਲ ਹੀ ਨੱਥੀ ਹੈ। ਉਨ੍ਹਾਂ ਦੀ ਟੀਮ ਵਲੋਂ ਭਾਵੇਂ ਉਨ੍ਹਾਂ ਨੂੰ ਹਾਲੇ ਵੀ 'ਮਹਾਰਾਜਾ' ਹੀ ਕਿਹਾ ਜਾਂਦਾ ਹੈ ਤੇ ਹੁਣ ਸ਼ੁੱਧ ਯੁੱਧ ਰਣਨੀਤੀ ਹੈ ਜੋ ਕੈਪਟਨ ਵਾਰ ਰੂਮ ਦੀ ਅਗਵਾਈ ਕਰੇਗੀ। ਕੈਪਟਨ ਅਮਰਿੰਦਰ ਸਿੰਘ ਸਿਰ.ਫ ਆਪਣੇ ਵ.ਫਾਦਾਰਾਂ ਦੇ ਸਹਾਰੇ ਚੋਣ ਰਣਨੀਤੀ ਨਹੀਂ ਘੜ ਸਕਦੇ। ਇਸ ਲਈ ਆਸ਼ਾ ਕੁਮਾਰੀ ਹੈ ਜੋ ਸਿੱਧਾ ਦਿੱਲੀ ਨਾਲ ਤਾਲਮੇਲ ਰੱਖਦੀ ਹੈ, ਪ੍ਰਸ਼ਾਂਤ ਕਿਸ਼ੋਰ ਹੈ, ਜੋ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦਾ ਵਿਸ਼ਵਾਸਪਾਤਰ ਹੈ। ਤੇ ਉਹ ਪਲ ਪਲ ਦੀ ਸੂਹ ਗਾਂਧੀ ਨੂੰ ਦਿੰਦਾ ਹੈ। ਪਰ ਵਾਰ ਰੂਮ ਵਿਚ ਇਹ ਪੂਰੀ ਤਰ੍ਹਾਂ ਸਪਸ਼ਟ ਹੈ-ਪੰਜਾਬ ਵਿਚ ਪਾਰਟੀ ਦੀ ਲਗਾਤਾਰ ਦੂਜੀ ਵਾਰ ਹਾਰ ਮਗਰੋਂ ਕਾਂਗਰਸ ਨੂੰ ਇਸ ਤੋਂ ਸਬਕ ਲੈਣ ਦੀ ਲੋੜ ਹੈ ਤੇ ਅਮਰਿੰਦਰ ਨੂੰ ਜ਼ਮੀਨੀ ਹਕੀਕਤ ਤੋਂ ਵਾਕ.ਫ ਹੋਣਾ ਚਾਹੀਦਾ ਹੈ।

*ਧੰਨਵਾਦ ਸਹਿਤ: ਸੁਖਦੀਪ ਕੌਰ 'ਹਿੰਦੁਸਤਾਨ ਟਾਈਮਜ਼'*

### ਵਜ਼ੀਰ



**ਨਿਰਵਾਣ ਸਿੰਘ, 27**

ਸਿਆਸੀ ਬਿਸਾਤ ਦਾ ਉਹ ਆਖ਼ਰੀ ਨਹੀਂ, ਪਰ ਮਹੱਤਵਪੂਰਨ ਮੋਹਰਾ ਹੈ। ਕਿਉਂਕਿ ਅਮਰਿੰਦਰ ਨੇ ਹੀ 'ਇਕ ਪਰਿਵਾਰ-ਇਕ ਟਿਕਟ' ਨਿਯਮ ਤਹਿਤ ਪਤਨੀਆਂ ਤੇ ਪੁੱਤਰਾਂ ਨੂੰ ਚੋਣ ਅਖਾੜੇ ਤੋਂ ਬਾਹਰ ਰੱਖਿਆ ਹੈ, ਇਸ ਲਈ ਉਨ੍ਹਾਂ ਦਾ ਪੋਤਾ ਨਿਰਵਾਣ ਬਾਹਰੋਂ ਹੀ ਕਮਾਂਡ ਸੰਭਾਲ ਰਿਹਾ ਹੈ। ਨਿਰਵਾਣ ਹਾਲੇ ਸਿਆਸਤ ਦੀ ਪੌੜੀ ਚੜ੍ਹਨੀ ਸਿੱਖ ਰਿਹਾ ਹੈ। ਉਸ ਨੇ ਅਮਰਿੰਦਰ ਦੀ ਸੋਸ਼ਲ ਮੀਡੀਆ ਦੀ ਕਮਾਂਡ ਆਪਣੇ ਹੱਥਾਂ ਵਿਚ ਲਈ ਹੋਈ ਹੈ। ਉਹ ਨੌਜਵਾਨਾਂ ਵੋਟਰਾਂ ਨੂੰ ਭਰਮਾਉਣ ਲਈ ਫੇਸਬੁੱਕ 'ਤੇ ਟਵੀਟ ਕਰਨ ਤੇ ਟਿੱਪਣੀਆਂ ਪੋਸਟ ਕਰਨ ਦਾ ਕੰਮ ਬਾਖ਼ੂਬੀ ਕਰ ਰਿਹਾ ਹੈ। ਉਸ ਨੇ ਆਪਣੇ ਦਾਦੇ ਨੂੰ ਸੋਸ਼ਲ ਮੀਡੀਆ ਦੀ ਜੰਗ ਦੇ ਗੁਰ ਸਿਖਾਏ ਹਨ।

### ਬਿਸਾਤ ਦਾ ਘੋੜਾ



**ਪੰਜਾਬ ਸਿਆਸਤ ਦਾ ਪੁਰਾਣਾ ਖਿਡਾਰੀ**

**ਲਾਲ ਸਿੰਘ, 75**

ਕੁਝ ਪੁਰਾਣੇ ਸਮਿਆਂ ਕਾਰਨ ਖੜ੍ਹੇ ਹਨ। ਛੇ ਵਾਰ ਵਿਧਾਇਕ ਤੇ ਸਾਬਕਾ ਮੰਤਰੀ ਲਾਲ ਸਿੰਘ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁੱਧੀਮਾਨ ਸਿਆਸਤਦਾਨ ਵਜੋਂ ਵਾਰ ਰੂਮ ਵਿਚ ਆਪਣੀ ਤਾਕਤ ਦਾ ਮੁਜ਼ਾਹਰਾ ਕਰ ਰਹੇ ਹਨ। ਉਹ ਲੋਕਾਂ ਨੂੰ ਹਸਾ ਸਕਦੇ ਹਨ ਤੇ ਚੰਗਾ ਖ਼ੁਸ਼ਗਵਾਰ ਮਾਹੌਲ ਕਾਇਮ ਰੱਖਣ ਦੀ ਲੋੜ ਵੀ ਹੈ। ਚੋਣ ਮੁਹਿੰਮ ਤੋਂ ਲੈ ਕੇ ਉਮੀਦਵਾਰ ਤਕ ਉਨ੍ਹਾਂ ਦੀ ਤਿਰਛੀ ਨਜ਼ਰ ਵਿਚੋਂ ਨਿਕਲਦੇ ਹਨ। ਮੁਸ਼ਕਲ ਸਥਿਤੀਆਂ ਵਿਚ ਉਹ ਪਾਰਟੀ ਦੇ ਸੰਕਟ ਮੋਚਣ ਹਨ ਤੇ ਬਿਸਾਤ ਦੇ ਅਜਿਹੇ ਘੋੜੇ ਹਨ ਜੋ ਹੋਰਨਾਂ ਮੋਹਰਿਆਂ ਦੇ ਉਪਰੋਂ ਦੀ ਛਾਲ ਮਾਰ ਸਕਦਾ ਹੈ।

### ਮੀਡੀਆ ਰਣਨੀਤੀਕਾਰ



**ਰਵੀਨ ਠੁਕਰਾਲ, 52**

ਮੀਡੀਆ ਹੀ ਮੀਡੀਆ ਨੂੰ ਚਲਾਉਂਦਾ ਹੈ। ਪੰਜਾਬ ਦੇ ਸਿਆਸਦਾਨਾਂ ਵਿਚਾਲੇ ਦਿਮਾ.ਗ ਦੀ ਖੇਡ ਵਿਚ ਕੁਝ ਨੁਕਤੇ ਪੱਤਰਕਾਰਾਂ ਵਲੋਂ ਸੁਝਾਏ ਜਾਂਦੇ ਹਨ, ਜਿਨ੍ਹਾਂ ਦਾ ਖ਼ੁਦ ਦਾ ਮੀਡੀਆ ਸੈੱਲ ਹੁੰਦਾ ਹੈ। ਅਮਰਿੰਦਰ ਨੇ ਵੀ ਹੁਣ ਸੀਨੀਅਰ ਪੱਤਰਕਾਰ ਰਵੀਨ ਠੁਕਰਾਲ ਨੂੰ ਆਪਣੇ ਮੀਡੀਆ ਰਣਨੀਤੀਕਾਰ ਵਜੋਂ ਭਰਤੀ ਕੀਤਾ ਹੈ। ਠੁਕਰਾਲ ਪ੍ਰੈੱਸ ਨੋਟ ਜਾਰੀ ਕਰਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਸ ਚੋਣ ਯੁੱਧ ਵਿਚ ਪਾਰਟੀ ਸਿਆਸੀ ਵਿਰੋਧੀਆਂ ਨੂੰ ਮਾਤ ਦੇ ਰਹੀ ਹੈ। ਜਿਹੜੇ ਪੱਤਰਕਾਰ ਸ਼ਿਕਾਇਤ ਕਰਦੇ ਹਨ ਕਿ ਅਮਰਿੰਦਰ ਫ਼ੋਨ 'ਤੇ ਗੱਲ ਨਹੀਂ ਕਰਦਾ, ਰਵੀਨ ਤੁਰੰਤ ਉਨ੍ਹਾਂ ਨੂੰ ਆਪਣੀਆਂ ਮਿੱਠੀਆਂ ਗੱਲਾਂ ਵਿਚ ਉਲਝਾ ਲੈਂਦਾ ਹੈ। ਰਵੀਨ ਦਾ ਦਾਅਵਾ ਹੈ ਕਿ ਉਹ ਵਾਰ ਰੂਮ ਲਈ ਸਹਿਜ ਮਾਹੌਲ ਤਿਆਰ ਕਰਦੇ ਹਨ।

### ਪਰਦੇ ਪਿਛੇ ਦਾ ਕਾਮਾ



**ਕੈਪਟਨ ਸੰਦੀਪ ਸੰਧੂ, 47**

ਅਮਰਿੰਦਰ ਦੇ ਪੁਰਾਣੇ ਮੰਡਲ ਦਾ ਇਕੋ-ਇਕ ਹਿੱਸਾ ਜੋ ਨਵੇਂ ਵਾਰ ਰੂਮ ਦਾ ਵੀ ਹਿੱਸਾ ਹੈ। ਸਾਬਕਾ ਮਰਚੈਂਟ ਨੇਵੀ ਕੈਪਟਨ ਸੰਦੀਪ ਸੰਧੂ ਪਾਰਟੀ ਦਾ ਤਰਕਸ਼ੀਲ ਬੰਦਾ ਹੈ। ਕਾਂਗਰਸ ਦ.ਫਤਰ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਉਹ ਪਾਰਟੀ ਦੇ ਮੋਹਰੇ ਵਜੋਂ ਕਿਸ਼ੋਰ ਦੀ ਟੀਮ ਆਈ-ਪੈਕ, ਏ.ਆਈ. ਸੀ.ਸੀ. ਤੇ ਪਾਰਟੀ ਦੇ ਜ਼ਿਲ੍ਹਾ ਲੀਡਰਾਂ ਨਾਲ ਰਾਬਤਾ ਰੱਖਦਾ ਹੈ। ਉਹ ਉਮੀਦਵਾਰਾਂ, ਚੋਣ ਮੁਹਿੰਮਾਂ ਬਾਰੇ ਜਾਣੂ ਕਰਵਾਉਣ ਤੋਂ ਲੈ ਕੇ ਹਰ ਤਰ੍ਹਾਂ ਦੀਆਂ ਜਾਣਕਾਰੀਆਂ ਅਮਰਿੰਦਰ ਤੱਕ ਪੁੱਜਦੀਆਂ ਕਰਦਾ ਹੈ। ਉਹ ਯਕੀਨੀ ਬਣਾਉਂਦਾ ਹੈ ਕਿ ਪਾਰਟੀ ਦੀ ਕੋਈ ਸੂਚਨਾ ਬਾਹਰ ਲੀਕ ਨਾ ਹੋਵੇ। ਕੈਪਟਨ ਦੇ ਦੋਸਤਾਂ ਤੇ ਦੁਸ਼ਮਾਂ ਵਲੋਂ ਉਸ ਨੂੰ 'ਛੋਟਾ ਕੈਪਟਨ' ਵੀ ਕਿਹਾ ਜਾਂਦਾ ਹੈ।

# ਕੈਪਟਨ ਅਤੇ ਰਣਇੰਦਰ ਖ਼ਿਲਾ.ਫ ਵਿਦੇਸ਼ 'ਚ ਸੰਪਤੀ ਦਾ ਦੋਸ਼ ਪੱਤਰ

## 6 ਸਾਲ ਪੁਰਾਣੇ ਕੇਸ 'ਚ ਕਾਂਗਰਸ ਪ੍ਰਧਾਨ ਖ਼ਿਲਾ.ਫ ਕਾਰਵਾਈ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮਦਨ ਕਰ ਵਿਭਾਗ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਖ਼ਿਲਾ.ਫ ਬਿਨਾਂ ਆਮਦਨ ਕਰ ਭੁਗਤਾਨ ਵਾਲੀਆਂ ਵਿਦੇਸ਼ੀ ਸੰਪਤੀਆਂ ਦੇ ਮਾਮਲੇ ਵਿਚ ਜਾਂਚ ਨੂੰ ਲੈ ਕੇ ਦੋਸ਼ ਪੱਤਰ ਦਾਖ਼ਲ ਕੀਤਾ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਵਿਭਾਗ ਨੇ ਲੁਧਿਆਣਾ ਦੀ ਇਕ ਅਦਾਲਤ ਵਿਚ ਕੈਪਟਨ ਨੂੰ ਆਮਦਨ ਕਰ ਐਕਟ ਦੀ ਧਾਰਾ 277 ਅਤੇ ਆਈਪੀਸੀ ਦੀਆਂ ਧਾਰਾਵਾਂ 176, 177 ਤੇ 193 ਤਹਿਤ ਕੇਸ ਪਾਇਆ ਗਿਆ ਹੈ। ਚਾਰਜਸ਼ੀਟ ਵਿਦੇਸ਼ ਵਿਚ ਸੰਪਤੀ ਅਤੇ ਸਵਿਸ ਬੈਂਕ ਵਿਚ ਪੈਸੇ ਦੇ ਦੋਸ਼ਾਂ ਨਾਲ ਜੁੜੇ 6 ਸਾਲ ਪੁਰਾਣੇ ਕੇਸ ਵਿਚ ਲੁਧਿਆਣਾ ਦੀ ਅਦਾਲਤ ਵਿਚ ਦੇਰ ਸ਼ਾਮ ਦਾਇਰ ਕੀਤਾ ਗਿਆ ਪਰ ਇਸ ਦੀ ਸੂਚਨਾ ਅਗਲੇ ਦਿਨ ਸ਼ੁੱਕਰਵਾਰ ਨੂੰ ਦਿੱਤੀ। ਸ਼ਿਕਾਇਤ ਅਨੁਸਾਰ ਆਮਦਨ ਕਰ ਵਿਭਾਗ ਨੇ ਕਿਹਾ ਹੈ ਕਿ ਜਾਂਚ ਦੌਰਾਨ ਕੈਪਟਨ ਅਤੇ ਉਨ੍ਹਾਂ ਦੇ ਲੜਕੇ ਵੱਲੋਂ ਵਿਦੇਸ਼ ਵਿਚ ਟਰੱਸਟ ਅਤੇ ਹੋਰ ਸੰਪਤੀਆਂ ਵਿਚ ਲਾਭਪਾਤਰੀ ਪਾਇਆ ਗਿਆ ਹੈ।



## ਅਮਰਿੰਦਰ ਬੋਲੇ- ਜੇਤਲੀ ਨੂੰ ਚੁਣੌਤੀ ਦੇਣ ਕਾਰਨ ਹੋਈ ਕਾਰਵਾਈ

ਕੈਪਟਨ ਅਮਰਿੰਦਰ ਸਿੰਘ ਨੇ ਟਵਿੱਟਰ ਰਾਹੀਂ ਵਿੱਤ ਮੰਤਰੀ ਅਰੁਣ ਜੇਤਲੀ 'ਤੇ ਉਨ੍ਹਾਂ ਨੂੰ ਫਸਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ, "ਸ੍ਰੀ ਜੇਤਲੀ ਨੂੰ ਅੰਮ੍ਰਿਤਸਰ ਤੋਂ ਜ਼ਿਮਨੀ ਚੋਣ ਲੜਨ ਦੀ ਚੁਣੌਤੀ ਦਿੱਤੀ ਗਈ ਸੀ ਜਿਸ ਦੇ ਜਵਾਬ ਵਿਚ ਉਨ੍ਹਾਂ ਇਹ ਕਾਰਵਾਈ ਕੀਤੀ ਹੈ। ਅਰੁਣ ਜੇਤਲੀ ਕਹਿ ਰਹੇ ਸਨ ਕਿ ਨੋਟਬੰਦੀ ਨੂੰ ਪੂਰੇ ਦੇਸ਼ ਦਾ ਸਮਰਥਨ ਹੈ। ਦੋ ਦਿਨ ਪਹਿਲਾਂ ਮੈਂ ਕਿਹਾ ਕਿ ਅਜਿਹਾ ਹੀ ਹੈ ਤਾਂ ਅੰਮ੍ਰਿਤਸਰ ਤੋਂ ਮੁੜ ਚੋਣ ਲੜ ਕੇ ਦੇਖ ਲਓ। ਹੁਣ ਜ਼ਮਾਨਤ ਵੀ ਨਹੀਂ ਬਚਾ ਸਕੋਗੇ। ਮੇਰੇ ਇਸ ਬਿਆਨ ਦਾ ਬਦਲਾ ਉਨ੍ਹਾਂ ਨੇ ਇਹ ਚਾਰਜਸ਼ੀਟ ਦਾਇਰ ਕਰਵਾ ਕੇ ਦਿੱਤਾ। ਆਈ.ਟੀ. ਵਿਭਾਗ ਜੇਤਲੀ ਦੇ ਅਧੀਨ ਹੈ। ਹੁਣ ਮੈਂ ਅਪੀਲ ਕਰਾਂਗਾ ਕਿ ਜੇਤਲੀ ਨੂੰ ਵੀ ਤਲਬ ਕੀਤਾ ਜਾਵੇ।" ਉਨ੍ਹਾਂ ਆਮਦਨ ਕਰ ਵਿਭਾਗ 'ਤੇ ਵੀ ਦੋਸ਼ ਲਾਇਆ ਕਿ ਉਹ ਚੋਣਾਂ ਦੀ ਉਡੀਕ ਕਿਉਂ ਕਰ ਰਿਹਾ ਸੀ ਜਦਕਿ ਦੋ ਸਾਲ ਪਹਿਲਾਂ ਵੀ ਇਹ ਮਾਮਲਾ ਖੋਲ੍ਹਿਆ ਜਾ ਸਕਦਾ ਸੀ।

## ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ : *ਅਮਰਿੰਦਰ ਦੀ 'ਨਾਜਾਇਜ਼' ਜਾਇਦਾਦ ਜ਼ਬਤ ਹੋਵੇ*

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵਲੋਂ ਨਾਜਾਇਜ਼ ਤੌਰ 'ਤੇ ਸਵਿਸ ਬੈਂਕਾਂ ਵਿਚ ਜਮ੍ਹਾ ਕੀਤੀ ਗਈ ਦੌਲਤ ਨੂੰ ਪੰਜਾਬ ਅਤੇ ਇਸ ਦੇ ਲੋਕਾਂ ਨੂੰ ਮੋੜਿਆ ਜਾਵੇ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਾਲ 2002 ਵਿੱਚ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਕੈਪਟਨ ਦੀਵਾਲੀਆ ਹੋ ਚੁੱਕਾ ਸੀ। ਇਹ ਸਾਫ ਹੈ ਕਿ ਉਸ ਦੁਆਰਾ ਵਿਦੇਸ਼ ਵਿੱਚ ਲਿਜਾਏ ਗਏ ਕਰੋੜਾਂ ਰੁਪਏ ਪੰਜਾਬ ਤੋਂ ਕਥਿਤ ਤੌਰ 'ਤੇ ਲੁੱਟੇ ਗਏ ਸਨ। ਡਾ. ਚੀਮਾ ਨੇ ਅੱਗੇ ਕਿਹਾ ਕਿ ਇਹ ਤਾਂ ਕੁਦਰਤੀ ਤੌਰ 'ਤੇ ਇੰਨਸਾਫ ਦੀ ਮੰਗ ਹੈ ਕਿ ਇਹ ਪੈਸਾ ਸੂਬੇ ਨੂੰ ਵਾਪਸ ਕੀਤਾ ਜਾਵੇ।' ਇਸ ਮੁੱਦੇ 'ਤੇ ਕੈਪਟਨ ਖਿਲਾ.ਫ ਸ਼ਿਕਾਇਤ ਦਾਇਰ ਕੀਤੇ ਜਾਣ ਦਾ ਸਵਾਗਤ ਕਰਦੇ ਹੋਏ ਅਕਾਲੀ ਆਗੂ ਨੇ ਕਿਹਾ ਕਿ ਇਕ ਵਾਰ ਇਹ ਪੈਸਾ ਸੂਬੇ ਨੂੰ ਵਾਪਸ ਮੋੜ ਦਿੱਤਾ ਜਾਵੇ ਤਾਂ ਇਸ ਦਾ ਇਸਤੇਮਾਲ ਲੋਕਾਂ ਦੀ ਭਲਾਈ ਲਈ ਕੀਤਾ ਜਾਵੇਗਾ। ਡਾ. ਚੀਮਾ ਨੇ ਕਿਹਾ ਕਿ ਆਮਦਨ ਕਰ ਵਿਭਾਗ ਵਲੋਂ ਅਮਰਿੰਦਰ ਖਿਲਾ.ਫ ਦਾਇਰ ਕੀਤੀ ਗਈ ਸ਼ਿਕਾਇਤ ਨੇ ਪੰਜਾਬ ਕਾਂਗਰਸ ਪ੍ਰਧਾਨ ਦੀਆਂ ਉਨ੍ਹਾਂ ਖੋਖਲੀਆਂ ਸ਼ਿਕਾਇਤਾਂ ਦਾ ਵੀ ਪਰਦਾਫਾਸ਼ ਕਰ ਦਿੱਤਾ ਹੈ ਜਿਨ੍ਹਾਂ ਵਿੱਚ ਇਹ ਕਿਹਾ ਗਿਆ ਸੀ ਕਿ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਡਾ. ਚੀਮਾ ਨੇ ਕਿਹਾ ਕਿ ਅਜਿਹੀਆਂ ਸ਼ਿਕਾਇਤਾਂ ਪੂਰੀ ਜਾਂਚ ਤੋਂ ਬਾਅਦ ਹੀ ਦਾਇਰ ਕੀਤੀਆਂ ਜਾਂਦੀਆਂ ਹਨ। ਇਸੇ ਦੌਰਾਨ ਕੈਪਟਨ ਨੇ ਕਿਹਾ ਕਿ ਉਸ ਦੇ ਖ਼ਿਲਾ.ਫ ਇਹ ਬਿਆਨਬਾਜ਼ੀ ਸਿਆਸਤ ਤੋਂ ਪ੍ਰੇਰਿਤ ਹੈ।

## ਸਿਰਸਾ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਜਨਰਲ ਸਕੱਤਰ ਤੇ ਦਿੱਲੀ ਦੇ ਵਿਧਾਨ ਸਭਾ ਹਲਕਾ ਰਾਜੌਰੀ ਗਾਰਡਨ (ਵੈਸਟ) ਤੋਂ ਸਾਬਕਾ ਵਿਧਾਇਕ ਰਹੇ ਸ. ਮਨਜਿੰਦਰ ਸਿੰਘ ਸਿਰਸਾ ਨੂੰ ਪਾਰਟੀ ਦਾ ਬੁਲਾਰਾ ਨਿਯੁਕਤ ਕਰ ਦਿੱਤਾ ਗਿਆ ਹੈ। ਇਸ ਬਾਰੇ ਪਾਰਟੀ ਦੇ ਮੁੱਖ ਦਫਤਰ ਤੋਂ ਬਿਆਨ ਜਾਰੀ ਕਰਦੇ ਹੋਏ ਪਾਰਟੀ ਦੇ ਸਕੱਤਰ ਤੇ ਬੁਲਾਰੇ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਮਨਜਿੰਦਰ ਸਿੰਘ ਸਿਰਸਾ ਇੱਕ ਪੜ੍ਹੇ ਲਿਖੇ, ਸਮਝਦਾਰ ਤੇ ਪਾਰਟੀ ਦੇ ਸੀਨੀਅਰ ਆਗੂ ਹਨ। ਉਨ੍ਹਾਂ ਦੱਸਿਆ ਕਿ ਸ.



ਸਿਰਸਾ ਇਸ ਵੇਲੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ। ਸਿਰਸਾ ਨੇ ਕਿਹਾ ਹੈ ਕਿ ਉਹ ਇਹ ਵੱਡੀ ਜ਼ਿੰਮੇਵਾਰੀ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸੇ ਦੌਰਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਅਕਾਲੀ ਆਗੂਆਂ ਦੇ ਜਾਇਜ਼ ਵਪਾਰਾਂ 'ਤੇ ਸਵਾਲ ਕਰਨ ਤੋਂ ਪਹਿਲਾਂ ਕਾਂਗਰਸੀਆਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਵਿੱਸ ਬੈਂਕਾਂ ਵਿਚ ਕਰੋੜਾਂ ਰੁਪਏ ਕਿਉਂ ਤੇ ਕਿਵੇਂ ਲਕੋ ਕੇ ਰੱਖੇ ਹੋਏ ਹਨ। ਘੁਟਾਲਿਆਂ ਰਾਹੀਂ ਕੈਪਟਨ ਵੱਲੋਂ ਬਣਾਈ ਦੌਲਤ ਬਾਰੇ ਸਿਰਸਾ ਨੇ ਪੁੱਛਿਆ ਕਿ ਜਦ ਕੈਪਟਨ ਕੋਲ ਆਮਦਨ ਦਾ ਕੋਈ ਸਪਸ਼ਟ ਜ਼ਰੀਆ ਹੀ ਨਹੀਂ ਤਾਂ ਉਸ ਦੇ ਵਿਦੇਸ਼ਾਂ ਵਿਚ ਖਾਤੇ ਕਿਉਂ ਹਨ। ਕੈਪਟਨ ਨੇ ਕਿਉਂ ਜਕਰਾਂਡਾ ਟਰੱਸਟ ਅਤੇ ਸੱਤ ਵਿਦੇਸ਼ੀ ਕੰਪਨੀਆਂ ਬਣਾਈਆਂ ਅਤੇ ਸਵਿਟਜ਼ਰਲੈਂਡ ਵਿਚ ਉਸ ਨੇ ਕਿਉਂ ਆਪਣੀ ਪਤਨੀ ਪ੍ਰਨੀਤ ਕੌਰ ਅਤੇ ਬੇਟੇ ਰਣਇੰਦਰ ਸਿੰਘ ਦੇ ਨਾਂਅ 'ਤੇ ਖਾਤੇ ਖੁਲ੍ਹਵਾਏ।

## ਜਗਮੀਤ ਬਰਾੜ ਤ੍ਰਿਣਮੂਲ ਕਾਂਗਰਸ ਤੇ 'ਆਪ' ਵਿਚਾਲੇ ਚਾਹੁੰਦੇ ਹਨ ਗਠਜੋੜ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਤ੍ਰਿਣਮੂਲ ਕਾਂਗਰਸ ਦੇ ਪੰਜਾਬ ਪ੍ਰਧਾਨ ਥਾਪੇ ਜਾਣ ਉਪਰੰਤ ਜਗਮੀਤ ਸਿੰਘ ਬਰਾੜ ਹੁਣ ਹਰ ਹੀਲੇ ਆਮ ਆਦਮੀ ਪਾਰਟੀ ਨਾਲ ਸਿਆਸੀ ਗੱਠਜੋੜ ਕਰਨਾ ਚਾਹੁੰਦੇ ਹਨ, ਹਾਲਾਂਕਿ ਅਜੇ ਤੱਕ 'ਆਪ' ਵੱਲੋਂ ਇਸ ਸਬੰਧੀ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ।

ਸ੍ਰੀ ਬਰਾੜ ਨੇ ਇੱਥੇ ਸੂਬਾ ਪ੍ਰਧਾਨ ਵਜੋਂ ਆਪਣੀ ਪਲੇਠੀ ਪ੍ਰੈੱਸ ਕਾਨਫਰੰਸ ਦੌਰਾਨ ਗਠਜੋੜ ਦੀ ਇੱਛਾ ਨੂੰ ਬਿਆਨਦਿਆਂ ਕਿਹਾ ਕਿ ਟੀਐਮਸੀ ਨਾਮਜ਼ਦਗੀ ਪੱਤਰਾਂ ਦੀ ਵਾਪਸੀ ਤੱਕ 'ਆਪ' ਨਾਲ ਗੱਠਜੋੜ ਦੀ ਉਡੀਕ ਕਰੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ ਦਲ ਨੂੰ ਹਰਾਉਣ ਉਨ੍ਹਾਂ ਦਾ ਮੁੱਖ ਮਿਸ਼ਨ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਆਪ ਅਤੇ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਬਣੇਗੀ। ਸ੍ਰੀ ਬਰਾੜ ਨੇ 'ਇੰਡਸ ਵਾਟਰ ਟਰੀਟੀ' ਦੀ ਨੀਤੀ ਨੂੰ ਪ੍ਰਧਾਨ ਮੋਦੀ ਨਰਿੰਦਰ ਮੋਦੀ ਦਾ ਦਿਮਾਗੀ ਦੀਵਾਲੀਆਪਨ ਕਰਾਰ ਦਿੰਦਿਆਂ ਕਿਹਾ ਕਿ



ਹੁਣ ਪਾਣੀ ਦਾ ਮਸਲਾ ਹੱਲ ਕਰਨ ਦੇ ਸਾਰੇ ਅਧਿਕਾਰ ਪ੍ਰਧਾਨ ਮੰਤਰੀ ਕੋਲ ਹਨ ਪਰ ਪ੍ਰਧਾਨ ਮੰਤਰੀ ਨੇ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਨਿੱਤ ਨਵਾਂ ਮੁੱਦਾ ਉਭਾਰ ਰਹੇ ਹਨ। ਪਰ ਦੂਜੇ ਪਾਸੇ ਸ੍ਰੀ ਬਰਾੜ ਖੁਦ ਵੀ ਪਾਣੀਆਂ ਦੇ ਮੁੱਦੇ 'ਤੇ ਕੋਈ ਸਪਸ਼ਟ ਜਵਾਬ ਨਹੀਂ ਦੇ ਸਕੇ ਕਿ ਪੰਜਾਬ ਦਾ ਪਾਣੀ ਦੂਜੇ ਰਾਜਾਂ ਨੂੰ ਦੇਣਾ ਚਾਹੀਦਾ ਹੈ ਜਾਂ ਨਹੀ। ਸ੍ਰੀ ਬਰਾੜ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਭਗੌੜਾ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਸ੍ਰੀ ਅੰਮ੍ਰਿਤਸਰ ਤੋਂ ਚੋਣ ਜਿੱਤਣ ਉਪਰੰਤ ਹੁਣ ਅਸਤੀਫ਼ਾ ਦੇ ਕੇ ਲੋਕਾ ਨਾਲ ਧ੍ਰੋਹ ਕੀਤਾ ਹੈ। ਉਨ੍ਹਾਂ ਕਿਹਾ ਕਿ 13 ਦਸੰਬਰ ਨੂੰ ਟੀਐਮਸੀ ਦੇ ਕੌਮੀ ਉਪ ਪ੍ਰਧਾਨ ਮੁਕੁਲ ਰਾਏ ਪੰਜਾਬ ਦੇ ਸੂਬਾਈ ਦਫ਼ਤਰ ਦਾ ਮੁਹਾਲੀ ਵਿੱਚ ਉਦਘਾਟਨ ਕਰਨਗੇ।

## ਜਥੇਦਾਰ ਤੋਤਾ ਸਿੰਘ ਆਪਣੇ ਪੁੱਤ ਨੂੰ ਵੀ ਟਿਕਟ ਦਿਵਾਉਣ ਵਿਚ ਕਾਮਯਾਬ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬੀ ਦਾ ਮਸ਼ਹੂਰ ਗੀਤ ਹੈ, 'ਇਨ੍ਹਾਂ ਤੋਤਿਆਂ ਨੂੰ ਬਾਗ਼ ਬਥੇਰੇ, ਨੀਂ ਤੂੰ ਨਿਮ ਦਾ ਗੁਮਾਨ ਨਾ ਕਰੀਂ।" ਇਹ ਗੀਤ ਅਕਾਲੀ ਆਗੂ ਜਥੇਦਾਰ ਤੋਤਾ ਸਿੰਘ 'ਤੇ ਬਾਖ਼ੂਬੀ ਢੁਕਦਾ ਪ੍ਰਤੀਤ ਹੋਇਆ ਕਿਉਂਕਿ ਨਕਲੀ ਕੀਟਨਾਸ਼ਕ ਦਵਾਈਆਂ, ਜਿਸ ਕਾਰਨ ਪਿਛਲੇ ਸਾਲ ਮਾਲਵਾ ਪੱਟੀ ਵਿਚ ਕਪਾਹ ਤਬਾਹ ਹੋਣ ਕਾਰਨ ਉਹ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆ ਗਏ ਸਨ, ਜਿੱਥੇ ਖ਼ੁਦ ਧਰਮਕੋਟ ਤੋਂ ਆਪਣੇ ਲਈ ਟਿਕਟ ਬਚਾ ਲਈ, ਉਥੇ ਮੋਗਾ ਤੋਂ ਆਪਣੇ ਪੁੱਤਰ ਬਰਜਿੰਦਰ ਸਿੰਘ ਬਰਾੜ ਲਈ ਵੀ ਟਿਕਟ ਲੈਣ ਵਿਚ ਕਾਮਯਾਬ ਰਹੇ। ਜਥੇਦਾਰ ਤੋਤਾ ਸਿੰਘ ਖੁਦ ਵੀ ਮੋਗਾ ਤੋਂ ਪ੍ਰਤੀਨਿਧਤਾ ਕਰ ਚੁੱਕੇ ਹਨ। ਪਰ ਪਿਛਲੀਆਂ ਚੋਣਾਂ ਵਿਚ ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਨੂੰ ਟਿਕਟ ਦੇਣ ਦੇ ਚੱਕਰ ਵਿਚ ਸੁਖਬੀਰ





ਸਿੰਘ ਬਾਦਲ ਨੇ ਉਨ੍ਹਾਂ ਨੂੰ ਧਰਮਕੋਟ ਵਿਚ ਸ਼ਿਫ਼ਟ ਕਰ ਦਿੱਤਾ ਸੀ। ਸਾਬਕਾ ਡੀ.ਜੀ.ਪੀ. ਕਾਂਗਰਸ ਦੇ ਜੋਗਿੰਦਰ ਪਾਲ ਜੈਨ ਤੋਂ ਚੋਣ ਹਾਰ ਗਏ। ਸੁਖਬੀਰ ਬਾਦਲ ਨੇ ਕਾਂਗਰਸ ਦੇ ਜੈਨ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਕੇ ਉਨ੍ਹਾਂ ਨੂੰ ਜ਼ਿਮਨੀ ਚੋਣ ਜਿਤਵਾ ਲਈ ਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮਾਨ ਬਣਾ ਦਿੱਤਾ। ਜੈਨ ਤੇ ਤੋਤਾ ਸਿੰਘ ਦੀ ਆਪੋ-ਵਿਚੀਂ ਬਿਲਕੁਲ ਨਹੀਂ ਬਣਦੀ ਤੇ ਕਿਉਂਕਿ ਜੈਨ ਦੀ ਸਿਹਤ ਕਾਫ਼ੀ ਖ਼ਰਾਬ ਹੈ, ਇਸ ਲਈ ਉਨ੍ਹਾਂ ਨੇ ਖ਼ੁਦ ਚੋਣ ਮੈਦਾਨ ਵਿਚ ਉਤਰਨ ਤੋਂ ਮਨ੍ਹਾ ਕਰ ਦਿੱਤਾ ਹੈ। ਕੀ ਉਹ ਵਿਰੋਧੀ ਦੇ ਪੁੱਤਰ ਨੂੰ ਵੋਟ ਦਿਵਾਉਣਗੇ, ਜਾਂ ਆਪਣੀ ਪੁਰਾਣੀ ਪਾਰਟੀ ਦਾ ਦਰਦ ਉਨ੍ਹਾਂ ਵਿਚ ਫਿਰ ਜਾਗੇਗਾ, ਇਹ ਦੇਖਣ ਵਾਲੀ ਗੱਲ ਹੋਵੇਗੀ ? ਤੋਤਾ ਸਿੰਘ ਆਪਣੇ ਪੁੱਤ ਨੂੰ ਟਿਕਟ ਤਾਂ ਦਿਲਵਾ ਗਏ ਪਰ ਇਹ ਰਾਹ ਉਨ੍ਹਾਂ ਲਈ ਆਸਾਨ ਨਹੀਂ ਹੈ।

**ਜੈਨ ਧੜਾ ਖਾਮੋਸ਼ :** ਜਿੱਥੇ ਬਰਜਿੰਦਰ ਸਿੰਘ ਬਰਾੜ ਨੂੰ ਮੋਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਮਿਲਣ ਕਾਰਨ ਤੋਤਾ ਸਿੰਘ ਧੜੇ ਵਿਚ ਖ਼ੁਸ਼ੀ ਦੀ ਲਹਿਰ ਹੈ, ਉਥੇ ਮੌਜੂਦਾ ਵਿਧਾਇਕ ਜੋਗਿੰਦਰਪਾਲ ਜੈਨ ਧੜੇ ਵਿਚ ਖਾਮੋਸ਼ੀ ਛਾਈ ਹੋਈ ਹੈ। ਪਾਰਟੀ ਵਿਚ ਰਹਿ ਕੇ ਜੈਨ ਧੜਾ ਬਰਜਿੰਦਰ ਸਿੰਘ ਦਾ ਖੁੱਲ੍ਹ ਕੇ ਵਿਰੋਧ ਨਹੀਂ ਕਰ ਸਕੇਗਾ, ਅਜਿਹੇ ਵਿਚ ਉਹ ਪਾਰਟੀ ਛੱਡ ਕੇ ਕਾਂਗਰਸ ਵਿਚ ਜਾ ਸਕਦਾ ਹੈ।

## ਅਕਾਲੀ ਦਲ ਦੇ ਚਾਰ ਹੋਰ ਉਮੀਦਵਾਰ ਮੈਦਾਨ ਵਿਚ, 3 ਵਿਧਾਇਕਾਂ ਦੀ ਟਿਕਟ ਕੱਟੀ

### ਹੁਣ ਤਕ 82 ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਤੀਸਰੀ ਸੂਚੀ ਵਿਚ ਚਾਰ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਮੋਗਾ ਸੀਟ 'ਤੇ ਬਰਜਿੰਦਰ ਸਿੰਘ ਮੱਖਣ ਬਰਾੜ, ਸ੍ਰੀ ਹਰਗੋਬਿੰਦਪੁਰ ਤੋਂ ਮਨਜੀਤ ਸਿੰਘ ਮੰਨਾ, ਜੰਡਿਆਲਾ ਗੁਰੂ ਤੋਂ ਡਾ. ਦਲਬੀਰ ਸਿੰਘ ਵੇਰਕਾ ਤੇ ਬਾਬਾ ਬਕਾਲਾ ਤੋਂ ਮਲਕੀਅਤ ਸਿੰਘ ਨੂੰ ਉਤਾਰਿਆ ਹੈ। ਪਾਰਟੀ ਹੁਣ ਤਕ 82 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਇਸ ਸੂਚੀ ਵਿਚ ਤਿੰਨ ਵਿਧਾਇਕਾਂ ਦਾ ਟਿਕਟ ਕੱਟਿਆ ਹੈ। ਜਿਨ੍ਹਾਂ ਵਿਚ ਜੋਗਿੰਦਰਪਾਲ ਜੈਨ, ਬਲਜੀਤ ਸਿੰਘ ਜਲਾਲਉਸਮਾਂ ਤੇ ਦੇਸਰਾਜ ਧੁੱਗਾ ਸ਼ਾਮਲ ਹਨ। ਸ੍ਰੀਹਰਗੋਬਿੰਦਪੁਰ ਤੋਂ ਮੌਜੂਦਾ ਵਿਧਾਇਕ ਤੇ ਮੁੱਖ ਪਾਰਲੀਮਾਨੀ ਸਕੱਤਰ ਦੇਸਰਾਜ ਧੁੱਗਾ ਦਾ ਟਿਕਟ ਕੱਟ ਕੇ ਮਨਜੀਤ ਸਿੰਘ ਮੰਨਾ ਨੂੰ ਦੇ ਦਿੱਤਾ ਹੈ। ਮੰਨਾ ਇਸ ਸਮੇਂ ਬਾਬਾ ਬਕਾਲਾ ਰਿਜ਼ਰਵ ਹਲਕੇ ਤੋਂ ਪਾਰਟੀ ਦੀ ਪ੍ਰਤੀਨਿਧਤਾ ਕਰ ਰਹੇ ਹਨ। ਜੰਡਿਆਲਾ ਗੁਰੂ ਤੋਂ ਡਾ. ਦਲਬੀਰ ਸਿੰਘ ਵੇਰਕਾ ਨੂੰ ਫੇਰ ਤੋਂ ਟਿਕਟ ਦਿੱਤਾ ਗਿਆ ਹੈ। 2012 ਵਿਚ ਉਨ੍ਹਾਂ ਦੀ ਟਿਕਟ ਕੱਟ ਕੇ ਬਲਜੀਤ ਸਿੰਘ ਜਲਾਲਉਸਮਾਂ ਨੂੰ ਦਿੱਤੀ ਸੀ, ਜੋ ਜਿੱਤੇ ਸਨ। 2012 ਦੀਆਂ ਚੋਣਾਂ ਵਿਚ ਡਾ. ਵੇਰਕਾ ਦੀ ਟਿਕਟ ਕੱਟਣ ਦੇ ਏਵਜ ਵਿਚ ਉਨ੍ਹਾਂ ਨੂੰ ਸਰਵਿਸ ਕਮਿਸ਼ਨ ਵਿਚ ਮੈਂਬਰ ਲਾਇਆ ਗਿਆ ਸੀ। ਮੋਗਾ ਤੋਂ ਜੋਗਿੰਦਰਪਾਲ ਜੈਨ ਦੀ ਬਜਾਏ ਬਰਜਿੰਦਰ ਮੱਖਣ ਬਰਾੜ ਨੂੰ ਟਿਕਟ ਦਿੱਤੀ ਗਈ ਹੈ। ਹਾਲਾਂਕਿ ਬਿਮਾਰ ਰਹਿਣ ਕਾਰਨ ਜੈਨ ਪਹਿਲਾਂ ਹੀ ਕਹਿ ਚੁੱਕੇ ਸਨ ਕਿ ਉਹ ਚੋਣ ਨਹੀਂ ਲੜਨਗੇ। ਅਕਾਲੀ ਦਲ ਹੁਣ ਤਕ ਜਾਰੀ ਸੂਚੀ ਵਿਚ 14 ਵਿਧਾਇਕਾਂ ਨੂੰ ਬਾਹਰ ਦਾ ਰਸਤਾ ਦਿਖਾ ਚੁੱਕਾ ਹੈ।

### ਮੋਗਾ ਤੋਂ ਸੁਖਬੀਰ ਦੇ ਲੜਨ ਦੀਆਂ ਅਕਟਲਾਂ 'ਤੇ ਵਿਰਾਮ

**ਮੋਗਾ/ਬਿਊਰੋ ਨਿਊਜ਼,** ਅਕਾਲੀ ਦਲ ਵਲੋਂ ਮੋਗਾ ਤੋਂ ਟਿਕਟ ਦੇ ਐਲਾਨ ਵਿਚ ਦੇਰੀ ਕਾਰਨ ਅਟਕਲਾਂ ਸ਼ੁਰੂ ਹੋ ਗਈਆਂ ਸਨ ਕਿ ਇਥੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ੁਦ ਚੋਣ ਲੜਨ ਦੇ ਇਛੁੱਕ ਹਨ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤੀਸਰੀ ਸੂਚੀ ਜਾਰੀ ਕਰਕੇ ਵਿਰਾਮ ਲਾ ਦਿੱਤਾ ਹੈ। ਹੁਣ ਮੋਗਾ ਸੀਟ ਤੋਂ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ ਅਕਾਲੀ ਦਲ ਦੀ ਟਿਕਟ ਦਿੱਤੀ ਗਈ ਹੈ।



## ਅਕਾਲੀ ਦਲ ਨੂੰ ਵੱਡਾ ਝਟਕਾ, ਦੋ ਵਿਧਾਇਕਾਂ ਸਮੇਤ ਚਾਰ ਆਗੂ ਕਾਂਗਰਸ 'ਚ ਸ਼ਾਮਲ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ 2017 ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਪਾਰਟੀ ਦੇ 2 ਵਿਧਾਇਕਾਂ ਸਮੇਤ ਚਾਰ ਆਗੂ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਬਾਘਾ ਪੁਰਾਣਾ ਤੋਂ ਵਿਧਾਇਕ ਮਹੇਸ਼ਇੰਦਰ ਸਿੰਘ ਅਤੇ ਨਿਹਾਲ ਸਿੰਘ ਵਾਲਾ ਤੋਂ ਵਿਧਾਇਕਾ ਰਾਜਵਿੰਦਰ ਕੌਰ ਭਾਗੀਕੇ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਇਹ ਦੋਵੇਂ ਲੀਡਰ ਪਾਰਟੀ ਵੱਲੋਂ ਟਿਕਟ ਕੱਟੇ ਜਾਣ ਤੋਂ ਬਾਅਦ ਨਾਰਾਜ਼ ਚੱਲ ਰਹੇ ਸਨ। ਦੋਹਾਂ ਵਿਧਾਇਕਾਂ ਨੇ ਕਿਹਾ ਕਿ ਉਨ੍ਹਾਂ ਦੀ ਵਫ਼ਾਦਾਰੀ ਦਾ ਬਾਦਲਾਂ ਨੇ ਮੁੱਲ ਨਹੀਂ ਪਾਇਆ। ਉਹ ਪਾਰਟੀ ਪ੍ਰਤੀ ਵਫ਼ਾਦਾਰ ਸਨ ਪਰ ਬਾਦਲਾਂ ਦੀ ਗੁਲਾਮੀ ਨਹੀਂ ਕਬੂਲੀ, ਇਸ ਕਰਕੇ ਹੀ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ। ਇਨ੍ਹਾਂ ਤੋਂ ਇਲਾਵਾ ਫਿਲੌਰ ਤੋਂ ਸਮਾਜ ਸੇਵੀ ਅਜੇ ਸ਼ਰਮਾ ਤੇ ਪ੍ਰੀਤਮ ਸਿੰਘ ਕੋਟਭਾਈ ਵੀ ਕਾਂਗਰਸ ਵਿਚ ਸ਼ਾਮਲ ਹੋ





ਗਏ ਹਨ। ਦਰਅਸਲ ਵਿਧਾਨ ਸਭਾ ਚੋਣਾਂ 2017 ਲਈ ਉਮੀਦਵਾਰਾਂ ਦਾ ਐਲਾਨ ਕਰਦਿਆਂ ਹੀ ਅਕਾਲੀ ਦਲ ਵਿਚ ਬਗ਼ਾਵਤੀ ਸੁਰ ਉੱਠਣੇ ਸ਼ੁਰੂ ਹੋ ਗਏ ਹਨ। ਟਿਕਟਾਂ ਕੱਟੇ ਜਾਣ ਤੋਂ ਨਾਰਾਜ਼ ਅਕਾਲੀ ਵਿਧਾਇਕਾਂ ਵੱਲੋਂ ਪਾਰਟੀ ਛੱਡਣ ਦਾ ਸਿਲਸਲਾ ਜਾਰੀ ਹੈ। ਪਾਰਟੀ ਵੱਲੋਂ ਟਿਕਟ ਨਾ ਦੇਣ ਦੇ ਐਲਾਨ ਤੋਂ ਬਾਅਦ ਬਾਘਾਪੁਰਾਣਾ ਦੇ ਅਕਾਲੀ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਨੇ ਆਪਣੇ ਹਮਾਇਤੀਆਂ ਸਮੇਤ ਪਾਰਟੀ ਵਿੱਚੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਇਹ ਵੀ ਇਲਜ਼ਾਮ ਲਗਾਇਆ ਕਿ ਪਾਰਟੀ ਖ਼ਿਲਾਫ਼ ਆਵਾਜ਼ ਚੁੱਕਣ ਤੋਂ ਨਾਰਾਜ਼ ਅਕਾਲੀ ਸਰਕਾਰ ਨੇ ਉਨ੍ਹਾਂ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ। ਵਿਧਾਇਕ ਮਹੇਸ਼ ਇੰਦਰ ਸਿੰਘ ਨੇ ਅਸਤੀਫਾ ਦੇਣ ਸਮੇਂ ਇਲਜ਼ਾਮ ਲਗਾਇਆ ਸੀ ਕਿ ਪਾਰਟੀ ਵਿਚ ਬਗਾਵਤ ਕਰਨ ਦੇ ਚੱਲਦੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਦਾ ਸਿਲਸਲਾ ਚੱਲ ਰਿਹਾ ਸੀ। ਉਨ੍ਹਾਂ ਦੀ ਰਿਹਾਇਸ਼ 'ਤੇ ਪੁਲੀਸ ਨੇ ਛਾਪੇਮਾਰੀ ਕੀਤੀ ਤੇ ਗੈਂਗਸਟਰਾਂ ਨਾਲ ਸਬੰਧਾਂ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਨ ਦੀ ਧਮਕੀ ਦਿੱਤੀ। ਪੁਲੀਸ ਨੇ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਨ ਲਈ ਵੀ ਕਿਹਾ ਤੇ ਸਾਫ਼ ਕਰ ਦਿੱਤਾ ਕਿ ਜੇ ਅਕਾਲੀ ਦਲ ਛੱਡਿਆ ਤਾਂ ਉਨ੍ਹਾਂ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਟਿਕਟ ਕੱਟਣ ਦੇ ਰੋਸ ਵਜੋਂ ਨਹੀਂ, ਸਗੋਂ ਘਰੇ ਪੁਲੀਸ ਭੇਜ ਕੇ ਬੇਇਜ਼ਤ ਕਰਨ ਦੇ ਰੋਸ ਵਜੋਂ ਪਾਰਟੀ ਛੱਡੀ ਹੈ।

# ਵਿਚਾਰਧਾਰਾ ਆਧਾਰਤ ਸਿਆਸਤ ਤੋਂ ਕਿਨਾਰਾ, ਦਲ ਬਦਲੀ ਦਾ ਸਹਾਰਾ

### ਬਾਗ਼ੀ ਸੁਰਾਂ ਬਣੀਆਂ ਪਾਰਟੀਆਂ ਲਈ ਚੁਣੌਤੀ

ਚੰਡੀਗੜ੍ਹ/ਬਿਊਰੋ ਨਿਊਜ਼ : ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਵਾਂ ਦੇ ਐਲਾਨ ਦੇ ਨਾਲ ਹੀ ਸਿਆਸੀ ਪਾਰਟੀਆਂ ਨੂੰ ਅੰਦਰੂਨੀ ਬਗ਼ਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਿਕਟ ਨਾ ਮਿਲਣ ਦੀ ਆਸ ਖਤਮ ਹੋਣ 'ਤੇ ਵਿਧਾਇਕ ਜਾਂ ਚਾਹਵਾਨ ਆਗੂ ਪਾਲਾ ਬਦਲ ਰਹੇ ਹਨ। ਚੋਣ ਪ੍ਰਣਾਲੀ ਵਿੱਚ ਧਨ ਅਤੇ ਬਾਹੂਬਲ ਦੇ ਦਖ਼ਲ ਅਤੇ ਵਿਅਕਤੀ-ਕੇਂਦਰਤ ਸਿਆਸਤ ਕਾਰਨ ਹੁਣ ਲੋਕਲ ਆਗੂ ਆਪਣਾ ਆਧਾਰ ਗੁਆਉਂਦੇ ਜਾ ਰਹੇ ਹਨ ਤੇ ਬਾਗ਼ੀਆਂ ਨੂੰ ਮਨਾਉਣ ਦੀ ਜ਼ਹਿਮਤ ਵੀ ਨਹੀਂ ਉਠਾਈ ਜਾ ਰਹੀ।ਸੀਨੀਅਰ ਪੱਤਰਕਾਰ ਹਮੀਰ ਸਿੰਘ ਦੀ ਰਿਪੋਰਟ ਅਨੁਸਾਰ ਪਾਰਟੀਆਂ ਨਾਲ ਪ੍ਰਤੀਬੱਧਤਾ ਉੱਤੇ ਜਿੱਤ ਦੀ ਸਮਰੱਥਾ ਦੀ ਦਲੀਲ ਭਾਰੂ ਪੈਂਦੀ ਜਾ ਰਹੀ ਹੈ। ਇਸੇ ਦਲੀਲ ਦੇ ਆਧਾਰ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਘਾ ਪੁਰਾਣਾ ਤੋਂ ਆਪਣੇ ਵਿਧਾਇਕ ਮਹੇਸ਼ ਇੰਦਰ ਸਿੰਘ, ਨਿਹਾਲ ਸਿੰਘ ਵਾਲਾ ਤੋਂ ਰਾਜਵਿੰਦਰ ਕੌਰ ਭਾਗੀਕੇ, ਕਰਤਾਰਪੁਰ ਤੋਂ ਸਰਵਣ ਸਿੰਘ ਫਿਲੌਰ, ਫਿਲੌਰ ਤੋਂ ਅਵਿਨਾਸ਼ ਚੰਦਰ ਅਤੇ ਸ੍ਰੀ ਹਰਗੋਬਿੰਦਪੁਰ ਤੋਂ ਦੇਸ ਰਾਜ ਧੁੱਗਾ ਦੀ ਟਿਕਟ ਕੱਟਣ ਕਰਕੇ ਬਗ਼ਾਵਤ ਦਾ ਮਾਹੌਲ ਹੈ। ਪਾਰਟੀ ਨੇ ਕੁੱਝ ਦਿਨ ਪਹਿਲਾਂ ਕਾਂਗਰਸ ਵਿਚੋਂ ਆਏ ਕਬੀਰ ਦਾਸ ਨੂੰ ਨਾਭਾ ਤੋਂ ਉਮੀਦਵਾਰ ਐਲਾਨ ਦਿੱਤਾ ਹੈ। ਇਸ ਦਾ ਕਾਰਨ ਇੱਕ ਖਾਸ ਡੇਰੇ ਦੀ ਹਮਦਰਦੀ ਹਾਸਲ ਕਰਨਾ ਸਮਝਿਆ ਜਾ ਰਿਹਾ ਹੈ। ਦਲ ਬਦਲੀ ਦੇ ਰੁਝਾਨ ਨੂੰ ਹੋਰ ਤੇਜ਼ ਕਰਨ ਲਈ ਅਕਾਲੀ ਦਲ ਨੇ ਮੋਗਾ ਅਤੇ ਤਲਵੰਡੀ ਸਾਬੋ ਤੋਂ ਕਾਂਗਰਸ ਵਿਧਾਇਕਾਂ ਤੋਂ ਅਸਤੀਫ਼ੇ ਦਿਵਾ ਕੇ ਉਪ ਚੋਣ ਨੂੰ ਸੱਦਾ ਦਿੱਤਾ ਅਤੇ ਮੁੜ ਉਨ੍ਹਾਂ ਨੂੰ ਹੀ ਅਕਾਲੀ ਦਲ ਦੇ ਵਿਧਾਇਕ ਬਣਵਾਇਆ। ਭਾਜਪਾ ਨੇ ਲੋਕ ਸਭਾ ਚੋਣਾਂ ਅਤੇ ਹੋਰਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਸਮੇਂ ਕਈ ਆਗੂਆਂ ਨੂੰ ਦਲ ਬਦਲੀ ਕਰਵਾ ਕੇ ਟਿਕਟਾਂ ਦਿੱਤੀਆਂ ਸਨ। ਪੰਜਾਬ ਵਿੱਚ ਅਜੇ ਟਿਕਟਾਂ ਦੇ ਮਾਮਲੇ ਵਿੱਚ ਪਾਰਟੀ ਪੂਰੀ ਸਰਗਰਮ ਨਜ਼ਰ ਨਹੀਂ ਆਉਂਦੀ। ਕੁਝ ਸਮਾਂ ਪਹਿਲਾਂ ਪਰਗਟ ਸਿੰਘ ਨੇ ਅਕਾਲੀ ਦਲ ਅਤੇ ਡਾ. ਨਵਜੋਤ ਕੌਰ ਸਿੱਧੂ ਨੇ ਭਾਜਪਾ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਵਿੱਚ ਪੈਰ ਧਰ ਲਿਆ ਹੈ। ਇਨ੍ਹਾਂ ਦੀ ਟਿਕਟ ਦੀ ਚਾਹਤ ਕਰਕੇ ਕਾਂਗਰਸ ਦੇ ਸਥਾਨਕ ਆਗੂ ਬਗ਼ਾਵਤ ਦੇ ਰੌਂਅ ਵਿੱਚ ਹਨ। ਜਲੰਧਰ ਕੈਂਟ ਤੋਂ ਵਿਧਾਇਕ ਰਹੇ ਅਤੇ 2012 ਦੀ ਚੋਣ ਪਰਗਟ ਸਿੰਘ ਤੋਂ ਹਾਰੇ ਜਗਬੀਰ ਸਿੰਘ ਬਰਾੜ ਅਤੇ ਉਨ੍ਹਾਂ ਦੇ ਸਮਰਥਕ ਕਿਸੇ ਵੀ ਹਾਲਤ ਵਿੱਚ ਚੋਣ ਲੜਨ ਦਾ ਸੰਕੇਤ ਦੇ ਰਹੇ ਹਨ। ਨਵਜੋਤ ਸਿੱਧੂ ਦੇ ਖ਼ਿਲਾਫ਼ ਵੀ ਜਸਵੀਰ ਸਿੰਘ ਡਿੰਪਾ ਸਮੇਤ ਕਈ ਆਗੂ ਬਗ਼ਾਵਤ ਕਰ ਸਕਦੇ ਹਨ। ਕਾਂਗਰਸ ਨੇ ਫਿਲਹਾਲ ਟਿਕਟਾਂ ਦਾ ਐਲਾਨ ਨਹੀਂ ਕੀਤਾ ਪਰ ਟਿਕਟਾਂ ਦੇ ਐਲਾਨ ਨਾਲ ਬਾਗ਼ੀ ਸੁਰਾਂ ਤੇਜ਼ ਹੋਣ ਦੇ ਆਸਾਰ ਹਨ। ਅਮਰਿੰਦਰ ਸਿੰਘ ਦੂਜੀਆਂ ਪਾਰਟੀਆਂ ਵਿੱਚੋਂ ਆਉਣ ਵਾਲਿਆਂ ਨੂੰ ਟਿਕਟ ਦੇਣ ਦੇ ਪੱਖ ਵਿੱਚ ਖੁੱਲ੍ਹ ਕੇ ਸਟੈਂਡ ਲੈ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਅਕਤੀਆਂ ਨਾਲੋਂ ਜਿੱਤ ਜ਼ਿਆਦਾ ਮਹੱਤਵਪੂਰਨ ਹੈ। ਸੂਤਰਾਂ ਅਨੁਸਾਰ ਕਾਂਗਰਸ ਵਿੱਚ ਅਕਾਲੀ ਦਲ ਦੇ ਦੋ ਵਾਰ ਸੰਸਦ ਮੈਂਬਰ ਅਤੇ ਨਾਰਾਜ਼ ਚਲੇ ਆ ਰਹੇ ਸ਼ੇਰ ਸਿੰਘ ਘੁਬਾਇਆ ਦੇ ਬੇਟੇ ਨੂੰ ਵੀ ਫ਼ਾਜ਼ਿਲਕਾ ਤੋਂ ਟਿਕਟ ਦੇਣ ਬਾਰੇ ਗੰਭੀਰ ਵਿਚਾਰ ਹੋ ਰਹੀ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਵਾਲੰਟੀਅਰ ਵੀ ਟਿਕਟਾਂ ਨਾ ਮਿਲਣ ਤੋਂ ਨਾਰਾਜ਼ ਹੋ ਕੇ ਬਾਗ਼ੀ ਹੁੰਦੇ ਦਿਖਾਈ ਦੇ ਰਹੇ ਹਨ। 'ਆਪ' ਨੇ ਵੀ ਹੋਰ ਪਾਰਟੀਆਂ ਵਿੱਚੋਂ ਆਏ ਅਤੇ ਪੈਸੇ ਵਾਲੇ ਕਈ ਵਾਲੰਟੀਅਰਾਂ ਨੂੰ ਟਿਕਟਾਂ ਦਿੱਤੀਆਂ ਹਨ। ਆਪਣੇ ਐਨਆਰਆਈ ਵਿੰਗ ਦੇ ਮੁਖੀ ਜਗਤਾਰ ਸਿੰਘ ਸੰਘੇੜਾ ਸਮੇਤ ਚਾਰ ਟਿਕਟਾਂ ਕੱਟ ਵੀ ਦਿੱਤੀਆਂ ਹਨ।ਇਸ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਵਿਚਾਰਧਾਰਾ ਆਧਾਰਤ ਸਿਆਸਤ ਤੋਂ ਕਿਨਾਰੇ ਕਾਰਨ ਦਲ ਬਦਲੀ ਦਾ ਰੁਝਾਨ ਤੇਜ਼ ਹੋਇਆ ਹੈ, ਕਿਉਂਕਿ ਹੁਣ ਹਰ ਵਿਅਕਤੀ ਸਿਰਫ਼ ਸੱਤਾ ਹਾਸਲ ਕਰਨ ਲਈ ਆਉਂਦਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਆਸ਼ੂਤੋਸ਼ ਕੁਮਾਰ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਪਾਰਟੀਆਂ ਦਾ ਚਰਿੱਤਰ ਬਦਲ ਗਿਆ ਹੈ। ਹੁਣ ਪਾਰਟੀਆਂ ਕੇਡਰ ਦੇ ਆਧਾਰ 'ਤੇ ਨਹੀਂ, ਬਲਕਿ ਕੁੱਝ ਵਿਅਕਤੀਆਂ ਉੱਤੇ ਕੇਂਦਰਿਤ ਹੋ ਕੇ ਰਹਿ ਗਈਆਂ ਹਨ। ਅਕਾਲੀ ਦਲ ਦੀ ਪੂਰੀ ਚੋਣ ਮੁਹਿੰਮ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਉੱਤੇ ਨਿਰਭਰ ਹੈ। ਕਾਂਗਰਸ ਅਮਰਿੰਦਰ ਨੂੰ ਕੇਂਦਰ ਵਿੱਚ ਰੱਖ ਕੇ ਪੂਰੀ ਚੋਣ ਰਣਨੀਤੀ ਉਲੀਕ ਰਹੀ ਹੈ। 'ਆਪ' ਕੋਲ ਕੇਜਰੀਵਾਲ ਦਾ ਨਾਮ ਹੀ ਤਰੁੱਪ ਦਾ ਪੱਤਾ ਹੈ। ਹੁਣ ਬਾਗ਼ੀਆਂ ਦੇ ਤੌਰ ਉੱਤੇ ਆਜ਼ਾਦ ਉਮੀਦਵਾਰ ਵਜੋਂ ਉਹੀ ਆਗੂ ਚੋਣ ਲੜਨਗੇ, ਜਿਨ੍ਹਾਂ ਨੂੰ ਵਿਰੋਧੀ ਧਿਰਾਂ ਚੋਣ ਪ੍ਰਚਾਰ ਲਈ ਪੈਸਾ ਅਤੇ ਸਾਧਨ ਮੁਹੱਈਆ ਕਰਵਾਉਣਗੀਆਂ। ਚੋਣਾਂ ਨੂੰ ਸਿਆਸਤ ਤੋਂ ਜ਼ਿਆਦਾ ਪ੍ਰਬੰਧਕੀ ਤਰਜ਼ ਉੱਤੇ ਜ਼ਿਆਦਾ ਵਿਉਂਤਿਆ ਜਾ ਰਿਹਾ ਹੈ।

# ਗੈਂਗਸਟਰਾਂ ਦੀ ਪੂਰੇ ਪੰਜਾਬ 'ਚ ਦਹਿਸ਼ਤ

## ਰਾਜਸਥਾਨ, ਹਰਿਆਣਾ, ਉੱਤਰ ਪ੍ਰਦੇਸ਼ 'ਚ ਵੀ ਪੁਲੀਸ ਲਈ ਬਣੇ ਸਿਰ ਦਰਦ

ਜਲੰਧਰ/ਬਿਊਰੋ ਨਿਊਜ਼ : ਪੰਜਾਬ ਦੇ ਗੈਂਗਸਟਰ ਹੁਣ ਸੂਬੇ ਵਿਚ ਹੀ ਨਹੀਂ ਬਲਕਿ ਰਾਜਸਥਾਨ, ਹਰਿਆਣਾ, ਯੂ.ਪੀ. ਵਿਚ ਵੀ ਪੁਲੀਸ ਲਈ ਸਿਰ ਦਰਦ ਬਣਦੇ ਜਾ ਰਹੇ ਹਨ। ਗੈਂਗਸਟਰਾਂ ਦਾ ਅਤਿਵਾਦੀ ਦਿਨ-ਪ੍ਰਤੀਦਿਨ ਵਧਦਾ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਆਪਸੀ ਦੁਸ਼ਮਣੀ ਕਾਰਨ ਸੂਬੇ ਵਿਚ ਦਹਿਸ਼ਤ ਵਧਦੀ ਜਾ ਰਹੀ ਹੈ। ਹਾਲਾਤ ਇਹ ਹਨ ਕਿ ਗੈਂਗਸਟਰ ਹੁਣ ਖੁਲੇਆਮ ਫ਼ੇਸਬੁਕ 'ਤੇ ਚੁਣੌਤੀ ਦੇ ਕੇ ਸਬਕ ਸਿਖਾਉਣ ਦੀਆਂ ਧਮਕੀਆਂ ਦੇਣ ਲੱਗੇ ਹਨ। ਪੰਜਾਬ ਦੇ ਗੈਂਗਸਟਰਾਂ ਨੇ ਹੀ ਹਿਮਾਚਲ ਦੇ ਸੋਲਨ ਵਿਚ ਰੋਕੀ ਹਤਿਆਕਾਂਡ ਨੂੰ ਅੰਜਾਮ ਦਿੱਤਾ ਸੀ ਅਤੇ ਬਾਅਦ ਵਿਚ ਸ਼ਰ੍ਹੇਆਮ ਉਸ ਦੀ ਹੱਤਿਆ ਦੀ ਜ਼ਿੰਮੇਵਾਰੀ ਲੈ ਕੇ ਐਸ.ਐਸ.ਪੀ. ਤਕ ਨੂੰ ਚੁਣੌਤੀ ਦੇ ਦਿੱਤੀ ਸੀ।

ਸੀਨੀਅਰ ਪੱਤਰਕਾਰ ਸੁਰਿੰਦਰ ਪਾਲ ਵਲੋਂ ਇਕੱਤਰ ਵੇਰਵਿਆਂ ਅਨੁਸਾਰ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਖੁਦ ਕਹਿ ਚੁੱਕੇ ਹਨ ਕਿ ਸੂਬੇ 'ਚ 450 ਤੋਂ ਵੱਧ ਗੈਂਗਸਟਰ ਮੌਜੂਦ ਹਨ। ਜਾਣਕਾਰਾਂ ਅਨੁਸਾਰ ਜ਼ਿਆਦਾਤਰ ਗੈਂਗਾਂ ਦੇ ਮੁਖੀ ਜੇਲ੍ਹਾਂ ਵਿਚ ਬੰਦ ਹਨ ਅਤੇ ਉਥੋਂ ਹੀ ਗੈਂਗਾਂ ਦਾ ਸੰਚਾਲਨ ਕਰਦੇ ਹਨ। ਸੂਬੇ ਵਿਚ ਸਭ ਤੋਂ ਵੱਧ ਦਹਿਸ਼ਤ ਗੌਂਡਰ ਗੈਂਗ, ਮੱਲੀ ਤੇ ਬਚਿੱਤਰ ਗੈਂਗ, ਲਾਰੇਂਸ ਬਿਸ਼ਨੋਈ, ਜਗਦੀਪ ਜੱਗੂ, ਕਾਲਾ ਮਾਨ, ਨੋਨੀ ਨੇਪਾਲੀ, ਸ਼ੇਰਾ ਖੁੱਬਨ, ਨਰੂਆਣਾ ਗੈਂਗ, ਰੱਮੀ ਮਛਾਣਾ, ਭਾਟੀ ਗੈਂਗ, ਰਣਜੀਤ ਜੀਤਾ ਗੈਂਗ ਦੀ ਹੈ। ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਪੰਜਾਬ ਦੇ ਗੈਂਗਸਟਰਾਂ ਦਾ ਯੂ.ਪੀ. ਦੇ ਅਪਰਾਧੀਆਂ ਨਾਲ ਕਾਫੀ ਮੇਲਜੋਲ ਵਧਿਆ ਹੈ, ਜਿਸ ਕਾਰਨ ਹਥਿਆਰ ਤੇ ਲੁਕਣ ਦੇ ਠਿਕਾਣਿਆਂ ਦੀ ਗੈਂਗਸਟਰਾਂ ਨੂੰ ਕੋਈ ਫ਼ਿਕਰ ਨਹੀਂ ਰਹਿੰਦੀ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿਚ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਗੈਂਗਸਟਰ ਯੂ.ਪੀ. ਵੱਲ ਚਲੇ ਜਾਂਦੇ ਹਨ ਅਤੇ ਉਥੋਂ ਹੀ ਆਪਣਾ ਨੈਟਵਰਕ ਚਲਾਉਂਦੇ ਹਨ।



### ਨੋਨੀ ਨੇਪਾਲੀ ਗੈਂਗ ਕਰ ਚੁੱਕਾ ਹੈ ਏ.ਐਸ.ਆਈ. ਦੀ ਹੱਤਿਆ :

ਜਲੰਧਰ ਦੇ ਹੀ ਨੋਨੀ ਨੇਪਾਲੀ ਗੈਂਗ ਦਾ ਵੀ ਖੌਫ਼ ਹੈ। ਇਸ ਗੈਂਗ ਦੇ ਪੁਸ਼ਪਿੰਦਰ ਨੋਟੀ ਨੇ ਹਵੇਲੀ ਰੇਸਤਰਾਂ ਨਜ਼ਦੀਕ 31 ਮਾਰਚ 2014 ਨੂੰ ਪੰਜਾਬ ਪੁਲੀਸ ਦੇ ਟ੍ਰੈਫਿਕ ਏ.ਐਸ.ਆਈ. ਗੁਰਦੇਵ ਸਿੰਘ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਨੋਨੀ ਆਪਣੇ ਦੋਸਤ ਯੂ.ਕੇ. ਸਿਟੀਜਨ ਤਲਵਿੰਦਰ ਟੈਲੀ, ਪਲਵਿੰਦਰ ਪਿੰਦਾ ਲੋਹੀਆਂ ਤੇ ਇੱਕ ਹੋਰ ਸਾਥੀ ਨਾਲ ਹਵੇਲੀ ਰੇਸਤਰਾਂ 'ਚ ਗਿਆ ਸੀ। ਉੱਥੇ ਉਸ ਦੇ ਸਾਥੀ ਇਕ ਬਾਥਰੂਮ 'ਚ ਜਾ ਕੇ ਹੈਰੋਇਨ ਪੀ ਰਹੇ ਸਨ। ਅੰਦਰ ਪੁੱਜੇ ਕਾਂਸਟੇਬਲ ਨੇ ਉਨ੍ਹਾਂ ਨੂੰ ਰੋਕਿਆ। ਬਾਹਰ ਆ ਕੇ ਜਦੋਂ ਏ.ਐਸ.ਆਈ. ਨੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਗੋਲੀਆਂ ਚਲਾ ਕੇ ਉਸ ਦਾ ਕਤਲ ਕਰ ਦਿੱਤਾ ਗਿਆ।

### ਸ਼ੇਰਾ ਖੁੱਬਨ ਗੈਂਗ ਨਾਲ ਕਈ ਵੱਡੇ ਅਪਰਾਧੀ ਜੁੜੇ

ਸ਼ੇਰਾ ਖੁੱਬਨ ਗੈਂਗ ਫਿਰੋਜ਼ਪੁਰ ਵਿਚ ਮੌਜੂਦ ਹੈ। ਇਸ ਗੈਂਗ ਨਾਲ ਕਈ ਵੱਡੇ ਅਪਰਾਧੀ ਜੁੜੇ ਹਨ। ਬਠਿੰਡਾ ਪੁਲੀਸ ਨੇ ਐਨਕਾਉਂਟਰ 'ਚ ਸ਼ੇਰਾ ਖੁੱਬਨ ਨੂੰ ਮਾਰ ਮੁਕਾਇਆ ਸੀ। ਉਸ ਸਮੇਂ ਇਹ ਸ਼ੱਕ ਜ਼ਾਹਰ ਕੀਤਾ ਗਿਆ ਸੀ ਕਿ ਜਸਵਿੰਦਰ ਰੋਕੀ ਨੇ ਪੁਲੀਸ ਨੂੰ ਸ਼ੇਰਾ ਦੇ ਬਠਿੰਡਾ 'ਚ ਹੋਣ ਦੀ ਜਾਣਕਾਰੀ ਦਿੱਤੀ ਸੀ। ਪਿੰਡ ਨਰੂਆਣਾ ਦਾ ਕੁਲਬੀਰ ਨਰੂਆਣਾ ਕਦੇ ਬੱਬਰ ਗੈਂਗ ਦਾ ਮੈਂਬਰ ਸੀ। ਬੱਬਰ ਦੀ ਮੌਤ ਤੋਂ ਬਾਅਦ ਉਸ ਨੇ ਆਪਣੇ ਨਾਂ ਤੋਂ ਗੈਂਗ ਬਣਾ ਲਿਆ। ਬਾਅਦ 'ਚ ਉਹ ਰੋਕੀ ਗੈਂਗ ਨਾਲ ਜੁੜ ਗਿਆ ਅਤੇ ਕੁਲਬੀਰ ਨੇ ਕਈ ਵੱਡੀ ਵਾਰਦਾਤਾਂ ਨੂੰ ਅੰਜਾਮ ਦਿੱਤਾ। ਅੰਮ੍ਰਿਤਪਾਲ ਸਿੰਘ ਭਾਟੀ ਅੱਜਕਲ ਨਾਭਾ ਜੇਲ੍ਹ 'ਚ ਬੰਦ ਹੈ। ਉਸ 'ਤੇ ਵੱਖ-ਵੱਖ ਥਾਣਿਆਂ 'ਚ ਹੱਤਿਆ ਅਤੇ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਦਰਜ ਹਨ। ਭਾਟੀ ਨੇ ਲਗਭਗ ਤਿੰਨ ਸਾਲ ਪਹਿਲਾਂ ਆਪਣੇ ਸਾਥੀਆਂ ਸਮੇਤ ਮੱਛਰ ਗੈਂਗ ਦੇ ਮਾਸਟਰ ਮਾਈਂਡ ਪ੍ਰਦੀਪ ਕੁਮਾਰ ਉਰਫ਼ ਮੱਛਰ ਦੀ ਭੁੱਚੋ ਮੰਡੀ ਨਜ਼ਦੀਕ ਗੋਲੀਆ ਮਾਰ ਕੇ ਹੱਤਿਆ ਕਰ ਦਿੱਤੀ ਸੀ।

### ਇਨ੍ਹਾਂ ਗੈਂਗਾਂ ਵਿਚਕਾਰ ਚੱਲ ਰਹੀ ਹੈ ਦੁਸ਼ਮਣੀ :

ਪੰਜਾਬ ਵਿਚ ਇਸ ਸਮੇਂ ਸਭ ਤੋਂ ਵੱਧ ਖੌਫ ਗੌਂਡਰ ਗੈਂਗ ਦਾ ਹੈ। ਗੌਂਡਰ ਗੈਂਗ ਦੇ ਮੈਂਬਰਾਂ ਦੀ ਦੁਸ਼ਮਣੀ ਗੈਂਗਸਟਰ ਦਲਜੀਤ ਸਿੰਘ ਭਾਣਾ ਤੇ ਰਵੀ ਰਾਏਗੜ੍ਹ ਨਾਲ ਚੱਲ ਰਹੀ ਹੈ। ਕੁਲਪ੍ਰੀਤ ਸਿੰਘ ਤੇ ਰਵੀ ਰਾਏਗੜ੍ਹ ਨੇ ਪਿਛਲੇ ਦਿਨੀਂ ਫੇਸਬੁਕ 'ਤੇ ਇਕ-ਦੂਜੇ ਨੂੰ ਚੁਣੌਤੀ ਦੇ ਕੇ ਜੇਲ੍ਹ ਤੋਂ ਬਾਹਰ ਆ ਕੇ ਵੇਖ ਲੈਣ ਦੀ ਧਮਕੀ ਤਕ ਦਿੱਤੀ ਹੈ। ਉਥੇ ਹੀ ਦਲਜੀਤ ਸਿੰਘ ਭਾਣਾ ਦੀ ਦੁਸ਼ਮਣੀ ਪ੍ਰੇਮਾ ਲਾਹੌਰੀਆ ਨਾਲ ਚੱਲ ਰਹੀ ਹੈ ਅਤੇ ਪ੍ਰੇਮਾ 'ਤੇ ਹੀ ਸੁੱਖਾ ਕਾਹਲਵਾਂ ਦੀ ਪੁਲੀਸ ਹਿਰਾਸਤ ਵਿਚ ਹੱਤਿਆ ਦਾ ਦੋਸ਼ ਹੈ। ਉੱਥੇ ਹੀ ਆਨੰਦਪੁਰ ਸਾਹਿਬ ਤੇ ਨੂਰਪੁਰ ਬੇਦੀ ਵਿਚ ਕੇਸਰ ਮੱਲੀ ਤੇ ਬਚਿੱਤਰ ਗੈਂਗ ਦੀ ਦਹਿਸ਼ਤ ਹੈ ਅਤੇ ਇਨ੍ਹਾਂ ਦੋਨਾਂ ਵਿਚਾਲੇ ਆਪਸੀ ਜੰਗ ਚੱਲ ਰਹੀ ਹੈ। ਦੋਵੇਂ ਪਾਸਿਉਂ ਬਰਾਬਰ ਦਾ ਜੋਰ ਹੈ ਅਤੇ ਇਹ ਗੈਂਗ ਇਕ-ਦੂਜੇ 'ਤੇ ਹਮਲੇ ਕਰ ਕੇ ਆਪਣੀ ਦੁਸ਼ਮਣੀ ਨਿਭਾ ਰਹੇ ਹਨ। ਮੱਲੀ ਗੈਂਗ ਦੇ ਤਾਰ ਗੌਂਡਰ ਗੈਂਗ ਨਾਲ ਵੀ ਜੁੜੇ ਹੋਏ ਹਨ ਅਤੇ ਗੌਂਡਰ ਨਾਲ ਇਨ੍ਹਾਂ ਦੀ ਚੰਗੀ ਦੋਸਤੀ ਹੈ।

### ਜਲੰਧਰ ਦੇ ਗੈਂਗਸਟਰ ਭਾਣਾ ਨੂੰ ਸਿਆਸੀ ਪਨਾਹ

ਮਾਲਵਾ ਦੇ ਬਰਨਾਲਾ ਜ਼ਿਲ੍ਹੇ 'ਚ ਗੁਰੀਤ ਸਿੰਘ ਕਾਲਾ ਗੈਂਗ ਕਾਫੀ ਪ੍ਰਸਿੱਧ ਹੈ। ਕਾਲਾ ਤੇ ਗੈਂਗ ਦੇ ਮੈਂਬਰਾਂ 'ਤੇ 49 ਤੋਂ ਵੱਧ ਮਾਮਲੇ ਦਰਜ ਹਨ। ਉਹ ਜੇਲ੍ਹ ਤੋਂ ਆਪਣਾ ਗੈਂਗ ਆਪ੍ਰੇਟ ਕਰ ਰਿਹਾ ਹੈ। ਜਲੰਧਰ ਦਾ ਪ੍ਰੇਮਾ ਲਾਹੌਰੀਆ ਸੁੱਖਾ ਕਾਹਲਵਾਂ ਹੱਤਿਆ ਕਾਂਡ ਦਾ ਮਾਸਟਰ ਮਾਈਂਡ ਮੰਨਿਆ ਜਾਂਦਾ ਹੈ। ਇਸ ਸਮੇਂ ਉਹ ਫਰਾਰ ਹੈ। ਜਲੰਧਰ ਦੇ ਬਸਤੀ ਵਾਲਾ ਖੇਲ ਇਲਾਕੇ ਦੇ ਰਹਿਣ ਵਾਲੇ ਪ੍ਰੇਮਾ ਲਾਹੌਰੀਆ ਨੇ ਅਪਣੇ ਸਾਥੀ ਗੌਂਡਰ ਨਾਲ ਮਿਲ ਕੇ ਸੁੱਖਾ ਕਾਹਲਵਾਂ ਦਾ ਪੁਲੀਸ ਹਿਰਾਸਤ 'ਚ ਕਤਲ ਕਰ ਦਿੱਤਾ ਸੀ। ਫਗਵਾੜਾ-ਜਲੰਧਰ-ਲੁਧਿਆਣਾ ਹਾਈਵੇਅ 'ਤੇ ਫਗਵਾੜਾ ਦੇ ਡਿਵਾਇਨ ਪਬਲਿਕ ਸਕੂਲ ਨਜ਼ਦੀਕ 22 ਜਨਵਰੀ 2015 ਨੂੰ ਬੁੱਧਵਾਰ ਸ਼ਾਮ 5 ਵਜੇ 14-15 ਨੌਜਵਾਨਾਂ ਨੇ ਪੁਲੀਸ ਜੀਪ ਨੂੰ ਘੇਰ ਕੇ ਜਲੰਧਰ ਦੇ ਕਾਹਲਵਾਂ ਪਿੰਡ ਦੇ ਗੈਂਗਸਟਰ ਤੇ ਸ਼ਾਰਪ ਸ਼ੂਟਰ ਸੁੱਖਾ ਕਾਹਲਵਾਂ ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੁਲੀਸ ਪ੍ਰੇਮਾ ਦੇ ਪਿੱਛੇ ਪਈ ਹੋਈ ਹੈ, ਪਰ ਉਹ ਪੁਲੀਸ ਦੀ ਪਕੜ ਤੋਂ ਬਾਹਰ ਹੈ। ਪ੍ਰੇਮਾ ਦਾ ਦੁਸ਼ਮਣ ਜਲੰਧਰ ਦੇ ਬਸਿਤਯਾਨ ਇਲਾਕੇ ਦਾ ਦਲਜੀਤ ਸਿੰਘ ਭਾਣਾ ਹੈ, ਜੋ ਸੁੱਖਾ ਕਾਹਲਵਾਂ ਦਾ ਸਾਥੀ ਰਿਹਾ ਹੈ। 7 ਮਈ 2012 ਨੂੰ ਭਾਣਾ ਨੇ ਬਸਤੀ ਬਾਵਾ ਖੇਡ ਵਿਚ ਪ੍ਰੇਮਾ ਲਾਹੌਰੀਆ ਦੇ ਕਰੀਬੀ ਸਾਥੀ ਪ੍ਰਿੰਸ ਦੀ ਮੋਬਾਈਲ ਸ਼ਾਪ 'ਤੇ ਗੋਲੀਬਾਰੀ ਕਰ ਕੇ ਉਸ ਨੂੰ ਮਾਰ ਦਿੱਤਾ ਸੀ। ਭਾਣਾ ਦੇ ਸਿਰ 'ਤੇ ਕਈ ਆਗੂਆਂ ਦਾ ਹੱਥ ਦੱਸਿਆ ਜਾਂਦਾ ਹੈ। 2014 ਵਿਚ ਭਾਣਾ ਨੇ ਪ੍ਰਿੰਸ ਹੱਤਿਆ ਕਾਂਡ ਦੇ ਗਵਾਹ ਸਿਮਰਨਜੀਤ ਸਿੰਘ ਤੇ ਦੀਪਾਂਸ਼ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ ਤਾਂ ਕਿ ਉਸ ਵਿਰੁੱਧ ਗਵਾਹੀ ਨਾ ਦੇ ਸਕਣ ਅਤੇ ਭਾਣਾ ਫਰਾਰ ਹੋ ਗਿਆ ਸੀ। ਭਾਣਾ ਨੂੰ ਪਟਿਆਲਾ ਪੁਲੀਸ ਨੇ ਕੁੱਝ ਸਮਾਂ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਹੈ ਅਤੇ ਉਹ ਜੇਲ੍ਹ 'ਚ ਬੰਦ ਹੈ।



### ਪੁਲੀਸ ਨੇ ਗੈਂਗਸਟਰਾਂ 'ਤੇ ਫਿਰ ਸ਼ੁਰੂ ਕੀਤਾ ਹੋਮਵਰਕ

ਪੁਲੀਸ ਦੇ ਅਧਿਕਾਰਕ ਸੂਤਰਾਂ ਅਨੁਸਾਰ ਜੇਲ੍ਹਾਂ 'ਚ ਬੰਦ ਕਈ ਖ਼ਤਰਨਾਕ ਗੈਂਗਸਟਰਾਂ 'ਤੇ ਦੁਬਾਰਾ ਤੋਂ ਹੋਮਵਰਕ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਬਾਰੇ ਹੋਰ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਜੇਲ੍ਹਾਂ 'ਚ ਮੋਬਾਈਲ ਨੈੱਟਵਰਕ ਬੰਦ ਕਰਨ ਲਈ ਸਪੈਸ਼ਲ ਟਾਸਕ ਫੋਰਸ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ ਤਾਂ ਕਿ ਕਿਸੇ ਤਰੀਕੇ ਨਾਲ ਗੌਂਡਰ ਤੇ ਉਸ ਦੇ ਖ਼ਤਰਨਾਕ ਗੈਂਗਸਟਰਾਂ ਨੂੰ ਕਾਬੂ ਕੀਤਾ ਜਾ ਸਕੇ। ਪੁਲੀਸ ਲਈ ਹਾਲੇ ਸਿਰਦਰਦੀ ਜਿੱਥੇ ਗੌਂਡਰ ਤੇ ਉਸ ਦੇ ਸਾਥੀਆਂ ਨੂੰ ਕਾਬੂ ਕਰਨਾ ਹੈ, ਉੱਥੇ ਹੀ ਵੱਡੀ ਸਿਰਦਰਦੀ ਇਨ੍ਹਾਂ ਦੇ ਪ੍ਰਸ਼ੰਸ਼ਕਾਂ (ਫਾਲੋਅਰ) ਨੂੰ ਰੋਕਣਾ ਹੈ, ਕਿਉਂਕਿ ਪੰਜਾਬ 'ਚ ਇਨ੍ਹਾਂ 450 ਗੈਂਗਸਟਰਾਂ ਲਈ ਹਜ਼ਾਰਾਂ ਨੌਜਵਾਨ ਅਪਣੀ ਟੋਲੀ ਬਣਾ ਕੇ ਕੰਮ ਕਰ ਰਹੇ ਹਨ। ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਸਾਰੇ ਜੇਲ੍ਹ ਸੁਪਰੀਡੈਂਟਾਂ ਨੂੰ ਗੈਂਗਸਟਰਾਂ ਦੀ ਸੂਚੀ ਬਣਾ ਕੇ ਉਨ੍ਹਾਂ ਦੀ ਪੂਰੀ ਜਾਣਕਾਰੀ ਤੇ ਮਿਲਣ-ਜੁਲਣ ਵਾਲਿਆਂ ਦੀ ਸੂਚੀ ਮੰਗੀ ਹੈ ਤਾਂ ਕਿ ਇਨ੍ਹਾਂ ਦੀ ਪਲਾਨਿੰਗ ਨੂੰ ਬ੍ਰੇਕ ਕੀਤਾ ਜਾ ਸਕੇ।

### ਦੋਆਬਾ 'ਚ ਜੈਪਾਲ ਅਤੇ ਚੰਦੂ ਗੈਂਗ ਦਾ ਬੋਲਬਾਲਾ

ਫਿਰੋਜ਼ਪੁਰ 'ਚ ਜੈਪਾਲ ਗੈਂਗ ਅਤੇ ਚੰਦੂ ਗੈਂਗ ਦਾ ਬੋਲਬਾਲਾ ਹੈ ਅਤੇ ਇਨ੍ਹਾਂ ਦੇ ਤਾਰ ਦੋਆਬਾ 'ਚ ਜੁੜੇ ਹੋਏ ਹਨ। ਫਿਰੋਜ਼ਪੁਰ ਵਿਚ ਜਸਵਿੰਦਰ ਸਿੰਘ ਉਰਫ਼ ਰੋਕੀ ਅਤੇ ਦਿਓੜਾ ਗੈਂਗ ਸੀ। ਦੋਨਾਂ ਨੂੰ ਜੈਪਾਲ ਗੈਂਗ ਤੇ ਚੰਦੂ ਗੈਂਗ ਨੇ ਮਾਰ ਕੇ ਆਪਣੀ ਦਹਿਸ਼ਤ ਕਾਇਮ ਕੀਤੀ ਸੀ। ਸੋਲਨ ਵਿਚ ਗੈਂਗਸਟਰ ਰੋਕੀ ਦੀ ਹੱਤਿਆ ਵਿਚ ਵੀ ਜੈਪਾਲ ਦਾ ਨਾਂ ਸਾਹਮਣੇ ਆਇਆ। ਸ਼ੇਰਾ ਦੀ ਹੱਤਿਆ ਦਾ ਬਦਲਾ ਲੈਣ ਲਈ ਹੀ ਰੋਕੀ ਦੀ ਹੱਤਿਆ ਕੀਤੀ ਗਈ। ਪੁਲੀਸ ਅਨੁਸਾਰ ਗੈਂਗਸਟਰ ਰੋਕੀ ਦਾ ਸਬੰਧ ਯੂ.ਪੀ. ਦੇ ਗੈਂਗ ਨਾਲ ਸੀ। ਰੋਕੀ ਪੰਜਾਬ ਵਿਚ ਆ ਕੇ ਆਪਣਾ ਗੈਂਗ ਚਲਾਉਣ ਲੱਗਾ ਸੀ। ਯੂ.ਪੀ. ਦਾ ਗੈਂਗ ਨਾਲ ਜੁੜੇ ਡਿੰਪੀ ਤੋਂ ਉਸ ਦੀ ਦੁਸ਼ਮਣੀ ਹੋਈ। 7 ਜੁਲਾਈ 2006 ਨੂੰ ਡਿੰਪੀ ਚੰਡੀਗੜ੍ਹ 'ਚ ਮਾਰਿਆ ਗਿਆ। ਇਸ ਦਾ ਦੋਸ਼ ਰੋਕੀ 'ਤੇ ਲੱਗਾ ਪਰ ਸਾਬਤ ਨਹੀਂ ਹੋਇਆ। ਰੋਕੀ ਨੇ 2012 'ਚ ਫਾਜ਼ਿਲਕਾ ਤੋਂ ਚੋਣ ਲੜੀ, ਪਰ ਹਾਰ ਗਿਆ।



ਅੰਮ੍ਰਿਤਸਰ ਟਾਈਮਜ਼ AMRITSAR TIMES
07 ਦਸੰਬਰ 2016 ਤੋਂ 13 ਦਸੰਬਰ 2016

## ਸਤਿਗੁਰ ਦਾ ਦਰਬਾਰ... ਸੱਤਾਧਾਰੀਆਂ ਦੀ ਸੇਵਾ 'ਚ !

ਪੰਜਾਬ ਦੇ ਸੱਤਾਧਾਰੀ ਅਕਾਲੀ ਦਲ ਦੇ ਮਾਲਕ ਬਾਦਲ ਪਰਿਵਾਰ ਨੇ ਆਪਣੇ ਸਿਆਸੀ ਹਿੱਤਾਂ ਲਈ ਸਿੱਖ ਧਰਮ ਮਰਿਯਾਦਾ ਅਤੇ ਸਿੱਖ ਮਨਾਂ ਨੂੰ ਇੱਕ ਵਾਰ ਫੇਰ ਭਾਰੀ ਠੇਸ ਪਹੁੰਚਾਈ ਹੈ। ਸਿੱਖਾਂ ਦੇ ਸਰਬਉੱਚ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੱਥਾ ਟੇਕਣ ਲਈ ਟੋਪੀ ਪਹਿਨ ਕੇ ਆਉਣ ਤੋਂ ਵਰਜਣ ਦੀ ਬਜਾਏ ਉਲਟਾ ਗੁਰੂ ਦੀ ਬਖ਼ਸ਼ਿਸ਼ ਸਿਰੋਪੇ ਨਾਲ ਨਿਵਾਜੇ ਜਾਣ ਨਾਲ ਹਰ ਸਿੱਖ ਸਿਰਫ਼ ਮਾਨਸਿਕ ਤੌਰ ਉੱਤੇ ਹੀ ਦੁਖੀ ਨਹੀਂ ਹੋਇਆ ਬਲਕਿ ਉਹ ਜਜ਼ਬਾਤੀ ਤੌਰ ਉੱਤੇ ਭਾਰੀ ਰੋਹ ਵਿੱਚ ਹੈ। ਦੇਸ ਵਿਦੇਸ਼ ਵਿਚਲੀਆਂ ਪੰਥਕ ਜਥੇਬੰਦੀਆਂ, ਸਿੱਖ ਸੰਸਥਾਵਾਂ, ਧਾਰਮਿਕ ਤੇ ਰਾਜਸੀ ਆਗੂਆਂ ਵਲੋਂ ਇਸ ਕਾਰਵਾਈ ਦੀ ਨਿੰਦਾ ਅਤੇ ਸਖ਼ਤ ਰੋਹ ਦਾ ਪ੍ਰਗਟਾਵਾ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ। ਮਸਲਾ ਕਿਸੇ ਗੈਰ ਸਿੱਖ ਨੂੰ ਸਿਰੋਪਾ ਦੇਣ ਤੋਂ ਵੱਧ ਪਟਕੇ ਜਾਂ ਰੁਮਾਲ ਨਾਲ ਸਿਰ ਢਕ ਕੇ ਮੱਥਾ ਟੇਕਣ ਦੀ ਪ੍ਰਚਲਤ ਰੀਤ ਦੇ ਉਲਟ ਟੋਪੀ ਪਹਿਨ ਕੇ ਆਉਣ ਦੀ ਹੈ। ਇਹ ਕਾਰਵਾਈ ਅਣਜਾਣੇ ਹੋਈ ਭੁੱਲ ਕਹਿ ਕੇ ਇਸ ਦੀ ਗੰਭੀਰਤਾ ਨੂੰ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਦੁੱਖ ਤਾਂ ਇਸ ਗੱਲ ਦਾ ਹੈ ਕਿ ਧਰਮ ਉੱਤੇ ਹਾਵੀ ਸਿਆਸੀ ਠੇਕੇਦਾਰਾਂ ਵਲੋਂ ਦਰਬਾਰ ਸਾਹਿਬ ਦੀ ਮਾਣ ਮਰਿਯਾਦਾ ਨੂੰ ਸਿਆਸੀ ਕਾਨਫਰੰਸ ਨਾਲੋਂ ਵੀ ਘੱਟ ਅਹਿਮੀਅਤ ਦਿੱਤੀ ਗਈ ਹੈ। ਜੇ ਅਕਾਲੀ ਦਲ (ਬਾਦਲ) ਦੀਆਂ ਰਾਜਸੀ ਕਾਨਫਰੰਸਾਂ ਇੱਥੋਂ ਤੱਕ ਕਿ ਸਰਕਾਰੀ ਦੌਰਿਆਂ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਿਰ ਉੱਤੇ ਪਹਿਲਾਂ ਹੀ ਬੱਝੀ-ਬੱਝਾਈ ਕੇਸਰੀ ਰੰਗ ਦੀ ਪੱਗ ਸਜਾ ਕੇ ਉਸ ਦੇ ਸਿੱਖ ਹਿਤੈਸ਼ੀ ਹੋਣ ਦਾ ਢਕਵੰਜ ਰਚਿਆ ਜਾਂਦਾ ਹੈ ਤਾਂ ਅਜਿਹੀ ਕਿਹੜੀ ਮਜਬੂਰੀ ਸੀ ਕਿ ਅੰਮ੍ਰਿਤਸਰ ਵਿੱਚ ਹਾਲ ਹੀ 'ਚ ਹੋਈ ਕਾਨਫਰੰਸ ਦੌਰਾਨ ਉਸੇ ਮੋਦੀ ਦੇ ਦਰਬਾਰ ਸਾਹਿਬ 'ਚ ਟੋਪੀ ਪਾ ਕੇ ਦਾਖਲ ਹੋਣ ਨੂੰ ਪਹਿਲ ਦਿੱਤੀ ਜਾਂਦੀ ਹੈ। ਜਦੋਂ ਪਿਛਲੇ ਦਿਨੀਂ ਖਾਲਸੇ ਦੇ ਜਨਮ ਸਥਾਨ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜੇ ਨਰਿੰਦਰ ਮੋਦੀ ਕੇਸਰੀ ਪਟਕਾ ਬੰਨ੍ਹ ਕੇ ਮੱਥਾ ਟੇਕਣ ਜਾ ਸਕਦੇ ਹਨ ਤਾਂ ਸਿੱਖਾਂ ਦੇ ਸਰਬਉੱਚ ਧਾਰਮਿਕ ਸਥਾਨ ਵਿੱਚ ਨਤਮਸਤਕ ਹੋਣ ਲਈ ਪਟਕਾ ਬੰਨ੍ਹਣ 'ਚ ਝਿਜਕ ਦੇ ਕਾਰਨ ਸਮਝੋਂ ਬਾਹਰੇ ਹਨ।

ਵੈਸੇ ਧਰਮ ਅਤੇ ਸਿਆਸਤ ਦੇ ਸੁਮੇਲ ਬਾਰੇ ਸਿੱਖ ਸਿਧਾਂਤਾਂ ਦੀ ਆੜ ਵਿੱਚ ਧਰਮ ਨੂੰ ਨਿੱਜੀ ਸਿਆਸੀ ਹਿੱਤਾਂ ਲਈ ਵਰਤਣ ਦਾ ਜਿਹੜਾ ਕੋਝਾ ਕੰਮ ਅਕਾਲੀ ਦਲ ਦਾ ਮੋਹਰੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਆਪਣੀ ਕੁਰਸੀ ਲਈ ਕਰਦਾ ਆ ਰਿਹਾ ਹੈ, ਉਸ ਦੀ ਮਿਸਾਲ ਸਿੱਖ ਇਤਿਹਾਸ ਵਿੱਚ ਨਾ ਮਿਲਦੀ ਹੈ ਅਤੇ ਨਾ ਹੀ ਅਗਾਂਹ ਕਦੇ ਮਿਲਣੀ ਹੈ। ਅਥਾਹ ਕੁਰਬਾਨੀਆਂ ਬਾਅਦ ਹੋਂਦ ਵਿੱਚ ਆਈ ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਗੁਲਾਮ ਬਣਾ ਕੇ ਰੱਖਣ ਵਿੱਚ ਸਫਲਤਾ ਹਾਸਲ ਕਰਨ ਬਾਅਦ ਬਾਦਲਾਂ ਨੇ ਸਿੱਖਾਂ ਦੀ ਵੱਖਰੀ ਹਸਤੀ ਦੀਆਂ ਰਵਾਇਤਾਂ/ਨਿਸ਼ਾਨੀਆਂ ਨੂੰ ਸਿੱਖ ਚੇਤਿਆਂ ਵਿਚੋਂ ਮਿਟਾਉਣ ਲਈ ਸੋਚੇ ਸਮਝੇ ਅਤੇ ਸਾਜ਼ਿਸ਼ੀ ਢੰਗ ਨਾਲ ਜਿਹੜੀ ਮੁਹਿੰਮ ਬੜੇ ਅਸਰਦਾਰ ਢੰਗ ਨਾਲ ਵਿੱਢੀ ਹੋਈ ਹੈ, ਟੋਪੀ ਵਾਲੇ ਮੋਦੀ ਨੂੰ ਸਿਰੋਪੇ ਨਾਲ ਨਿਵਾਜਣਾ ਉਸੇ ਦਾ ਹਿੱਸਾ ਹੈ। ਇਸ ਬਾਰੇ ਦੋ ਰਾਵਾਂ ਨਹੀਂ ਕਿ ਸਭਨਾਂ ਮਜ਼੍ਹਬਾਂ, ਫਿਰਕਿਆਂ, ਕੌਮਾਂ ਨਾਲ ਸਬੰਧ ਰੱਖਣ ਵਾਲਿਆਂ ਵਾਸਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਲਈ ਸਾਰੇ ਦਰ ਖੁੱਲ੍ਹੇ ਹਨ। ਪਰ ਇਸ ਦੇ ਨਾਲ ਹੀ ਧਾਰਮਿਕ ਸ਼ਰਧਾਲੂ ਵਜੋਂ ਹਰ ਸਖ਼ਸ਼ ਲਈ ਅਪਣੇ ਸਰਕਾਰੀ/ਦਰਬਾਰੀ ਰੁਤਬੇ, ਅਹੁਦੇ, ਦਿੱਖ ਅਤੇ ਦਿਖਾਵੇ ਤੋਂ ਕੁਝ ਸਮੇਂ ਲਈ ਮਾਨਸਿਕ ਤੌਰ ਉੱਤੇ ਮੁਕਤ ਹੋ ਕੇ ਦਰਬਾਰ ਸਾਹਿਬ ਪਰਿਕਰਮਾ ਵਿੱਚ ਆਮ ਬੰਦੇ ਵਾਂਗ ਦਾਖ਼ਲ ਹੋਣਾ ਹੀ ਸ਼ੋਭਦਾ ਹੈ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਵਲੋਂ ਸੰਨ 1577 ਵਿੱਚ ਸਥਾਪਤ ਕੀਤੇ ਗਏ ਪਵਿੱਤਰ 'ਅੰਮ੍ਰਿਤਸਰ' (ਅੰਮ੍ਰਿਤ ਦੇ ਸਰੋਵਰ) ਵਿਚਕਾਰ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦਾ ਸ਼ੁਭ ਕਾਰਜ ਆਰੰਭ ਕਰਨ ਮੌਕੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਸਲਿਮ ਸੂਫ਼ੀ ਫਕੀਰ ਅਤੇ ਧਾਰਮਿਕ ਸਖ਼ਸ਼ੀਅਤ ਹਜ਼ਰਤ ਮੀਆਂ ਮੀਰ ਜੀ ਪਾਸੋਂ 28 ਦਸੰਬਰ 1588 ਨੂੰ ਨੀਂਹ ਰਖਵਾਉਣਾ ਇਸ ਅਸਥਾਨ ਦੇ ਦਰ ਸਭ ਧਰਮਾਂ, ਵਰਗਾਂ, ਕੌਮਾਂ ਦੇ ਪੈਰੋਕਾਰਾਂ ਲਈ ਸਦਾ ਖੁਲ੍ਹੇ ਰਹਿਣ ਦਾ ਸੁਨੇਹਾ ਸੀ।

ਸਿੱਖਾਂ ਦੀ ਰੂਹਾਨੀ ਸ਼ਕਤੀ ਦੇ ਪੱਥ ਪ੍ਰਦਰਸ਼ਕ ਅਤੇ ਸਿੱਖੀ ਸ਼ਾਨ ਦੀਆਂ ਬੁਲੰਦੀਆਂ ਵਾਲੇ ਇਸ ਸਥਾਨ ਦੀ ਮਹਿਮਾ ਅਪਰ ਅੱਪਾਰ ਹੈ। 'ਰੱਬ ਦੇ ਇਸ ਘਰ' ਦਾ ਰੁੱਤਬਾ ਦੁਨਿਆਵੀ ਸ਼ਕਤੀਆਂ ਤੋਂ ਕਿਤੇ ਉਤਾਂਹ ਅਤੇ ਵਿਲੱਖਣ ਹੈ। ਇਸ ਲਈ ਇਹ ਗੱਲਾਂ ਬੇਮਾਇਨਾ ਹਨ ਕਿ ਇੱਥੇ ਕੌਣ ਕੌਣ ਅਤੇ ਕਦੋਂ ਨਤਮਸਤਕ ਹੋਣ ਲਈ ਆਇਆ। ਇਤਿਹਾਸਕ ਗੁਰ ਅਸਥਾਨ ਅੰਦਰ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਸਮੇਂ ਹਰ ਅਮੀਰ, ਗਰੀਬ, ਬਾਦਸ਼ਾਹ, ਪਰਜਾ ਸਭ ਇੱਕ ਸਮਾਨ ਹਨ। ਇਤਿਹਾਸ ਦੇ ਚੇਤਿਆਂ 'ਚ ਉਕਰਿਆ ਪਿਆ ਹੈ ਕਿ ਇਸ ਪਵਿੱਤਰ ਸਥਾਨ ਦੀ ਸ਼ਾਨ ਨੂੰ ਮੇਟਣ ਅਤੇ ਮਰਿਯਾਦਾ ਨੂੰ ਭੰਗ ਕਰਨ ਲਈ ਤਤਕਾਲੀ ਸੱਤਾਧਾਰੀਆਂ ਵਲੋਂ ਕੀਤੇ ਯਤਨ ਸ਼ਾਹੀ ਦਰਬਾਰਾਂ ਅਤੇ ਸੱਤਾਧਾਰੀਆਂ ਨੂੰ ਸਦਾ ਹੀ ਮਹਿੰਗੇ ਪਏ ਹਨ। ਭਾਵੇਂ ਉਹ ਫੌਜਾਂ ਰਾਹੀਂ ਕੀਤੇ ਗਏ ਜਾਂ ਸਿਆਸੀ ਲਾਹੇ ਲਈ ਧਰਮ ਦੀ ਆੜ ਵਿੱਚ। ਇਸ ਤੋਂ ਵੀ ਵੱਖਰਾ ਬੇਹੱਦ ਨਿੰਦਣਯੋਗ ਰੁਝਾਣ ਜੋ ਪਿਛਲੇ ਵਰ੍ਹਿਆਂ ਦੌਰਾਨ ਸਾਹਮਣੇ ਆਇਆ ਹੈ, ਉਹ ਹੈ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜਣ ਮੌਕੇ ਫੋਟੋਬਾਜ਼ੀ ਅਤੇ ਸਵੈ ਪ੍ਰਚਾਰ ਦਾ। ਹਰ ਰਾਜਸੀ ਆਗੂ, ਧਾਰਮਿਕ ਸਾਧ-ਸੰਤ, ਸਰਕਾਰੀ ਅਫ਼ਸਰ, ਫ਼ਿਲਮੀ ਕਲਾਕਾਰ, ਗਾਇਕ ਅਤੇ ਅਜਿਹੇ ਹੀ ਹੋਰ ਵਿਅਕਤੀ ਪਰਿਕਰਮਾ 'ਚ ਖੜ੍ਹ ਕੇ ਦਰਬਾਰ ਸਾਹਿਬ ਵਲ ਪਿੱਠ ਕਰਕੇ ਫੋਟੋਆਂ ਖਿਚਵਾਉਣ ਬਾਅਦ ਉਨ੍ਹਾਂ ਦਾ ਪਰਚਾਰ ਇਵੇਂ ਕਰਦੇ ਹਨ ਜਿਵੇਂ ਉਨ੍ਹਾਂ ਦੀ ਫੇਰੀ ਇਸ ਅਸਥਾਨ ਦਾ ਧੰਨਭਾਗ ਹੋਵੇ। ਖੈਰ ਆਮ ਲੋਕਾਂ ਵਲੋਂ ਅਜਿਹਾ ਕਰਨਾ ਉਨ੍ਹਾਂ ਦੀ ਕਿਸੇ ਹੱਦ ਤੱਕ ਬੇਸਮਝੀ ਹੀ ਕਹੀ ਜਾ ਸਕਦੀ ਹੈ। ਪਰ ਜਦੋਂ ਅਕਾਲੀ ਦਲ (ਬਾਦਲ) ਦਾ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਦੇ ਪੁੱਜਣ ਉੱਤੇ ਤਾਬਿਆ ਬੈਠਾ ਗ੍ਰੰਥੀ ਸਿੰਘ ਆਪਣੇ 'ਸਿਆਸੀ ਸਾਹਿਬ' ਸੁਖਬੀਰ ਸਿੰਘ ਬਾਦਲ ਦੇ ਸਾਹਮਣੇ ਹੱਥ ਜੋੜ ਕੇ ਖੜ੍ਹਾ ਹੁੰਦਾ ਹੋਵੇ ਤਾਂ ਇਸ ਦਾ ਫਿਕਰ ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ ਦੇ ਮੋਹਰੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਹੋਣਾ ਚਾਹੀਦਾ ਹੈ, ਗ੍ਰੰਥੀਆਂ ਵਿਚਾਰਿਆਂ ਨੇ ਬੱਚੇ ਪਾਲਣੇ ਹੁੰਦੇ ਹਨ। ਅਜਿਹੇ ਗ੍ਰੰਥੀ ਸਿੰਘਾਂ ਲਈ ਤਾਂ 'ਰੁਜ਼ਗਾਰਦਾਤਾ' ਪਹਿਲਾਂ ਅਤੇ ਗੁਰੂ ਬਾਅਦ 'ਚ ਹੁੰਦਾ ਹੈ। ਇਨ੍ਹਾਂ ਸਿਆਸੀ ਲਾਹਿਆਂ ਲਈ ਕੀਤੀਆਂ ਜਾ ਰਹੀਆਂ ਮਨਮੱਤੀਆਂ ਕਾਰਵਾਈਆਂ ਸਬੰਧੀ ਸਿੱਖ ਮਨਾਂ ਵਿੱਚ ਉਠ ਰਹੇ ਸਵਾਲਾਂ ਅਤੇ ਉਬਾਲ ਦੀ ਰੌਸ਼ਨੀ ਵਿੱਚ ਇਹ ਵਿਚਾਰਣਾ ਅਤੇ ਤਹਿ ਕੀਤਾ ਜਾਣਾ ਲਾਜ਼ਮੀ ਹੈ ਕਿ ਸਿਰੋਪਾ ਪ੍ਰਾਪਤ ਕਰਨ ਦਾ ਨਿਰਣਾ ਕਿਵੇਂ ਕਰਨਾ ਹੈ ਅਤੇ ਇਸ ਪਵਿੱਤਰ ਸਨਮਾਨ ਦਾ ਹੱਕਦਾਰ ਕੌਣ ਹੈ। ਜਿਸ ਤਰ੍ਹਾਂ ਮੌਜੂਦਾ ਸਮਿਆਂ ਵਿੱਚ ਸਿਰੋਪੇ ਵੰਡੇ ਅਤੇ ਗਲਾਂ ਵਿੱਚ ਪਹਿਨਾਏ/ਲਟਕਾਏ ਜਾਂਦੇ ਹਨ, ਇਸ ਨੇ ਸਿਰੋਪੇ ਦੀ ਅਹਿਮੀਅਤ ਬੇਹੱਦ ਘਟਾ ਦਿੱਤੀ ਹੈ। ਇਸ ਮੋਦੀ ਦੇ ਟੋਪੀ ਨਾਲ ਸਿਰ ਢੱਕਣ ਦੀਆਂ ਇਤਰਾਜ਼ਯੋਗ ਕਾਰਵਾਈਆਂ ਦੇ ਮੁੜ ਵਾਪਰਨੋਂ ਰੋਕਣ ਦਾ ਅਮਲ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੀ ਆਜ਼ਦ ਹਸਤੀ ਦੀ ਬਹਾਲੀ ਰਾਹੀਂ ਸੰਭਵ ਹੋ ਸਕੇਗਾ।

# ਟੈਗੋਰ ਦਾ ਦੇਸ਼ ਪ੍ਰੇਮ ਬਨਾਮ ਮਾਨਵਤਾ



**ਲੋਕਤੰਤਰ ਦੇ ਮੁੱਲਾਂ ਦੇ ਖ਼ਤਮ ਹੋ ਜਾਣ ਦਾ ਸਭ ਤੋਂ ਵੱਡਾ ਪ੍ਰਤੀਕ ਹਿਟਲਰ ਕਿਉਂ ਹੈ। ਉਸ ਨੇ ਜ਼ਰੂਰ ਝੂਠ ਦਾ ਜਾਲ ਫੈਲਾਇਆ। ਲੱਖਾਂ ਲੋਕਾਂ ਨੂੰ ਮਾਰ ਦਿੱਤਾ। ਜਿਸ ਰਾਸ਼ਟਰ ਲਈ ਉਹ ਸਭ ਕਰ ਰਿਹਾ ਸੀ, ਬਾਅਦ ਵਿਚ ਪਤਾ ਚੱਲਾ ਕਿ ਉਹ ਆਪਣੀ ਖਬਤ ਲਈ ਕਰ ਰਿਹਾ ਸੀ। ਹਿਟਲਰ ਦਾ ਰਾਸ਼ਟਰਵਾਦ ਉਸ ਦੀ ਖਬਤ ਦਾ ਰਾਸ਼ਟਰਵਾਦ ਹੈ। ਇਕ ਪਾਗ਼ਲ ਤੇ ਵਹਿਸ਼ੀ ਤੇ ਪ੍ਰਚਾਰ ਦੇ ਭੁੱਖੇ ਦਾ ਰਾਸ਼ਟਰਵਾਦ ਹੈ। ਨਸਲ ਤੇ ਇਤਿਹਾਸ ਬਦਲਣ ਆਇਆ ਸੀ, ਖ਼ੁਦ ਇਕ ਬਦਨਾਮ ਨਸਲ ਵਜੋਂ ਯਾਦ ਕੀਤਾ ਜਾਣ ਲੱਗਾ। ਉਸ ਦਾ ਇਤਿਹਾਸ ਇਕ ਘਿਣੌਣਾ ਇਤਿਹਾਸ ਹੈ। ਪਰ ਅਸੀਂ ਉਸ ਇਤਿਹਾਸ ਤੋਂ ਕੋਈ ਸੌ ਸਾਲ ਦੂਰ ਖੜ੍ਹੇ ਹਾਂ। ਫਿਰ ਵੀ ਲੋਕਤੰਤਰ ਦੇ ਖ਼ਤਰਿਆਂ ਦੀ ਆਹਟ ਹਿਟਲਰ ਦੀ ਸ਼ਕਲ ਵਿਚ ਕਿਉਂ ਸੁਣਾਈ ਦਿੰਦੀ ਹੈ।**

**ਰਵੀਸ਼ ਕੁਮਾਰ**

ਟੀ.ਵੀ. ਬਹੁਤ ਹੀ ਮੁਸ਼ਕਲ ਜ਼ਰੀਆ ਹੈ, ਕਈ ਵਾਰ ਲਗਦਾ ਹੈ ਕਿ ਕਾਸ਼ ਟੀ.ਵੀ. ਕੋਲ ਵੀ ਅਖ਼ਬਾਰਾਂ ਵਾਂਗ ਪੰਨੇ ਹੁੰਦੇ। ਜਦੋਂ



ਵੀ ਰਾਸ਼ਟਰਵਾਦ ਤੇ ਦੇਸ਼ ਭਗਤੀ ਨੂੰ ਲੈ ਕੇ ਬਹਿਸ ਹੁੰਦੀ ਹੈ, ਰਵਿੰਦਰ ਨਾਥ ਟੈਗੋਰ ਦਾ ਲੇਖ ਛਪ ਜਾਂਦਾ ਹੈ। ਮੈਂ ਕਈ ਵਾਰ ਸੋਚਦਾ ਹਾਂ ਕਿ ਰਾਸ਼ਟਰਵਾਦ 'ਤੇ ਲੈਫਟ-ਰਾਈਟ ਸੈਂਟਰ ਦੀਆਂ ਏਨੀਆਂ ਕਿਤਾਬਾਂ ਹਨ, ਫਿਰ ਵੀ ਰਵਿੰਦਰ ਨਾਥ ਟੈਗੋਰ ਦੇ ਇਸ ਲੇਖ ਦੀ ਕੀ ਖ਼ਾਸੀਅਤ ਹੈ, ਜਦੋਂ ਵੀ ਰਾਸ਼ਟਰਵਾਦ 'ਤੇ ਬਹਿਸ ਹੁੰਦੀ ਹੈ, ਉਨ੍ਹਾਂ ਦੇ ਲੇਖ ਦਾ ਹਿੱਸਾ ਕਿਤੇ ਨਾ ਕਿਤੇ ਛਪ ਜਾਂਦਾ ਹੈ। ਵਾਰ ਵਾਰ ਪੇਸ਼ ਕਰਨ ਵਾਲਾ ਇਸ ਲੇਖ ਤੋਂ ਕਿਉਂ ਇਹ ਉਮੀਦ ਕਰਦਾ ਹੈ ਕਿ ਜਨੂੰਨ ਦਾ ਤੂਫ਼ਾਨ ਕੁਝ ਘੱਟ ਹੋਵੇਗਾ, ਲੋਕ ਸਮਝਣ ਸਕਣਗੇ ਕਿ ਰਾਸ਼ਟਰਵਾਦ ਦੇ ਨਾਂ 'ਤੇ ਖ਼ਬਤ ਦੇ ਖ਼ਤਰੇ ਕੀ ਹਨ।

ਹਿਟਲਰ ਦਾ ਜ਼ਿਕਰ ਕਰਦਿਆਂ ਹੀ ਕੀ ਅਸੀਂ ਤੇ ਤੁਸੀਂ ਵਾਕਿਆ ਆਪਣੇ ਲੋਕਤੰਤਰ ਨੂੰ ਲੈ ਕੇ ਸੁਚੇਤ ਹੋ ਜਾਂਦੇ ਹਾਂ। ਹਿਟਲਰ ਹਿਟਲਰ ਬੋਲਣ ਵਾਲੇ ਨੂੰ ਇਕ ਗੱਲ ਦਾ ਏਨਾ ਭਰੋਸਾ ਹੈ ਕਿ ਲੋਕ ਰਾਸ਼ਟਰਵਾਦ ਦੇ ਡਰਾਮੇ ਨੂੰ ਸਮਝ ਜਾਣਗੇ। ਭੁੱਖ ਤੋਂ ਵੱਡਾ ਕੋਈ ਦੇਸ਼ ਨਹੀਂ ਹੈ। ਫਿਰ ਕਿਸੇ ਨੂੰ ਕਿਉਂ ਏਨਾ ਭਰੋਸਾ ਹੈ ਕਿ ਰਾਸ਼ਟਰਵਾਦ ਦਾ ਇਸਤੇਮਾਲ ਜੇਕਰ ਕੋਈ ਨੇਤਾ ਕਿਸੇ ਦੇ ਜ਼ਖ਼ਮ 'ਤੇ ਲੂਣ ਵਾਂਗ ਕਰੇਗਾ ਤਾਂ ਵੀ ਉਹ ਉਫ਼ ਨਹੀਂ ਕਰੇਗਾ। ਸਾਨੂੰ ਕਿਉਂ ਲਗਦਾ ਹੈ ਕਿ ਹਿਟਲਰ ਦਾ ਨਾਂ ਲਏ ਬਿਨਾਂ ਲੋਕਤੰਤਰ ਦੇ ਖ਼ਤਰਿਆਂ ਬਾਰੇ ਲੋਕ ਅਣਜਾਣ ਰਹਿ ਜਾਣਗੇ। ਦੁਨੀਆ ਵਿਚ ਇਸੇ ਜਨਤਾ ਨੇ ਤਮਾਮ ਤਾਨਾਸ਼ਾਹਾਂ ਦੀਆਂ ਸਰਕਾਰਾਂ ਪਲਟ ਦਿੱਤੀਆਂ ਹਨ, ਕੀ ਉਹ ਸਾਰੇ ਹਿਟਲਰ ਨੂੰ ਜਾਣਦੇ ਸਨ। ਲੋਕਤੰਤਰ ਦੇ ਮੁੱਲਾਂ ਦੇ ਖ਼ਤਮ ਹੋ ਜਾਣ ਦਾ ਸਭ ਤੋਂ ਵੱਡਾ ਪ੍ਰਤੀਕ ਹਿਟਲਰ ਕਿਉਂ ਹੈ। ਉਸ ਨੇ ਜ਼ਰੂਰ ਝੂਠ ਦਾ ਜਾਲ ਫੈਲਾਇਆ। ਲੱਖਾਂ ਲੋਕਾਂ ਨੂੰ ਮਾਰ ਦਿੱਤਾ। ਜਿਸ ਰਾਸ਼ਟਰ ਲਈ ਉਹ ਸਭ ਕਰ ਰਿਹਾ ਸੀ, ਬਾਅਦ ਵਿਚ ਪਤਾ ਚੱਲਾ ਕਿ ਉਹ ਆਪਣੀ ਖਬਤ ਲਈ ਕਰ ਰਿਹਾ ਸੀ। ਹਿਟਲਰ ਦਾ ਰਾਸ਼ਟਰਵਾਦ ਉਸ ਦੀ ਖਬਤ ਦਾ ਰਾਸ਼ਟਰਵਾਦ ਹੈ। ਇਕ ਪਾਗ਼ਲ ਤੇ ਵਹਿਸ਼ੀ ਤੇ ਪ੍ਰਚਾਰ ਦੇ ਭੁੱਖੇ ਦਾ ਰਾਸ਼ਟਰਵਾਦ ਹੈ। ਨਸਲ ਤੇ ਇਤਿਹਾਸ ਬਦਲਣ ਆਇਆ ਸੀ, ਖ਼ੁਦ ਇਕ ਬਦਨਾਮ ਨਸਲ ਵਜੋਂ ਯਾਦ ਕੀਤਾ ਜਾਣ ਲੱਗਾ। ਉਸ ਦਾ ਇਤਿਹਾਸ ਇਕ ਘਿਣੌਣਾ ਇਤਿਹਾਸ ਹੈ। ਪਰ ਅਸੀਂ ਉਸ ਇਤਿਹਾਸ ਤੋਂ ਕੋਈ ਸੌ ਸਾਲ ਦੂਰ ਖੜ੍ਹੇ ਹਾਂ। ਫਿਰ ਵੀ ਲੋਕਤੰਤਰ ਦੇ ਖ਼ਤਰਿਆਂ ਦੀ ਆਹਟ ਹਿਟਲਰ ਦੀ ਸ਼ਕਲ ਵਿਚ ਕਿਉਂ ਸੁਣਾਈ ਦਿੰਦੀ ਹੈ। ਸ਼ੋਲੇ ਫ਼ਿਲਮ ਦਾ ਗੱਬਰ ਸਿੰਘ ਹੋ ਗਿਆ ਹੈ ਹਿਟਲਰ। ਗੱਬਰ ਨੂੰ ਪਤਾ ਨਹੀਂ ਸੀ ਕਿ ਜੈ ਤੇ ਵੀਰੂ ਦੋ ਹੀ ਸਨ। ਉਸ ਦੇ ਕੁਨਬੇ ਨੂੰ ਮਿਟਾ ਗਏ। ਗੱਬਰ ਦੀ ਦੁਰਗਤੀ ਸ਼ੋਲੇ ਦੇ ਹਰ ਦਰਸ਼ਕ ਨੂੰ ਯਾਦ ਹੈ।

ਯਾਦ ਰੱਖਣਾ ਉਦਾਰਵਾਦ ਦੇ ਚੋਲੇ ਪਾ ਕੇ ਵੀ ਬਹੁਤ ਸਾਰੇ ਹਿਟਲਰ ਆਏ। ਲੋਕਤੰਤਤ ਦਾ ਨਾਂ ਲੈ ਕੇ ਵੀ ਬਹੁਤ ਸਾਰੇ ਹਿਟਲਰ ਆਏ ਹਨ। ਹਿਸਾਬ ਸਾਰਿਆਂ ਦਾ ਹੋਣਾ ਚਾਹੀਦਾ ਹੈ। ਰਾਸ਼ਟਰਵਾਦ ਦਾ ਗਿਆਨੀ ਤੋਂ ਗਿਆਨੀ ਪ੍ਰੋਫੈਸਰ ਅਤੇ ਚਿੰਤਕ ਇਸ ਬਹਿਸ ਨੂੰ ਦਿਸ਼ਾ ਨਹੀਂ ਦੇ ਸਕਦਾ, ਪਰ ਦੁਨੀਆ ਦੇ ਹਰ ਹਿੱਸੇ ਵਿਚ ਇਕ ਨੇਤਾ ਆਉਂਦਾ ਹੈ ਤੇ ਉਹ ਆਪਣੇ ਸਮੇਂ ਨੂੰ ਰਾਸ਼ਟਰਵਾਦੀ ਸਾਂਚੇ ਵਿਚ ਢਾਲ ਜਾਂਦਾ ਹੈ। ਕਿਉਂ ਜਨਤਾ ਆਪਣੇ ਨੇਤਾ ਦੇ ਅੱਧਕਚਰੇ ਰਾਸ਼ਟਰਵਾਦ ਨੂੰ ਅਪਣਾ ਲੈਂਦੀ ਹੈ, ਕਿਤਾਬੀ ਰਾਸ਼ਟਰਵਾਦ ਨੂੰ ਛੱਡ ਦਿੰਦੀ ਹੈ। ਕੀ ਇਸ ਲਈ ਕਿ ਉਹ ਸਿਰਫ਼ ਅਣਜਾਣ ਹੈ। ਜਨਤਾ ਉਥੇ ਖੜ੍ਹੀ ਰਹਿ ਜਾਂਦੀ ਹੈ, ਜਿੱਥੋਂ ਉਹ ਰਾਸ਼ਟਰਵਾਦੀ ਸਿਆਸਤ ਦੇ ਆਉਣ ਤੋਂ ਪਹਿਲਾਂ ਖੜ੍ਹੀ ਸੀ। ਜਿਵੇਂ ਪਹਿਲਾਂ ਵਾਲੇ ਖ਼ਤਰਨਾਕ ਨਹੀਂ ਰਹੇ ਹੋਣਗੇ। ਖ਼ੈਰ, ਰਵਿੰਦਰ ਨਾਥ ਟੈਗੋਰ ਦੇ ਰਾਸ਼ਟਰਵਾਦ 'ਤੇ ਲਿਖੇ ਲੇਖਾਂ ਦੇ ਹਿੱਸੇ ਨੂੰ ਟੀ.ਵੀ. 'ਤੇ ਪੇਸ਼ ਕੀਤਾ ਜਾ ਸਕਦਾ ਹੈ। ਹੋ ਸਕਦਾ ਹੈ ਬੋਰਿੰਗ ਹੋਵੇ ਪਰ ਜੋਖ਼ਮ ਲੈਣਾ ਕਦੇ ਬੋਰਿੰਗ ਤੋਂ ਘੱਟ ਨਹੀਂ ਹੁੰਦਾ। ਤੁਸੀਂ ਜੇਕਰ ਇਸ ਲੇਖ ਨੂੰ ਪੂਰਾ ਪੜ੍ਹਨਾ ਚਾਹੁੰਦੇ ਹੋ ਤਾਂ ਖ਼ਰੀਦ ਸਕਦੇ ਹੋ। ਸੌਮਿਤਰ ਮੋਹਨ ਨੇ ਅਨੁਵਾਦ ਕੀਤਾ ਹੈ ਤੇ ਕਿਤਾਬ ਸਿਰਫ਼ 40 ਰੁਪਏ ਦੀ ਹੈ। ਨਾਂ ਹੈ ਰਾਸ਼ਟਰਵਾਦ ਰਵਿੰਦਰਨਾਥ ਟੈਗੋਰ। ਅੰਗਰੇਜ਼ੀ ਤੇ ਬੰਗਲਾ ਵਿਚ ਇੰਟਰਨੈੱਟ 'ਤੇ ਮੌਜੂਦ ਹੈ। ਟੈਗੋਰ ਵੈੱਬ ਡਾਟ ਇਨ ਦੇ ਹਵਾਲੇ ਨਾਲ 1908 ਵਿਚ ਟੈਗੋਰ ਨੇ ਕਿਹਾ ਸੀ-

'ਦੇਸ਼ ਪ੍ਰੇਮ ਸਾਡਾ ਆਖ਼ਰੀ ਅਧਿਆਤਮਕ ਸਹਾਰਾ ਨਹੀਂ ਬਣ ਸਕਦਾ। ਮੇਰਾ ਮਕਸਦ ਮਾਨਵਤਾ ਹੈ। ਮੈਂ ਹੀਰੇ ਦੀ ਕੀਮਤ ਵਿਚ ਗਲਾਸ ਨਹੀਂ ਖ਼ਰੀਦਾਂਗਾ ਤੇ ਜਦੋਂ ਤਕ ਮੈਂ ਜ਼ਿੰਦਾ ਹਾਂ ਮਾਨਵਤਾ ਦੇ ਉਪਰ ਦੇਸ਼ ਪ੍ਰੇਮ ਦੀ ਜਿੱਤ ਨਹੀਂ ਹੋਣ ਦਿਆਂਗਾ।'

ਆਖ਼ਰ ਟੈਗੋਰ ਲਈ ਰਾਸ਼ਟਰਵਾਦ ਕਿਉਂ ਗਲਾਸ ਜਿੰਨਾ ਸਸਤਾ ਹੈ, ਜਿਸ ਨੂੰ ਉਹ ਮਾਨਵਤਾਵਾਦ ਦੇ ਬੇਸ਼ਕੀਮਤੀ ਹੀਰੇ ਨਾਲ ਨਹੀਂ ਖ਼ਰੀਦਣਾ ਚਾਹੁੰਦਾ। 1916 ਤੇ 1917 ਦੇ ਸਾਲ ਟੈਗੋਰ ਜਾਪਾਨ ਤੇ ਅਮਰੀਕਾ ਜਾ ਕੇ ਰਾਸ਼ਟਰਵਾਦ 'ਤੇ ਭਾਸ਼ਣ ਦੇ ਰਹੇ ਸਨ। 55 ਸਾਲ ਦੀ ਉਮਰ ਸੀ ਉਦੋਂ। 1913 ਵਿਚ ਹੀ ਨੋਬੇਲ ਪੁਰਸਕਾਰ ਮਿਲ ਚੁੱਕਾ ਸੀ। 1908 ਤੋਂ 1917 ਵਿਚਾਲੇ ਰਾਸ਼ਟਰਵਾਦ ਨੂੰ ਲੈ ਕੇ ਟੈਗੋਰ ਲਗਾਤਾਰ ਸੋਚ ਰਹੇ ਸਨ। ਇਸ ਦੌਰਾਨ 1911 ਵਿਚ ਉਹ ਜਨ ਗਣ ਮਨ ਦੀ ਰਚਨਾ ਕਰਦੇ ਹਨ, ਉਸ ਤੋਂ ਬਾਅਦ ਵੀ ਰਾਸ਼ਟਰਵਾਦ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਰਹਿੰਦੇ ਹਨ। ਕਹਿੰਦੇ ਹਨ ਕਿ ਜਦੋਂ ਮੁਲਕ ਨਾਲ ਪਿਆਰ ਦਾ ਮਤਲਬ ਭਗਤੀ ਜਾਂ ਪਵਿੱਤਰ ਕਾਰਜ ਵਿਚ ਬਦਲ ਜਾਵੇ ਤਾਂ ਵਿਨਾਸ਼ ਨਿਸਚਤ ਹੈ। ਮੈਂ ਦੇਸ਼ ਨੂੰ ਬਚਾਉਣ ਲਈ ਤਿਆਰ ਹਾਂ ਪਰ ਮੈਂ ਕਿਸ ਦੀ ਪੂਜਾ ਕਰਾਂਗਾ, ਇਹ ਮੇਰਾ ਅਧਿਕਾਰ ਹੈ, ਜੋ ਦੇਸ਼ ਤੋਂ ਨਾਲੋਂ ਵੀ ਕਿਤੇ ਜ਼ਿਆਦਾ ਵੱਡਾ ਹੈ। ਇਹ ਟੈਗੋਰ ਦੇ ਸ਼ਬਦ ਹਨ।

ਅੱਜ ਤਾਂ ਮੈਂ ਟੈਗੋਰ ਦੇ ਸ਼ਬਦਾਂ ਦਾ ਹੀ ਜ਼ਿਕਰ ਕਰਾਂਗਾ ਪਰ ਤੁਸੀਂ ਰਾਸ਼ਟਰਵਾਦ 'ਤੇ ਟੈਗੋਰ ਹੀ ਨਹੀਂ, ਗਾਂਧੀ, ਅੰਬੇਦਕਰ, ਐਂਡਰਸਨ, ਸਾਵਰਕਰ, ਗੋਲਵਲਕਰ ਸਾਰਿਆਂ ਨੂੰ ਪੜ੍ਹੋ। ਸ਼ੁੱਕਰਵਾਰ ਦੇ 'ਇੰਡੀਅਨ ਐਕਸਪ੍ਰੈੱਸ' ਨੇ ਰਾਸ਼ਟਰਵਾਦ 'ਤੇ ਟੈਗੋਰ ਦਾ ਲੇਖ ਛਾਪਿਆ ਹੈ ਤੇ 'ਇਕਨਾਮਿਕਸ ਟਾਈਮਜ਼' ਵਿਚ ਅਭੀਕ ਬਰਮਨ ਦਾ ਰਾਸ਼ਟਰਵਾਦ ਤੇ ਟੈਗੋਰ 'ਤੇ ਰੋਚਕ ਲੇਖ ਹਨ। ਇਸ ਲਈ ਅਸੀਂ ਸੋਚਿਆ ਕਿ ਅਸੀਂ ਵੀ ਟੈਗਰੋ ਦੇ ਲੇਖ ਨੂੰ ਟੀ.ਵੀ. 'ਤੇ ਪੇਸ਼ ਕਰਾਂਗੇ ਕਿਉਂਕਿ ਸੁਪਰੀਮ ਕੋਰਟ ਦਾ ਫ਼ੈਸਲਾ ਹੈ ਕਿ ਸਿਨੇਮਾ ਘਰਾਂ ਵਿਚ ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਸਾਰਿਆਂ ਨੇ ਆਦਰ ਨਾਲ ਰਾਸ਼ਟਵਾਦ ਗਾਣਾ ਹੈ। ਇਸ ਫ਼ੈਸਲੇ ਦੀ ਖ਼ੂਬ ਸਮੀਖਿਆ ਹੋ ਰਹੀ ਹੈ। ਆਲੋਚਨਾ ਵੀ ਹੋ ਰਹੀ ਹੈ ਕਿ ਸਿਨੇਮਾ ਹਾਲ ਅੰਦਰ ਜਾਂਦੇ ਹੀ ਕਿਉਂ ਰਾਸ਼ਟਰਵਾਦ ਘੱਟ ਹੋ ਜਾਂਦਾ ਹੈ ਜਿਸ ਨੂੰ ਵਧਾਉਣ ਲਈ ਰਾਸ਼ਟਰਗਾਨ ਦੀ ਜ਼ਰੂਰਤ ਹੈ। ਸਾਰੀਆਂ ਉਮੀਦਾਂ ਸਿਨੇਮਾ ਦੇਖਣ ਜਾਣ ਵਾਲਿਆਂ ਤੋਂ ਕਿਉਂ ਹੋ ਰਹੀਆਂ ਹਨ। ਸੰਸਦ ਤੋਂ ਲੈ ਕੇ ਰੇਲਵੇ ਸਟੇਸ਼ਨ 'ਤੇ ਕਿਉਂ ਨਾ ਰਾਸ਼ਟਰਗਾਨ ਹੋਵੇ। ਕਈ ਲੋਕ ਇਸ ਫ਼ੈਸਲੇ 'ਤੇ ਚੁੱਪ ਹਨ ਤਾਂ ਕਈਆਂ ਨੂੰ ਇਸ ਤੋਂ ਇਤਰਾਜ਼ ਨਹੀਂ ਹੈ। ਟੈਗੋਰ ਤਾਂ ਉਸ ਵਕਤ ਰਾਸ਼ਟਰ ਦੀ ਆਲੋਚਨਾ ਕਰ ਰਹੇ ਸਨ ਜਦੋਂ ਭਾਰਤ ਰਾਸ਼ਟਰ ਬਣਨ ਲਈ ਹੀ ਆਜ਼ਾਦੀ ਦੀ ਲੜਾਈ ਲੜ ਰਿਹਾ ਸੀ। ਅਨਿਰੁਧ ਘੋਸ਼ਾਲ ਨੇ ਲਿਖਿਆ ਹੈ ਕਿ ਟੈਗੋਰ ਦੀ ਰਚਨਾ ਰਾਸ਼ਟਰਵਾਦ ਦੀ ਸਰਵੋਤਮ ਪ੍ਰਤੀਕ ਹੈ ਪਰ ਟੈਗੋਰ ਖ਼ੁਦ ਰਾਸ਼ਟਰਵਾਦ ਨੂੰ ਮਾਨਵਤਾ ਲਈ ਖ਼ਤਰਾ ਮੰਨਦੇ ਸਨ। ਸੁਪਰੀਮ ਕੋਰਟ ਦੇ ਫ਼ੈਸਲੇ ਦੇ ਸਬੰਧ ਵਿਚ ਹੀ 'ਇਕਨਾਮਿਕਸ ਟਾਈਮਜ਼' ਵਿਚ ਅਭੀਕ ਬਰਮਨ ਨੇ ਲਿਖਿਆ ਹੈ ਕਿ ਟੈਗਰੋ ਬਾਰੇ ਇਹ ਝੂਠ ਫੈਲਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਜਨ ਗਣ ਮਨ ਬਰਤਾਨਵੀ ਸਮਰਾਟ ਜਾਰਜ ਪੰਚਮ ਦੀ ਸ਼ਾਨ ਵਿਚ ਲਿਖਿਆ ਸੀ। ਰਵਿੰਦਰਨਾਥ ਟੈਗੋਰ ਨੇ ਇਕ ਪੱਤਰ ਵਿਚ ਲਿਖਿਆ ਸੀ ਕਿ ਮੈਂ ਕਦੇ ਕਿਸੇ ਜਾਰਜ ਪੰਜ, ਛੇ ਜਾਂ ਕਿਸੇ ਹੋਰ ਜਾਰਜ ਲਈ ਗੀਤ ਨਹੀਂ ਲਿਖ ਸਕਦਾ। ਟੈਗੋਰ ਨੂੰ ਲਗਦਾ ਸੀ ਕਿ ਰਾਸ਼ਟਰਵਾਦ ਦੇ ਨਾਂ 'ਤੇ ਆਵਾਜ਼ ਦਬਾਈ ਜਾਵੇਗੀ। ਰਚਨਾਤਮਕਤਾ 'ਤੇ ਪਹਿਰਾ ਲਗੇਗਾ ਕਿ ਤੁਸੀਂ ਇਹ ਸੀਨ ਨਹੀਂ ਦਿਖਾ ਸਕਦੇ। ਇਹ ਕਵਿਤਾ ਨਹੀਂ ਸੁਣਾ ਸਕਦੇ। ਇਨਸਾਨ ਜਿਸ ਤਰ੍ਹਾਂ ਦੀਆਂ ਔਕੜਾਂ ਨਾਲ ਜੂਝਦਾ ਹੈ, ਉਸ ਦਾ ਇਤਿਹਾਸ ਵੀ ਇਸੇ ਦਾ ਅਨੁਰੂਪ ਬਣਦਾ ਹੈ। ਇਹ ਟੈਗਰੋ ਦੀ ਲਾਈਨ ਹੈ। ਟੈਗੋਰ ਦਾ ਮੰਨਣਾ ਸੀ ਕਿ ਇਨਸਾਨ ਨੂੰ ਹਰ ਹਾਲ ਵਿਚ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉਹ ਇਨਸਾਨ ਪਹਿਲਾਂ ਹੈ। ਉਹ ਇਸ ਨੂੰ ਭੁਲਾ ਕੇ ਸਫਲਤਾ ਤਾਂ ਪਾ ਸਕਦਾ ਹੈ ਪਰ ਉਹ ਸਫਲਤਾ ਅਸਥਾਈ ਹੀ ਹੋਵੇਗੀ।

ਏਸ਼ੀਆ ਦੇ ਸ਼ੁਰੂਆਤੀ ਇਤਿਹਾਸ ਵਿਚ

ਬਾਕੀ ਸਫ਼ਾ 32 'ਤੇ

# ਬਾ-ਅਦਬ ਹੁਕਮਾਂ ਨਾਲ ਕਿਤੇ ਰਾਸ਼ਟਰ ਗੀਤ ਦਾ ਅਪਮਾਨ ਨਾ ਹੋ ਜਾਵੇ

**ਦੇਸ਼ ਜ਼ਬਰੀ ਲਾਗੂ ਪਰੰਪਰਾਵਾਂ ਅਤੇ ਕਾਨੂੰਨਾਂ ਨਾਲ ਨਹੀਂ ਚਲਦਾ। ਉਹ ਸਮੂਹਕ ਚੇਤਨਾ ਦਾ ਨਾਂ ਹੁੰਦਾ ਹੈ, ਜੋ ਵੱਖ-ਵੱਖ ਮਾਨ-ਸਨਮਾਨ ਵਿਚਕਾਰ ਪੈਦਾ ਹੁੰਦਾ ਹੈ। ਕੋਈ ਖਿਡਾਰੀ ਉਲੰਪਿਕ 'ਚ ਮੈਡਲ ਜਿੱਤਦਾ ਹੈ ਤਾਂ ਦੇਸ਼ ਦਾ ਸਨਮਾਨ ਵਧਦਾ ਹੈ, ਕੋਈ ਫ਼ਿਲਮਕਾਰ ਚੰਗੀ ਫ਼ਿਲਮ ਬਣਾ ਕੇ ਕੌਮਾਂਤਰੀ ਸਮਾਗਮ ਵਿਚ ਸ਼ਲਾਘਾ ਪ੍ਰਾਪਤ ਕਰਦਾ ਹੈ ਤਾਂ ਦੇਸ਼ ਦਾ ਨਾਂ ਹੁੰਦਾ ਹੈ, ਚੰਗੀ ਕਿਤਾਬ ਦੇਸ਼ ਦੀ ਮਾਨਸਿਕ ਸ਼ਕਤੀ ਦਾ ਵਿਸਤਾਰ ਕਰਦੀ ਹੈ, ਚੰਗਾ ਗਾਇਕ ਦੇਸ਼ ਨੂੰ ਸੱਤ ਸਮੁੰਦਰ ਪਾਰ ਲਿਜਾਂਦਾ ਹੈ, ਮਤਲਬ ਹਰ ਕਿਸੇ ਦਾ ਆਪਣਾ ਮਾਨ-ਸਨਮਾਨ ਹੈ। ਇਸੇ ਤਰ੍ਹਾਂ ਸਿਨੇਮਾ ਦਾ ਵੀ ਹੈ।**

**ਪ੍ਰਿਯਦਰਸ਼ਨ**

ਸਿਨੇਮਾ ਘਰਾਂ ਵਿਚ ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰ ਗੀਤ ਵਜਾਉਣਾ ਲਾਜ਼ਮੀ ਕਰਨ ਦੇ ਸੁਪਰੀਮ ਕੋਰਟ ਦੇ ਹੁਕਮ ਨੇ ਅਜੀਬ ਸਥਿਤੀ ਪੈਦਾ ਕਰ ਦਿੱਤੀ ਹੈ। ਅਸੀਂ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਨਹੀਂ ਕਰ ਸਕਦੇ। ਖ਼ਤਰਾ ਇਹ ਵੀ ਹੈ ਕਿ ਜਲਦ ਹੀ ਸੁਪਰੀਮ ਕੋਰਟ ਦੇ ਇਸ ਆਦੇਸ਼ ਨੂੰ ਕੁੱਝ ਜੋਸ਼ੀਲੇ ਦੇਸ਼ ਭਗਤ ਸਿਨੇਮਾ ਘਰਾਂ ਵਿਚ ਆਪਣੇ ਪੱਧਰ 'ਤੇ ਲਾਗੂ ਕਰਵਾਉਣ ਦੇ ਨਾਂ 'ਤੇ ਕਈ ਹਿੰਸਕ ਹਾਲਾਤ ਪੈਦਾ ਕਰ ਸਕਦੇ ਹਨ। ਕਿਰਪਾ ਇਹ ਨਾ ਸਮਝੋ ਕਿ ਮੈਂ ਰਾਸ਼ਟਰ ਗੀਤ ਦਾ ਵਿਰੋਧੀ ਹਾਂ। ਮੈਂ ਰਾਸ਼ਟਰ ਗੀਤ ਦਾ ਬਹੁਤ ਸਨਮਾਨ ਕਰਦਾ ਹਾਂ, ਉਨ੍ਹਾਂ ਲੋਕਾਂ ਤੋਂ ਜ਼ਿਆਦਾ ਜੋ ਸਾਲਾਂ ਤਕ ਇਸ ਰਾਸ਼ਟਰ ਗੀਤ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਦੇ ਰਹੇ ਅਤੇ ਪ੍ਰਚਾਰਤ ਕਰਦੇ ਰਹੇ ਕਿ ਇਹ ਜਾਰਜ ਪੰਚਮ ਦੀ ਤਾਰੀਫ਼ 'ਚ ਲਿਖਿਆ ਗਿਆ ਹੈ। ਹਾਲਾਂਕਿ ਰਵਿੰਦਰਨਾਥ ਟੈਗੋਰ ਆਪਣੇ ਜੀਵਨ ਕਾਲ ਵਿਚ ਹੀ ਇਸ ਗੱਲ ਦਾ ਵਾਰ-ਵਾਰ ਵਿਰੋਧ ਕਰਦੇ ਰਹੇ। ਬੇਸ਼ੱਕ ਉਨ੍ਹਾਂ ਤੋਂ ਸਮਰਾਟ ਦੀ ਤਾਰੀਫ਼ ਵਿਚ ਗੀਤ ਲਿਖਣ ਦੀ ਅਪੀਲ ਕੀਤੀ ਗਈ ਸੀ, ਪਰ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ ਸੀ। ਇਸ ਬਾਰੇ ਉਨ੍ਹਾਂ ਨੇ ਆਪਣੇ ਦੋਸਤ ਪੀ.ਬੀ. ਸੇਨ ਨੂੰ ਵੀ ਲਿਖਿਆ, "ਸਮਰਾਟ ਦੇ ਅਮਲੇ ਦੇ ਕਿਸੇ ਅਫਸਰ ਨੇ, ਜੋ ਮੇਰੇ ਦੋਸਤ ਵੀ ਸਨ, ਅਪੀਲ ਕੀਤੀ ਸੀ ਕਿ ਮੈਂ ਸਮਰਾਟ ਦੀ ਤਾਰੀਫ਼ ਵਿਚ ਇੱਕ ਗੀਤ ਲਿਖਾਂ। ਇਸ ਅਪੀਲ ਤੋਂ ਮੈਂ ਹੈਰਾਨ ਰਹਿ ਗਿਆ। ਇਸ ਗੱਲ ਕਾਰਨ ਮੈਨੂੰ ਬਹੁਤ ਗੁੱਸਾ ਆਇਆ। ਇਸ ਬੇਹੱਦ ਮਾਨਸਿਕ ਸ਼ੋਸ਼ਣ ਦੇ ਜਵਾਬ ਵਿਚ ਮੈਂ ਜਨ ਗਣ ਮਨ 'ਚ ਉਸ ਭਾਰਤ ਭਵਿੱਖ ਸੰਚਾਲਨ ਦੀ ਜਿੱਤ ਦਾ ਐਲਾਨ ਕੀਤਾ, ਜੋ ਕਈ ਸਦੀਆਂ ਤੋਂ ਉੱਠਦੇ-ਡਿੱਗਦੇ ਭਾਰਤ ਨੂੰ ਚਲਾਉਂਦਾ ਰਿਹਾ ਹੈ।"

ਪਰ ਟੈਗੋਰ ਦੇ ਜਨ-ਗਣ-ਮਨ ਨੂੰ ਜਾਰਜ ਪੰਚਮ ਨਾਲ ਕਿਵੇਂ ਜੋੜ ਦਿੱਤਾ ਗਿਆ? ਇਸ ਦਾ ਜਵਾਬ ਸੌਭਿਕ ਭੱਟਾਚਾਰਿਆ ਅਤੇ ਅਨਿਬਾਰਨ ਮਿੱਤਰਾ ਵੱਲੋਂ ਕੀਤੇ ਗਏ ਸ਼ੋਧ ਵਿਚ ਮਿਲਦਾ ਹੈ। ਕੁੱਝ ਸਾਲ ਪਹਿਲਾਂ 'ਦੀ ਹਿੰਦੂ' ਦੇ ਇੱਕ ਲੇਖ ਵਿਚ ਉਨ੍ਹਾਂ ਲਿਖਿਆ ਹੈ ਕਿ ਉਸੇ ਸਾਲ ਕਾਂਗਰਸ ਦੇ ਸੈਸ਼ਨ ਵਿਚ ਟੈਗੋਰ ਦਾ ਜਨ ਗਣ ਮਨ ਵੀ ਗਾਇਆ ਗਿਆ ਅਤੇ ਜਾਰਜ ਪੰਚਮ ਦੀ ਸ਼ਲਾਘਾ 'ਚ ਕਿਸੇ ਹੋਰ ਲੇਖਕ ਵੱਲੋਂ ਲਿਖਿਆ ਗਿਆ ਇਕ ਹੋਰ ਗੀਤ ਵੀ ਜਿਸ ਨੂੰ ਮੀਡੀਆ ਦੀ ਰਿਪੋਰਟਿੰਗ ਨੇ ਜੋੜ-ਤੋੜ ਕਰ ਦਿੱਤਾ। ਟੈਗੋਰ ਤੋਂ ਬਾਅਦ ਵਿਚ ਜਦੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸੋਚਦੇ ਹਨ ਕਿ ਮੈਂ ਅਜਿਹੀ ਮੂਰਖਤਾ ਕਰ ਸਕਦਾ ਹਾਂ, ਉਨ੍ਹਾਂ ਦੇ ਸਵਾਲ ਦਾ ਜਵਾਬ ਤਕ ਦੇਣਾ ਮੇਰੇ ਲਈ ਅਪਮਾਨਜਨਕ ਹੈ।



ਖ਼ੈਰ, ਟੈਗੋਰ ਉਨ੍ਹਾਂ ਲੋਕਾਂ ਵਿਚੋਂ ਸਨ, ਜਿਨ੍ਹਾਂ ਨੇ ਨਵੇਂ ਰਾਸ਼ਟਰਵਾਦ, ਫ਼ਿਰਕਾਪ੍ਰਸਤੀ ਅਤੇ ਧਾਰਮਿਕ ਪਾਖੰਡ ਦੇ ਖਤਰਿਆਂ ਨੂੰ ਸਭ ਤੋਂ ਪਹਿਲਾਂ ਪਛਾਣਿਆ ਸੀ। 1889 ਵਿਚ ਲਿਖਿਆ ਗਿਆ ਉਨ੍ਹਾਂ ਦਾ ਨਾਵਲ 'ਰਾਜਸ੍ਰੀ' ਬਹੁਤ ਮਨੁੱਖੀ ਢੰਗ ਨਾਲ ਸੱਤਾ ਅਤੇ ਧਰਮ ਨੂੰ ਪੇਸ਼ ਕਰਦਾ ਹੈ ਅਤੇ ਉਸ ਦੌਰ ਵਿਚ ਅਹਿੰਸਾ ਨੂੰ ਆਦਰਸ਼ ਦੀ ਤਰ੍ਹਾਂ ਪੇਸ਼ ਕਰਦਾ ਹੈ, ਜਦੋਂ ਗਾਂਧੀ ਦਾ ਵਿਚਾਰਿਕ ਮਨੁੱਖ ਤਿਆਰ ਹੋ ਰਿਹਾ ਸੀ। 1911 ਵਿਚ ਪ੍ਰਕਾਸ਼ਤ ਆਪਣੇ ਨਾਵਲ 'ਗੋਰਾ' ਵਿਚ ਵੀ ਰਾਸ਼ਟਰਵਾਦ ਦੀ ਬਹਿਸ ਨੂੰ ਵੱਡਾ ਮੁੱਦਾ ਬਣਾਇਆ ਹੈ। ਅਜਿਹਾ ਕ੍ਰਾਂਤੀਦਰਸ਼ੀ ਸਾਡੇ ਰਾਸ਼ਟਰ ਗੀਤ ਦਾ ਨਿਰਮਾਤਾ ਹੈ। ਇਹ ਮੇਰੇ ਲਈ ਮਾਣ ਵਾਲੀ ਗੱਲ ਹੈ। ਸੱਚ ਤਾਂ ਇਹ ਹੈ ਕਿ ਰਾਸ਼ਟਰ ਗੀਤ ਹੋਵੇ ਜਾਂ ਤਿਰੰਗਾ – ਦੋਹਾਂ ਦਾ ਸਭ ਤੋਂ ਘੱਟ ਸਨਮਾਨ ਸ਼ੁਰੂਆਤੀ ਸਾਲਾਂ 'ਚ ਉਨ੍ਹਾਂ ਭਗਵਾ ਵਿਚਾਰਕਾਂ ਨੇ ਕੀਤਾ, ਜੋ ਸਭ ਤੋਂ ਵੱਧ ਦੇਸ਼ ਭਗਤੀ ਦਾ ਝੰਡਾ ਚੁੱਕਦੇ ਹਨ।

ਫਿਰ ਸਵਾਲ ਹੈ, ਸੁਪਰੀਮ ਕੋਰਟ ਦੇ ਹੁਕਮ ਤੋਂ ਮੈਨੂੰ ਇਤਰਾਜ਼ ਕਿਉਂ ਹੈ? ਮੈਨੂੰ ਰਾਸ਼ਟਰ ਗੀਤ ਤੋਂ ਨਹੀਂ, ਇਸ ਦੇ ਜਬਰੀ ਲਾਗੂ ਕੀਤੇ ਜਾਣ ਤੋਂ ਇਤਰਾਜ਼ ਹੈ। ਇਸ ਤੋਂ ਰਾਸ਼ਟਰ ਗੀਤ ਦਾ ਮਾਣ ਘੱਟ ਹੋਵੇਗਾ। ਜਿਸ ਨਾਲ ਸਾਡਾ ਸਹਿਜ ਸਬੰਧ ਹੋਣਾ ਚਾਹੀਦਾ ਹੈ, ਜਿਸ ਨੂੰ ਗਾਉਂਦੇ ਸਮੇਂ ਸ਼ਰਧਾ ਅਤੇ ਸਨਮਾਨ ਦੀ ਭਾਵਨਾ ਪੈਦਾ ਹੋਣੀ ਚਾਹੀਦੀ ਹੈ, ਜੇ ਉਸ ਨੂੰ ਬਿਲਕੁਲ ਖੜ੍ਹੇ ਹੋ ਕੇ ਸਾਵਧਾਨ ਦੀ ਸਥਿਤੀ ਵਿਚ ਗਾਉਣ ਲਈ ਮਜਬੂਰ ਹੋਣਾ ਪਵੇ ਤਾਂ ਉਸ ਦੇ ਮਾਣ ਨੂੰ ਸੱਟ ਪੁੱਜੇਗੀ। ਰਾਸ਼ਟਰ ਗੀਤ ਕਿਸੇ ਵਿਅਕਤੀ ਨੂੰ ਉਸ ਦੀ ਆਜ਼ਾਦੀ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ, ਉਸ ਨੂੰ ਪ੍ਰਸ਼ਾਸਨ ਦਾ ਜਬਰੀ ਲਾਗੂ ਕੀਤਾ ਹੋਇਆ ਆਦੇਸ਼ ਨਹੀਂ ਹੋਣਾ ਚਾਹੀਦਾ।

ਇੱਥੇ ਇਸ ਆਦੇਸ਼ ਦੀ ਦੂਜੀ ਸੀਮਾ ਵਿਖਾਈ ਦਿੰਦੀ ਹੈ। ਇਹ ਹੁਕਮ ਸਾਡੇ ਜਮਹੂਰੀ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ। ਕਿਸੇ ਵੀ ਅਧਿਕਾਰ ਦਾ ਇਕ ਬੁਨਿਆਦੀ ਨਿਯਮ ਉਸ ਦੀ ਵਰਤੋਂ ਨਾ ਕਰਨ ਦੀ ਛੋਟ ਵੀ ਹੁੰਦਾ ਹੈ। ਮਤਲਬ ਸਾਡੇ ਵੋਟ ਦੇਣ ਦੇ ਅਧਿਕਾਰ 'ਚ ਵੋਟ ਨਾ ਦੇਣ ਦਾ ਅਧਿਕਾਰ ਵੀ ਸ਼ਾਮਲ ਹੈ। ਪਰ ਸੁਪਰੀਮ ਕੋਰਟ ਸਾਨੂੰ ਸਿਰਫ਼ ਰਾਸ਼ਟਰ ਗੀਤ ਨਾ ਗਾਉਣ ਦਾ ਅਧਿਕਾਰ ਹੀ ਖੋਹ ਰਿਹਾ ਹੈ, ਉਹ ਸਾਨੂੰ ਇਸ ਨੂੰ ਖਾਸ ਤਰੀਕੇ ਤੋਂ ਗਾਉਣ ਲਈ ਵੀ ਮਜਬੂਰ ਕਰ ਰਿਹਾ ਹੈ। ਇਸ ਅਦਾਲਤੀ ਹੁਕਮ ਦੇ ਜਨਤਕ ਖਤਰੇ ਹੋਰ ਵੱਧ ਹਨ। ਛੇਤੀ ਹੀ ਅਜਿਹੇ ਸੰਗਠਨ ਵੇਖਣ ਨੂੰ ਮਿਲਣਗੇ, ਜੋ ਰਾਸ਼ਟਰ ਗੀਤ ਦੀ ਉਲੰਘਣਾ ਦੇ ਨਾਂ 'ਤੇ ਕਿਸੇ ਨੂੰ ਵੀ ਪ੍ਰੇਸ਼ਾਨ ਕਰ ਸਕਦੇ ਹਨ, ਜਿਵੇਂ ਗਉ-ਰੱਖਿਆ ਸੰਗਠਨ ਕਰਦੇ ਹਨ।

ਇਸ ਦਾ ਇੱਕ ਹੋਰ ਪੱਖ ਸਮਝਣ ਦੀ ਲੋੜ ਹੈ। ਦੇਸ਼ ਜ਼ਬਰੀ ਲਾਗੂ ਪਰੰਪਰਾਵਾਂ ਅਤੇ ਕਾਨੂੰਨਾਂ ਨਾਲ ਨਹੀਂ ਚਲਦਾ। ਉਹ ਸਮੂਹਕ ਚੇਤਨਾ ਦਾ ਨਾਂ ਹੁੰਦਾ ਹੈ, ਜੋ ਵੱਖ-ਵੱਖ ਮਾਨ-ਸਨਮਾਨ ਵਿਚਕਾਰ ਪੈਦਾ ਹੁੰਦਾ ਹੈ। ਕੋਈ ਖਿਡਾਰੀ ਉਲੰਪਿਕ 'ਚ ਮੈਡਲ ਜਿੱਤਦਾ ਹੈ ਤਾਂ ਦੇਸ਼ ਦਾ ਸਨਮਾਨ ਵਧਦਾ ਹੈ, ਕੋਈ ਫ਼ਿਲਮਕਾਰ ਚੰਗੀ ਫ਼ਿਲਮ ਬਣਾ ਕੇ ਕੌਮਾਂਤਰੀ ਸਮਾਗਮ ਵਿਚ ਸ਼ਲਾਘਾ ਪ੍ਰਾਪਤ ਕਰਦਾ ਹੈ ਤਾਂ ਦੇਸ਼ ਦਾ ਨਾਂ ਹੁੰਦਾ ਹੈ, ਚੰਗੀ ਕਿਤਾਬ ਦੇਸ਼ ਦੀ ਮਾਨਸਿਕ ਸ਼ਕਤੀ ਦਾ ਵਿਸਤਾਰ ਕਰਦੀ ਹੈ, ਚੰਗਾ ਗਾਇਕ ਦੇਸ਼ ਨੂੰ ਸੱਤ ਸਮੁੰਦਰ ਪਾਰ ਲਿਜਾਂਦਾ ਹੈ, ਮਤਲਬ ਹਰ ਕਿਸੇ ਦਾ ਆਪਣਾ ਮਾਨ-ਸਨਮਾਨ ਹੈ। ਇਸੇ ਤਰ੍ਹਾਂ ਸਿਨੇਮਾ ਦਾ ਵੀ ਹੈ। ਅਸੀਂ ਜਦੋਂ ਫ਼ਿਲਮ ਵੇਖਣ ਜਾਂਦੇ ਹਾਂ ਤਾਂ ਉਸੇ ਮਾਨਸਿਕ ਸਥਿਤੀ ਨਾਲ ਜਾਂਦੇ ਹਾਂ। ਉੱਥੇ ਜਾ ਕੇ ਜਦੋਂ ਰਾਸ਼ਟਰ ਗੀਤ ਲਈ ਖੜ੍ਹੇ ਹੋਣਾ ਰਾਸ਼ਟਰ ਗੀਤ ਲਈ ਮਾਣ ਵਾਲੀ ਗੱਲ ਨਹੀਂ ਹੈ। ਫ਼ਿਲਮ ਲਈ ਵੀ ਨਹੀਂ। ਇਹੀ ਨਹੀਂ, ਰਾਸ਼ਟਰ ਗੀਤ ਨੂੰ ਅਜਿਹੀ ਪੂਜਾ ਦੀ ਚੀਜ਼ ਬਣਾ ਦੇਣਾ ਕਿ ਉਸ ਨੂੰ ਇਵੇਂ ਛੋਹ ਲੈਣ ਨਾਲ ਅਪਵਿੱਤਰ ਹੋ ਜਾਵੇਗਾ, ਰਾਸ਼ਟਰ ਗੀਤ ਨੂੰ ਛੋਟਾ ਕਰਨਾ ਹੈ, ਲੋਕਾਂ ਤੋਂ ਵੱਖ ਕਰਨਾ ਹੈ, ਰਾਸ਼ਟਰ ਗੀਤ ਨਾਲ ਸਾਡੇ ਸਾਹ ਦਾ ਸਬੰਧ ਹੋਣਾ ਚਾਹੀਦਾ ਹੈ। ਕਦੇ ਉਹ ਸਾਹ ਲੰਮਾ ਹੋ ਸਕਦਾ ਹੈ, ਕਦੇ ਛੋਟਾ। ਕਦੇ ਅਸੀਂ ਇਸ ਨੂੰ ਗੁਨਗੁਨਾ ਸਕਦੇ ਹਾਂ, ਕਦੇ ਜ਼ੋਰ ਨਾਲ ਗਾ ਸਕਦੇ ਹਾਂ। ਕਦੇ ਇਸ ਦੇ ਨਾਲ ਕੁੱਝ ਚੰਗੇ ਸੰਗੀਤਮਈ ਪ੍ਰਯੋਗ ਵੀ ਕਰ ਸਕਦੇ ਹਾਂ, ਕਦੇ ਇਸ ਨੂੰ ਗੀਤ ਮੁਕਾਬਲੇ ਵਿਚ ਵੀ ਵਰਤ ਸਕਦੇ ਹਾਂ। ਮੁਸ਼ਕਲ ਇਹ ਹੈ ਕਿ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਅਜਿਹੀਆਂ ਕਈ ਸੰਭਾਵਨਾਵਾਂ ਖ਼ਤਮ ਹੋ ਗਈਆਂ ਹਨ।

ਕੁੱਝ ਦੋਸਤਾਂ ਦਾ ਕਹਿਣਾ ਹੈ ਕਿ ਜੇ ਰਾਸ਼ਟਰ ਗੀਤ ਲਈ ਸਿਨੇਮਾ ਘਰ 'ਚ 52 ਸਕਿੰਡ ਖੜ੍ਹੇ ਹੋਣਾ ਹੋਵੇ ਤਾਂ ਕਿਸੇ ਦਾ ਕੁੱਝ ਨਹੀਂ ਵਿਗੜੇਗਾ। ਗੱਲ ਸਹੀ ਹੈ, ਪਰ ਇਸ ਤੋਂ ਵੱਧ ਉਸ ਰਾਸ਼ਟਰ ਗੀਤ ਦਾ ਵਿਗੜੇਗਾ, ਜਿਸ ਨੂੰ ਸ਼ਰਧਾ ਅਤੇ ਸਨਮਾਨ ਨਾਲ ਗਾਇਆ ਜਾਣਾ ਚਾਹੀਦਾ ਹੈ, ਨਾ ਕਿ ਕਿਸੇ ਸਰਕਾਰੀ ਜਾਂ ਅਦਾਲਤ ਹੁਕਮ ਤੋਂ। ਦਰਅਸਲ ਇਹ ਫੈਸਲਾ ਇਕ ਤਰੀਕੇ ਨਾਲ ਰਾਸ਼ਟਰ ਗੀਤ ਦੀ ਉਲੰਘਣਾ ਕਰਦਾ ਹੈ। ਇਹ ਜ਼ਰੂਰੀ ਹੈ ਕਿ ਸੁਪਰੀਮ ਕੋਰਟ ਤੋਂ ਇਕ ਮਾਨਤਾ ਪ੍ਰਾਪਤ ਪੁਨਰ ਨਿਰੀਖਣ ਦੀ ਮੰਗ ਕੀਤੀ ਜਾਵੇ ਤਾਂ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਨਾ ਹੋਵੇ ਅਤੇ ਨਾ ਰਾਸ਼ਟਰ ਗੀਤ ਦੀ।

## ਦੇਸ਼ ਭਗਤੀ ਅਤੇ ਦੇਸ਼ ਪ੍ਰੇਮ ਵਿਚਾਲੇ ਫ਼ਰਕ ਕਰਨ ਦੀ ਲੋੜ

**ਅੰਸ਼ੁਲ ਤ੍ਰਿਵੇਦੀ**



ਦੂਜੀ ਸੰਸਾਰ ਜੰਗ ਤੋਂ ਬਾਅਦ ਰਾਸ਼ਟਰਵਾਦ ਤੇ ਬਹੁਸੰਖਿਆਵਾਦੀ ਸਿਧਾਂਤਾ ਨੂੰ ਲੈ ਕੇ ਪੂਰੀ ਦੁਨੀਆ ਵਿਚ ਇਕ ਬੇਚੈਨੀ ਸੀ, ਕਿਉਂਕਿ ਜਰਮਨੀ ਨੇ ਦੂਸਰਾ ਸੰਸਾਰ ਯੁੱਧ ਗਵਾਚੇ ਰਾਸ਼ਟਰ ਗੌਰਵ ਦੀ ਮੁੜ ਪ੍ਰਾਪਤੀ ਲਈ ਛੇੜਿਆ ਸੀ। ਸਾਲ 2008 ਦੀ ਆਰਥਿਕ ਮੰਦੀ ਮਗਰੋਂ ਜਦੋਂ ਵਿਸ਼ਵੀਕਰਨ ਦੀ ਆਰਥਿਕ ਨੀਂਹ ਹਿੱਲੀ ਤਾਂ ਆਰਥਿਕ ਨਿਰਾਸ਼ਾ ਦੇ ਚਲਦਿਆਂ ਰਾਸ਼ਟਰਵਾਦ ਨੇ ਤੇਜ਼ੀ ਨਾਲ ਸੰਸਾਰ ਪੱਧਰ 'ਤੇ ਸਿਆਸੀ ਵਾਪਸੀ ਕੀਤੀ ਹੈ। ਇਸ ਦੀ ਝਲਕ ਸਾਨੂੰ ਅਮਰੀਕਾ ਦੇ ਡੋਨਲਡ ਟਰੰਪ ਤੋਂ ਲੈ ਕੇ ਗਰੀਸ ਦੇ ਗੋਲਡਨ ਡੌਨ ਪਾਰਟੀ ਦੇ ਉਦੈ ਹੋਣ ਵਿਚ ਮਿਲਦੀ ਹੈ। ਸਾਡੇ ਦੇਸ਼ ਭਾਰਤ ਵੀ ਇਸ ਤੋਂ ਵਾਂਝਾ ਨਹੀਂ ਰਿਹਾ। ਵਿਰੋਧੀਆਂ ਨੂੰ ਦੇਸ਼ ਧਰੋਹੀ ਕਿਹਾ ਜਾਣਾ ਇਸ ਦਾ ਪ੍ਰਤੀਕ ਹੈ। ਇਸੇ ਹੀ ਕੜੀ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਅਨੁਸਾਰ ਹੁਣ ਹਰ ਸਿਨੇਮਾ ਹਾਲ ਵਿਚ ਕਿਸੇ ਵੀ ਫ਼ਿਲਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰਗਾਨ ਗਾਇਆ ਜਾਣ ਲਾਜ਼ਮੀ ਹੈ। ਇਸ ਫ਼ੈਸਲੇ ਤਹਿਤ ਰਾਸ਼ਟਰਗਾਨ ਸਾਡੀ ਰਾਸ਼ਟਰੀਅਤਾ ਤੇ 'ਸੰਵਿਧਾਨਕ ਦੇਸ਼ ਭਗਤੀ' ਦਾ ਇਕ 'ਪਵਿੱਤਰ' ਪ੍ਰਤੀਕ ਹੈ ਤੇ ਉਸ ਦਾ ਸਨਮਾਨ ਹੋਣਾ ਲਜ਼ਮੀ ਹੈ। ਰਾਸ਼ਟਰੀ ਪ੍ਰਤੀਕਾਂ ਦਾ ਸਨਮਾਨ ਹੋਣਾ ਚਾਹੀਦਾ ਹੈ, ਇਸ ਵਿਚ ਕੋਈ ਦੋ ਰਾਏ ਨਹੀਂ ਹੈ। ਪਰ ਸਾਬਕਾ ਅਟਾਰਨੀ ਜਨਰਲ ਸੋਲੀ ਸੋਰਾਬਜੀ ਵਰਗੇ ਉੱਘੇ ਕਾਨੂੰਨਵਾਦ ਇਸ ਫ਼ੈਸਲੇ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਮਤ ਹੈ ਕਿ ਇਸ ਫ਼ੈਸਲੇ ਵਿਚ ਕਈ ਖਾਮੀਆਂ ਹਨ। ਜਿਵੇਂ ਕਿ ਇਸ ਫ਼ੈਸਲੇ ਨੂੰ ਲਾਗੂ ਕਿਵੇਂ ਕਰਵਾਇਆ ਜਾਵੇਗਾ ਤੇ ਸਭ ਤੋਂ ਅਹਿਮ ਕੀ ਮਾਤਰ ਰਾਸ਼ਟਰਗਾਨ ਦੀ ਧੁਨ ਵੱਜਣ 'ਤੇ ਖੜ੍ਹੇ ਹੋ ਜਾਣ ਨਾਲ ਦੇਸ਼ ਭਗਤੀ ਸਿੱਧ ਹੋ ਜਾਂਦੀ ਹੈ? ਕੀ ਇਮਾਨਦਾਰੀ ਨਾਲ ਆਪਣਾ ਜੀਵਨ ਜਿਉਣਾ ਰਾਸ਼ਟਰਵਾਦ ਨਹੀਂ ਹੈ?

ਸ਼ਾਇਦ ਸਾਨੂੰ ਦੇਸ਼ ਭਗਤੀ ਤੇ ਦੇਸ਼ ਪ੍ਰੇਮ ਵਿਚਾਲੇ ਫ਼ਰਕ ਕਰਨ ਦੀ ਲੋੜ ਹੈ। ਭਗਤੀ ਵਿਚ ਤਰਕ ਤੇ ਅਸਹਿਮਤੀ ਦੀ ਕੋਈ ਥਾਂ ਨਹੀਂ ਹੁੰਦੀ, ਕਿਉਂਕਿ ਭਗਤੀ ਭਗਵਾਨ ਦੀ ਕੀਤੀ ਜਾਂਦੀ ਹੈ, ਜਦਕਿ ਦੇਸ਼ ਪ੍ਰੇਮ ਵਿਚ ਦੇਸ਼ ਦੀ ਕਲਪਨਾ ਅਲੌਕਿਕ ਨਹੀਂ ਬਲਕਿ ਤਾਰਕਿਕ ਹੁੰਦੀ ਹੈ, ਜਿਸ ਨੂੰ ਅਸੀਂ ਤੇ ਤੁਸੀਂ ਮਿਲ ਕੇ ਘੜਦੇ ਹਾਂ। ਭਗਤੀ ਵਿਚ ਜ਼ਰੂਰਤ ਹੁੰਦੀ ਹੈ, ਪ੍ਰੇਮ ਵਿਚ ਨਹੀਂ। ਸ਼ਾਇਦ ਇਸ ਲਈ ਖੁਦ ਰਾਸ਼ਟਰਗਾਨ ਦੇ ਰਚੇਤਾ ਮਹਾਂਕਵੀ ਰਵਿੰਦਰ ਨਾਥ ਟੈਗੋਰ ਨੇ ਕਿਹਾ ਸੀ, 'ਮੈਂ ਆਪਣੇ ਦੇਸ਼ ਦੀ ਸੇਵਾ ਕਰਨ ਲਈ ਤਿਆਰ ਹਾਂ...ਪਰ ਪੂਜਾ ਕਰਨ ਲਈ ਨਹੀਂ। ਦੇਸ਼ ਨੂੰ ਪੂਜਣਾ, ਅਲੌਕਿਕ ਬਣਾ ਦੇਣਾ-ਦੇਸ਼ ਨੂੰ ਸ਼ਰਾਪ ਦੇਣ ਵਰਗਾ ਹੈ।' ਸਾਨੂੰ ਟੈਗੋਰ ਦਾ ਕਥਨ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

# ਰਾਸ਼ਟਰ ਗੀਤ ਦੀ ਸ਼ਾਨ ਨੂੰ ਨੀਵਾਂ ਨਾ ਕਰੋ

**ਗੱਲ 2003 ਵਿਸ਼ਵ ਕਪ ਦੀ ਹੈ। ਜਦੋਂ ਸੌਰਭ ਗਾਂਗੁਲੀ ਦੀ ਕਪਤਾਨੀ 'ਚ ਭਾਰਤੀ ਟੀਮ ਫ਼ਾਈਨਲ ਵਿਚ ਪੁੱਜੀ ਸੀ। ਫ਼ਾਈਨਲ ਮੁਕਾਬਲਾ ਆਸਟ੍ਰੇਲੀਆ ਨਾਲ ਸੀ। ਦੱਖਣ ਅਫ਼ਰੀਕਾ ਦੇ ਸ਼ਹਿਰ ਜੋਹਨਸਬਰਗ ਦੇ ਵਾਂਡਰਸ ਸਟੇਡੀਅਮ ਵਿਚ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰ ਗੀਤ ਵੱਜਿਆ ਤਾਂ ਖਚਾਖਚ ਭਰਿਆ ਸਟੇਡੀਅਮ ਆਪਣੇ ਆਪ ਪੈਰਾਂ 'ਤੇ ਸੀ। ਜਨ ਗਣ ਮਨ ਦੀ ਮਿੱਠੀ ਆਵਾਜ਼ ਨੇ ਜਿਵੇਂ ਹੀ ਕੰਨਾਂ ਨੂੰ ਛੋਹਿਆ, ਹਜ਼ਾਰਾਂ ਬੁੱਲਾਂ 'ਚੋਂ ਆਵਾਜ਼ ਆਉਣ ਲੱਗੀ। ਛਾਤੀ ਮਾਣ ਨਾਲ ਚੌੜੀ ਹੋ ਗਈ, 56 ਇੰਚ ਤੋਂ ਵੀ ਵੱਧ। ਸਰੀਰ ਵਿਚ ਹਲਚਲ ਅਤੇ ਅੱਖਾਂ ਵਿਚ ਹੰਝੂ ਆ ਗਏ।**

**ਸੰਜੇ ਕਿਸ਼ੋਰ**

ਦਾਦਾ ਕੋਂਡਕੇ ਬਾਰੇ ਸੁਣਿਆ ਹੈ? ਨੌਜਵਾਨ ਪੀੜ੍ਹੀ ਸ਼ਾਇਦ ਉਨ੍ਹਾਂ ਨੂੰ ਜਾਣਦੀ ਵੀ ਨਹੀਂ ਹੈ ਅਤੇ ਰੇਟ੍ਰੋ ਜੈਨਰੇਸ਼ਨ ਨੇ ਉਨ੍ਹਾਂ ਨੂੰ ਭੁਲਾ ਦਿੱਤਾ ਹੈ। ਮਰਾਠੀ ਦੇ ਪ੍ਰਸਿੱਧ ਫ਼ਿਲਮ ਨਿਰਮਾਤਾ ਅਤੇ ਅਦਾਕਾਰ ਰਹੇ ਹਨ। ਮਰਾਠੀ ਵਿਚ ਕਾਮਯਾਬੀ ਮਿਲੀ ਤਾਂ ਰਾਸ਼ਟਰ ਭਾਸ਼ਾ ਵਿਚ ਵੀ ਹੱਥ ਅਜ਼ਮਾਇਆ। ਉਨ੍ਹਾਂ ਦੀਆਂ 9 ਫ਼ਿਲਮਾਂ ਸਿਲਵਰ ਜੁਬਲੀ ਰਹੀਆਂ ਅਤੇ ਇਸ ਲਈ ਉਨ੍ਹਾਂ ਦਾ ਨਾਂ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਵੀ ਦਰਜ ਕੀਤਾ ਗਿਆ। ਨਾਂ, ਕੰਮ ਅਤੇ ਸ਼ਖ਼ਸੀਅਤ ਤਿੰਨਾਂ ਵਿਚ ਕਾਮੇਡੀ ਸੀ। ਪਰ ਸਿਹਤਮੰਦ ਮਨੋਰੰਜਨ ਨਾਲ ਉਨ੍ਹਾਂ ਦਾ ਦੂਰ ਦਾ ਸਬੰਧ ਵੀ ਨਹੀਂ ਸੀ। ਅਸ਼ਲੀਲਤਾ ਅਤੇ ਦੋ-ਅਰਥੀ ਸੰਵਾਦ ਨਾਲ ਉਨ੍ਹਾਂ ਨੇ ਪ੍ਰਸਿੱਧੀ ਖੱਟੀ। ਉਨ੍ਹਾਂ ਦੀਅੰ



ਫ਼ਿਲਮਾਂ ਨੂੰ ਵੇਖਣ ਲਈ ਤੁਹਾਨੂੰ ਇੱਕ ਨੰਬਰ ਦਾ 'ਬੇਗੈਰਤ' ਹੋਣਾ ਪੈਂਦਾ ਸੀ। ਉਨ੍ਹਾਂ ਦੀਆਂ ਫ਼ਿਲਮਾਂ ਵੇਖਣਾ ਤਾਂ ਦੂਰ ਦੀ ਗੱਲ, ਉਨ੍ਹਾਂ ਦੀਆਂ ਫ਼ਿਲਮਾਂ ਦੇ ਨਾਂ ਵੀ ਜ਼ਬਾਨ 'ਤੇ ਲਿਆਉਣ ਲਈ ਤੁਹਾਨੂੰ ਆਪਣੀ ਸ਼ਰਮ ਲਾਹੁਣੀ ਪੈਂਦੀ ਸੀ। ਖੁਦ ਹੀ ਵੇਖ ਲਓ ਉਨ੍ਹਾਂ ਦੀਆਂ ਫ਼ਿਲਮਾਂ ਦੇ ਨਾਂ –"ਅੰਧੇਰੀ ਰਾਤ ਮੇਂ ਦਿਯਾ ਤੇਰੇ ਹਾਥ ਮੇਂ", 'ਤੇਰੇ ਮੇਰੇ ਬੀਚ ਮੇਂ", 'ਖੋਲ੍ਹ ਦੇ ਮੇਰੀ ਜ਼ੁਬਾਨ', ਆਗੇ ਕੀ ਸੋਚ'। ਡਾਇਲਾਗ ਸੁਣ ਲਓਗੇ ਤਾਂ ਸਰਾਫ਼ਤ ਪਾਣੀ-ਪਾਣੀ ਹੋ ਜਾਵੇਗੀ। ਜ਼ਰਾ ਸੋਚੋ ਕਿ ਦਾਦਾ ਕੋਂਡਕੇ ਦੀ ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰ ਗੀਤ ਵਜਾਇਆ ਜਾਂਦਾ ਤਾਂ ਕੀ ਇਸ ਨਾਲ ਰਾਸ਼ਟਰ ਗੀਤ ਦਾ ਮਾਣ ਨਹੀਂ ਡਿੱਗਦਾ। ਤੁਸੀਂ ਸੰਨੀ ਲਿਓਨ ਦੀ ਫ਼ਿਲਮਾਂ ਦੇ ਦਰਸ਼ਕਾਂ ਨੂੰ ਰਾਸ਼ਟਰ ਗੀਤ ਵਜਾ ਕੇ ਖੜ੍ਹਾ ਕਰਵਾਓਗੇ?

ਮੇਰੇ ਵਰਗੇ 'ਦੇਸ਼' ਦੇ 'ਭਗਤਾਂ' ਨੂੰ ਇਤਰਾਜ਼ ਰਾਸ਼ਟਰ ਗੀਤ ਲਈ 52 ਸਕਿੰਡ ਖੜ੍ਹੇ ਹੋਣ 'ਤੇ ਨਹੀਂ ਹੈ ਅਤੇ ਨਾ ਹੀ ਕੋਈ ਪ੍ਰੇਸ਼ਾਨੀ ਹੈ। ਗੱਲ ਰਾਸ਼ਟਰ ਗੀਤ ਦੇ ਸਨਮਾਨ ਦੀ ਹੈ, ਮਾਣ ਦੀ ਹੈ। ਰਾਸ਼ਟਰ ਗੀਤ ਕੌਮੀ ਮਹੱਤਤਾ ਦੇ ਮੌਕੇ 'ਤੇ ਵੱਜਣਾ ਚਾਹੀਦਾ ਹੈ। ਸਿਨੇਮਾ ਹਾਲ ਵਿਚ ਕੋਲਡ ਡਰਿੰਕ ਅਤੇ ਪੋਪ ਕੋਰਨ ਫੜੇ ਲੋਕਾਂ ਨੂੰ ਰਾਸ਼ਟਰ ਗੀਤ ਨਾਲ ਅਨੁਸ਼ਾਸਤ ਕਰਨਾ ਠੀਕ ਨਹੀਂ ਹੈ। ਅਜਿਹੀ ਕੋਸ਼ਿਸ਼ ਪਹਿਲਾਂ ਵੀ ਹੋ ਚੁੱਕੀ ਹੈ। 60 ਅਤੇ 70 ਦੇ ਦਹਾਕੇ ਵਿਚ ਸਿਨੇਮਾ ਹਾਲ ਵਿਚ ਕੌਮੀ ਗੀਤ ਵਜਾਇਆ ਜਾਂਦਾ ਸੀ। ਪਰ ਲੋਕ ਗੀਤ ਦੇ ਵਿਚਕਾਰ ਹਿਲਦੇ-ਜੁਲਦੇ ਰਹਿੰਦੇ ਸਨ। ਹੌਲੀ-ਹੌਲੀ ਇਹ ਪਰੰਪਰਾ ਖ਼ਤਮ ਹੁੰਦੀ

ਬਾਕੀ ਸਫ਼ਾ 33 'ਤੇ

## ਕਨੇਡਾ ਦੀਆਂ ਪੰਥਕ ਜਥੇਬੰਦੀਆਂ ਤੇ ਗੁਰਦੁਆਰਾ ਸਾਹਿਬਾਨ ਵਲੋਂ ਸਰਬੱਤ ਖਾਲਸਾ ਦਾ ਪੂਰਨ ਸਮਰਥਨ

**ਟੋਰਾਂਟੋ/ਬਿਊਰੋ ਨਿਊਜ਼:**
ਕੈਨੇਡਾ ਦੀਆਂ ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਸਾਹਿਬਾਨਾਂ ਵਲੋਂ ਸਿੰਘ ਸਾਹਿਬ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ, ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਭਾਈ ਅਮਰੀਕ ਸਿੰਘ ਅਜਨਾਲਾ ਜਥੇਦਾਰ ਸ੍ਰੀ ਕੇਸਗੜ ਸਾਹਿਬ, ਸਿੰਘ ਸਾਹਿਬ ਭਾਈ ਬਲਜੀਤ ਸਿੰਘ ਦਾਦੂਵਾਲ ਜਥੇਦਾਰ ਸ੍ਰੀ ਦਮਦਮਾ ਸਾਹਿਬ ਅਤੇ ਸਰਬੱਤ ਖਾਲਸਾ ਨੂੰ ਸਮਰਥਨ ਦੇ ਰਹੀਆਂ ਸਮੂਹ ਜਥੇਬੰਦੀਆਂ ਵਲੋਂ 8 ਦਸੰਬਰ ਨੂੰ ਤਲਵੰਡੀ ਸਾਬੋ ਵਿਖੇ ਸੱਦੇ ਗਏ ਸਰਬੱਤ ਖਾਲਸਾ ਦਾ ਪੂਰਾ ਸਮਰਥਨ ਕੀਤਾ ਜਾਂਦਾ ਹੈ। ਇਹ ਜਾਣਕਾਰੀ ਸੁਖਮਿੰਦਰ ਸਿੰਘ ਹੰਸਰਾ ਨੇ ਦਿੱਤੀ ਕਿ ਇਥੋਂ ਦੀ ਸੰਗਤ ਵਿੱਚ ਸਰਬੱਤ ਖਾਲਸਾ ਪ੍ਰਤੀ ਭਾਰੀ ਉਤਸ਼ਾਹ ਹੈ।
ਇੱਥੇ ਜਾਰੀ ਇਕ ਲਿਖਤੀ ਪ੍ਰੈਸ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਸਰਬੱਤ ਖਾਲਸਾ ਪ੍ਰਤੀ ਬਾਦਲ ਸਰਕਾਰ ਵਲੋਂ ਅਪਣਾਇਆ ਜ਼ਾਲਮਾਨਾ ਰਵੱਈਆ ਅਤੇ ਸਰਬੱਤ ਖਾਲਸਾ ਦੇ ਸਿਧਾਂਤ ਨੂੰ ਸੱਟ ਮਾਰਨ ਦੀਆਂ ਕੋਝੀਆਂ ਚਾਲਾਂ ਸਦਕਾ ਸਮੁੱਚੀ ਦੁਨੀਆਂ ਵਿੱਚ ਵੱਸਦੇ ਸਿੱਖ ਰੋਹ ਵਿੱਚ ਹਨ। ਸਰਬੱਤ ਖਾਲਸਾ, ਸਿੱਖ ਪੰਥ ਦੀ ਨਿਆਰੀ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਹੈ, ਇਸ ਉਪਰ ਕਿਸੇ ਸਰਕਾਰ ਦਾ ਕੋਈ ਦਬਦਬਾ ਖਾਲਸਾ ਪੰਥ ਨੂੰ ਕਦੇ ਮੰਜ਼ੂਰ ਨਹੀਂ ਹੋਵੇਗਾ। ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਇਸ ਗੱਲ ਤੋਂ ਬੇਹੱਦ ਪ੍ਰੇਸ਼ਾਨ ਹਨ ਕਿ ਬਾਦਲ ਸਰਕਾਰ ਵਲੋਂ ਸੈਂਟਰ ਸਰਕਾਰ ਦੀ ਸ਼ਹਿ ਤੇ ਸਿੱਖਾਂ ਦੇ ਮੁੱਢਲੇ ਹੱਕ ਕੁਚਲ੍ਹੇ ਜਾ ਰਹੇ ਹਨ।

## ਭਾਰਤ ਦੇ ਚੀਫ ਕੋਚ ਭਗਵਤ ਦੀ ਮੌਤ 'ਤੇ ਗਹਿਰਾ ਦੁੱਖ

**ਸਿਆਟਲ/ਬਿਊਰੋ ਨਿਊਜ਼:** ਕੁਸ਼ਤੀ ਜਗਤ ਦੀ ਜਾਣੀ ਪਛਾਣੀ ਸ਼ਖ਼ਸ਼ੀਅਤ ਅਤੇ ਭਾਰਤ ਦੇ ਚੀਫ਼ ਕੁਸ਼ਤੀ ਕੋਚ ਰਹਿ ਚੁੱਕੇ ਦਰੋਣਾਚਾਰੀਆ ਬੀ.ਬੀ. ਭਗਵਤ ਸੈਕਰਾਮੈਂਟੋ ਵਿਚ ਸਦਾ ਲਈ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਮੌਤ 'ਤੇ ਸੰਸਾਰ ਭਰ ਵਿਚ ਪਹਿਲਵਾਨਾਂ, ਕੋਚਾਂ ਤੇ ਸਨੇਹੀਆਂ ਵਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਉਹ ਆਪਣੇ ਪਿਛੇ ਦੋ ਲੜਕੀਆਂ ਨੀਸ਼ਾ ਤੇ ਸਲਾਖਾ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਡ ਵਿਭਾਗ ਵਿਚ ਸਾਬਕਾ ਡਾਇਰੈਕਟਰ ਸਪੋਰਟਸ ਮਨਜੀਤ ਕੌਰ ਧਾਲੀਵਾਲ ਛੱਡ ਗਏ ਹਨ।



ਗੁਰਚਰਨ ਸਿੰਘ ਢਿਲੋ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਕੋਸ਼ਤੀ ਸੰਸਥਾ ਦੇ ਪ੍ਰਧਾਨ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ, ਜਨਰਲ ਸਕੱਤਰ ਪੀ.ਆਰ. ਸੌਂਧੀ, ਸੋਹਣ ਸਿੰਘ, ਜਰਗਦੇਵ ਸਿੰਘ ਧਾਲੀਵਾਲ ਸਮੇਤ ਅਹੁਦੇਦਾਰਾਂ ਤੇ ਮੈਂਬਰਾਂ ਨੇ ਭਗਵਤ ਸਾਹਿਬ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਬੀ.ਬੀ. ਭਗਵਤ ਬਹੁਤ ਹੀ ਮਿਹਨਤੀ, ਇਮਾਨਦਾਰ, ਨੇਕ ਇਨਸਾਨ ਸਨ, ਜਿਨ੍ਹਾਂ ਨੇ ਸਾਰੀ ਉਮਰ ਕੁਸ਼ਤੀ ਦੀ ਬੇਹਤਰੀ ਲਈ ਕੰਮ ਕੀਤਾ ਅਤੇ ਲਗਨ ਨਾਲ ਮਿਹਨਤ ਕਰਕੇ ਪਹਿਲਵਾਨੀ ਵਿਚ ਅਨੁਸ਼ਾਸ਼ਨ ਪੈਦਾ ਕੀਤਾ। ਕੁਸ਼ਤੀ ਖੇਤਰ ਵਿਚ ਉਹਨਾਂ ਦੀ ਹਮੇਸ਼ਾ ਘਾਟ ਮਹਿਸੂਸ ਹੁੰਦੀ ਰਹੇਗੀ।

# ਬੁੱਧੀਜੀਵੀਆਂ ਖ਼ਿਲਾਫ਼ ਦਰਜ ਕੇਸਾਂ ਦੀ ਅਸਲੀਅਤ

***ਦਰਅਸਲ ਚਾਰ ਮੈਂਬਰੀ ਟੀਮ ਨੇ ਬਸਤਰ ਡਿਵੀਜ਼ਨ ਦੇ ਚਾਰ ਜ਼ਿਲ੍ਹਿਆਂ ਦਾ ਦੌਰਾ ਕਰਕੇ ਤੱਥ ਖੋਜ ਰਿਪੋਰਟ ਜਾਰੀ ਕੀਤੀ ਸੀ ਜਿੱਥੋਂ ਦੇ ਆਦਿਵਾਸੀ ਸੂਬਾਈ ਪੁਲੀਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੇ ਨਕਸਲੀ ਵਿਰੋਧੀ ਓਪਰੇਸ਼ਨਾਂ ਦਾ ਸਭ ਤੋਂ ਵੱਧ ਸੰਤਾਪ ਝੱਲ ਰਹੇ ਹਨ। ਰਿਪੋਰਟ ਵਿੱਚ ਇੱਕ ਪਾਸੇ ਪੁਲੀਸ ਮੁਕਾਬਲਿਆਂ, ਗ੍ਰਿ.ਫ਼ਤਾਰੀਆਂ, ਮਾਓਵਾਦੀਆਂ ਦੇ ਥੋਕ ਆਤਮ-ਸਮਰਪਣਾਂ ਬਾਰੇ ਅਤੇ ਦੂਜੇ ਪਾਸੇ ਸਿੱਖਿਆ, ਸਿਹਤ ਸਹੂਲਤਾਂ ਅਤੇ ਮਨਰੇਗਾ ਸਮੇਤ ਤਮਾਮ ਸਰਕਾਰੀ ਸਕੀਮਾਂ ਬਾਰੇ ਸਰਕਾਰੀ ਦਾਅਵਿਆਂ ਉੱਪਰ ਸਵਾਲੀਆ ਚਿੰਨ੍ਹ ਲਗਾਉਂਦਿਆਂ ਜ਼ਮੀਨੀ ਹਕੀਕਤ ਪੇਸ਼ ਕੀਤੀ ਗਈ ਸੀ।***

**ਬੂਟਾ ਸਿੰਘ**
(ਮੋਬਾਈਲ : 94634:74342)

ਛੱਤੀਸਗੜ੍ਹ ਪੁਲੀਸ ਵੱਲੋਂ ਦੋ ਪ੍ਰੋਫੈਸਰਾਂ ਅਤੇ ਦੋ ਸਿਆਸੀ ਕਾਰਕੁਨਾਂ ਨੂੰ ਬਸਤਰ ਵਿੱਚ ਹੋਏ ਇੱਕ ਕਤਲ ਦੇ ਮਾਮਲੇ ਵਿੱਚ ਸ਼ਾਮਲ ਕਰਨਾ ਡੂੰਘੀ ਫ਼ਿਕਰਮੰਦੀ ਦੀ ਮੰਗ ਕਰਦਾ ਹੈ। ਮਹਿਜ਼ ਇਸ ਕਰਕੇ ਨਹੀਂ ਕਿ ਉਨ੍ਹਾਂ ਉੱਪਰ ਇਹ ਮਾਮਲਾ ਨਾਜਾਇਜ਼ ਦਰਜ ਕੀਤਾ ਗਿਆ ਹੈ, ਸਗੋਂ ਇਸ ਕਰਕੇ ਕਿ ਪਿਛਲੇ ਕੁਝ ਸਾਲਾਂ ਤੋਂ ਇਹ ਸਿਲਸਿਲਾ ਵਾਰ-ਵਾਰ ਦੇਖਣ ਨੂੰ ਮਿਲ ਰਿਹਾ ਹੈ। ਹਾਲਾਤ ਐਨੇ ਗੰਭੀਰ ਬਣ ਚੁੱਕੇ ਹਨ ਕਿ ਸਮਾਜ ਦੇ ਚਿੰਤਨਸ਼ੀਲ ਹਿੱਸਿਆਂ ਵੱਲੋਂ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਸਮਾਜ ਪ੍ਰਤੀ ਫ਼ਿਕਰਮੰਦੀ ਤਹਿਤ ਕੀਤੀ ਜਾ ਰਹੀ ਜਮਹੂਰੀ ਦਖ਼ਲਅੰਦਾਜ਼ੀ ਨੂੰ ਹੀ ਸਥਾਪਤੀ ਵੱਲੋਂ ਖ਼ਤਰਨਾਕ ਜੁਰਮ ਬਣਾ ਦਿੱਤਾ ਗਿਆ ਹੈ।

ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਨੀ ਸੁੰਦਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਪ੍ਰੋਫੈਸਰ ਅਰਚਨਾ ਪ੍ਰਸਾਦ, ਸਮਾਜ ਵਿਗਿਆਨ ਸੰਸਥਾ ਦੇ ਫੈਕਲਟੀ ਮੈਂਬਰ ਵਿਨੀਤ ਤਿਵਾੜੀ ਅਤੇ ਸੀ.ਪੀ.ਆਈ. ਦੇ ਛੱਤੀਸਗੜ੍ਹ ਦੇ ਸੂਬਾ ਸਕੱਤਰ ਸੰਜੇ ਪਰਾਟੇ ਉੱਪਰ ਬਸਤਰ ਪੁਲੀਸ ਵੱਲੋਂ ਕੇਸ ਦਰਜ ਕੀਤਾ ਗਿਆ ਹੈ ਕਿ ਸ਼ਾਮਨਾਥ ਬਘੇਲ ਨਾਂ ਦੇ ਇੱਕ ਆਦਿਵਾਸੀ ਦੀ ਹੱਤਿਆ ਮਾਓਵਾਦੀਆਂ ਵੱਲੋਂ ਉਨ੍ਹਾਂ ਦੇ ਉਕਸਾਉਣ 'ਤੇ ਕੀਤੀ ਗਈ। ਜਦੋਂਕਿ ਇਹ ਤੱਥ ਜੱਗ ਜ਼ਾਹਰ ਹੈ ਕਿ ਉਪਰੋਕਤ ਦੋਵੇਂ ਪ੍ਰੋਫੈਸਰ ਅਤੇ 'ਮੁੱਖਧਾਰਾ' ਕਮਿਊਨਿਸਟ ਪਾਰਟੀਆਂ ਦੇ ਉਪਰੋਕਤ ਦੋਵੇਂ ਆਗੂ ਮਾਓਵਾਦੀ ਲਹਿਰ ਦੇ ਤਿੱਖੇ ਆਲੋਚਕ ਹਨ। ਡੂੰਘੀ ਸਿਆਸੀ ਵਚਨਬੱਧਤਾ ਵਾਲੇ ਮਾਓਵਾਦੀ ਛਾਪਾਮਾਰ ਉਨ੍ਹਾਂ ਦੇ ਬਹਿਕਾਵੇ ਵਿੱਚ ਆ ਕੇ ਸਰਕਾਰ ਪੱਖੀ ਵਿਅਕਤੀ ਦੀ ਹੱਤਿਆ ਕਰ ਦੇਣਗੇ, ਇਸ ਤੋਂ ਵੱਧ ਘਟੀਆ ਦਲੀਲ ਸ਼ਾਇਦ ਹੀ ਕੋਈ ਹੋਵੇ। ਭਾਵੇਂ ਹਾਲ ਦੀ ਘੜੀ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਉੱਪਰ ਰੋਕ ਲਗਾਈ ਹੋਈ ਹੈ, ਪਰ ਗ੍ਰਿਫ਼ਤਾਰੀ ਦੀ ਤਲਵਾਰ ਤਾਂ ਲਟਕ ਰਹੀ ਹੈ। ਅਜਿਹਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਡਾ. ਬਿਨਾਇਕ ਸੇਨ, ਪ੍ਰੋਫੈਸਰ ਜੀ.ਐੱਨ. ਸਾਈਬਾਬਾ ਵਰਗੇ ਬੁੱਧੀਜੀਵੀਆਂ ਦੀ ਤਰ੍ਹਾਂ ਸਾਲਾਂਬੱਧੀ ਜੇਲ੍ਹ ਵਿੱਚ ਸੜਨਾ ਪਵੇਗਾ। ਇਲਜ਼ਾਮ ਕਿਉਂਕਿ ਮਾਓਵਾਦੀ ਹਿੰਸਾ ਵਿੱਚ ਸ਼ਾਮਲ ਹੋਣ ਦਾ ਹੈ, ਇਸ ਆਧਾਰ 'ਤੇ ਇਨ੍ਹਾਂ ਮਾਮਲਿਆਂ ਵਿੱਚ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਦੀਆਂ ਧਾਰਾਵਾਂ ਦਾ ਲਗਾਇਆ ਜਾਣਾ ਆਮ ਗੱਲ ਹੈ ਅਤੇ ਅਦਾਲਤ ਕਈ ਮਹੀਨੇ ਅਜਿਹੇ ਮਾਮਲਿਆਂ ਦੀ ਜ਼ਮਾਨਤ ਬਾਰੇ ਵੀ ਵਿਚਾਰ ਨਹੀਂ ਕਰਦੀ। ਇਸ ਦੌਰਾਨ ਵਿਚਾਰ-ਅਧੀਨ ਕੈਦੀਆਂ ਵਜੋਂ ਅਦਾਲਤ ਵਿੱਚ ਪੇਸ਼ੀਆਂ ਭੁਗਤ ਕੇ ਇਨ੍ਹਾਂ ਚਾਰਾਂ ਨੂੰ ਆਪਣੀ ਬੇਗੁਨਾਹੀ ਸਾਬਤ ਕਰਨੀ ਪਵੇਗੀ। ਉਨ੍ਹਾਂ ਨੂੰ ਇਸ ਮਾਮਲੇ ਵਿੱਚ ਫਸਾਉਣ ਦਾ ਅਸਲੀ ਕਾਰਨ ਇਹ ਹੈ ਕਿ ਹੁਕਮਰਾਨ ਜਮਾਤ ਅਤੇ ਰਾਜਤੰਤਰ ਵੱਲੋਂ ਉਨ੍ਹਾਂ ਨੂੰ ਬਸਤਰ ਵਿੱਚ ਕੀਤੀ ਜਾ ਰਹੀ ਆਦਿਵਾਸੀਆਂ ਦੀ ਕਤਲੋਗ਼ਾਰਤ ਅਤੇ ਆਦਿਵਾਸੀ ਤਰਜ਼ੇ-ਜ਼ਿੰਦਗੀ ਦੀ ਤਬਾਹੀ ਦੇ ਮਾਮਲਿਆਂ ਨੂੰ ਉਠਾਉਣ ਦੀ ਸਜ਼ਾ ਦਿੱਤੀ ਜਾ ਰਹੀ ਹੈ।



ਦਰਅਸਲ, ਉਪਰੋਕਤ ਚਾਰ ਮੈਂਬਰੀ ਟੀਮ ਨੇ ਮਈ 2016 ਦੇ ਅੱਧ ਵਿੱਚ ਬਸਤਰ ਡਿਵੀਜ਼ਨ ਦੇ ਚਾਰ ਜ਼ਿਲ੍ਹਿਆਂ ਦਾ ਦੌਰਾ ਕਰਕੇ ਇੱਕ ਤੱਥ ਖੋਜ ਰਿਪੋਰਟ ਜਾਰੀ ਕੀਤੀ ਸੀ ਜਿੱਥੋਂ ਦੇ ਆਦਿਵਾਸੀ ਸੂਬਾਈ ਪੁਲੀਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੇ ਨਕਸਲੀ ਵਿਰੋਧੀ ਓਪਰੇਸ਼ਨਾਂ ਦਾ ਸਭ ਤੋਂ ਵੱਧ ਸੰਤਾਪ ਝੱਲ ਰਹੇ ਹਨ। ਰਿਪੋਰਟ ਵਿੱਚ ਇੱਕ ਪਾਸੇ ਪੁਲੀਸ ਮੁਕਾਬਲਿਆਂ, ਗ੍ਰਿ.ਫ਼ਤਾਰੀਆਂ, ਮਾਓਵਾਦੀਆਂ ਦੇ ਥੋਕ ਆਤਮ-ਸਮਰਪਣਾਂ ਬਾਰੇ ਅਤੇ ਦੂਜੇ ਪਾਸੇ ਸਿੱਖਿਆ, ਸਿਹਤ ਸਹੂਲਤਾਂ ਅਤੇ ਮਨਰੇਗਾ ਸਮੇਤ ਤਮਾਮ ਸਰਕਾਰੀ ਸਕੀਮਾਂ ਬਾਰੇ ਸਰਕਾਰੀ ਦਾਅਵਿਆਂ ਉੱਪਰ ਸਵਾਲੀਆ ਚਿੰਨ੍ਹ ਲਗਾਉਂਦਿਆਂ ਜ਼ਮੀਨੀ ਹਕੀਕਤ ਪੇਸ਼ ਕੀਤੀ ਗਈ ਸੀ ਜੋ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹਦੀ ਸੀ। ਅਜਿਹੀ ਆਲੋਚਨਾਤਮਕ ਰਿਪੋਰਟ ਸਥਾਪਤੀ ਨੂੰ ਮਨਜ਼ੂਰ ਨਹੀਂ। ਇਹ ਰਿਪੋਰਟ ਬਸਤਰ ਪੁਲੀਸ ਅਤੇ ਛੱਤੀਸਗੜ੍ਹ ਸਰਕਾਰ ਨੂੰ ਖ਼ਾਸ ਤੌਰ 'ਤੇ ਮਨਜ਼ੂਰ ਨਹੀਂ ਜਿਨ੍ਹਾਂ ਦੀ 'ਮਾਓਵਾਦੀ ਗੜ੍ਹ' ਵਿਰੁੱਧ ਮੁਹਿੰਮ ਦੀ ਪੂਰੀ ਟੇਕ ਹੀ ਵਿਆਪਕ ਦਮਨ ਅਤੇ ਸਰਕਾਰੀ ਲਸ਼ਕਰਾਂ ਦੀ ਆਵਾਜਾਈ ਨੂੰ ਸਹਿਲ ਬਣਾਉਣ ਲਈ ਸੜਕਾਂ ਦਾ ਜਾਲ ਵਿਛਾਉਣ ਅਤੇ ਇਸ ਖ਼ਾਤਰ ਆਦਿਵਾਸੀਆਂ ਦੇ ਬੇਤਹਾਸ਼ਾ ਉਜਾੜੇ ਉੱਪਰ ਹੈ। ਪ੍ਰੋਫੈਸਰ ਨੰਦਿਨੀ ਸੁੰਦਰ ਇਸ ਕਰਕੇ ਖ਼ਾਸ ਨਿਸ਼ਾਨੇ 'ਤੇ ਹੈ ਕਿਉਂਕਿ ਉਸ ਵੱਲੋਂ ਸੁਪਰੀਮ ਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਇਰ ਕਰਕੇ ਜੋ ਲੰਮੀ ਕਾਨੂੰਨੀ ਲੜਾਈ ਲੜੀ ਗਈ, ਉਸ ਨੇ ਅਹਿਮ ਫ਼ੈਸਲਾ ਕਰਵਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਸੀ।

ਸੁਪਰੀਮ ਕੋਰਟ ਵੱਲੋਂ ਜੁਲਾਈ 2011 ਵਿਚ ਐੱਸ.ਪੀ.ਓਜ਼ (ਸਪੈਸ਼ਲ ਪੁਲੀਸ ਅਫ਼ਸਰਾਂ) ਨੂੰ ਗ਼ੈਰਸੰਵਿਧਾਨਕ ਕਰਾਰ ਦੇ ਕੇ ਉਨ੍ਹਾਂ ਨੂੰ ਮਾਓਵਾਦੀਆਂ ਵਿਰੁੱਧ ਲੜਾਈ ਵਿੱਚ ਝੋਕਣਾ ਬੰਦ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਚੇਤੇ ਰਹੇ ਕਿ 'ਸਲਵਾ ਜੁਡਮ' ਦੀ ਅਸਲੀਅਤ ਸਪਸ਼ਟ ਹੋਣ 'ਤੇ ਹੁਕਮਰਾਨਾਂ ਨੇ ਇਨ੍ਹਾਂ ਗਰੋਹਾਂ ਨੂੰ ਕਾਨੂੰਨੀ ਰੂਪ ਦੇਣ ਦਾ ਨਵਾਂ ਤਰੀਕਾ ਈਜਾਦ ਕਰ ਲਿਆ ਸੀ। ਪਹਿਲਾਂ ਉਹ 'ਸਲਵਾ ਜੁਡਮ' ਸਨ ਅਤੇ ਹੁਣ ਉਹ 'ਸਪੈਸ਼ਲ ਪੁਲੀਸ ਅਫ਼ਸਰ' ਬਣਾ ਦਿੱਤੇ ਗਏ। ਇਸ ਫੈਸਲੇ ਨਾਲ ਕੇਂਦਰ ਸਰਕਾਰ ਵੱਲੋਂ ਮਾਓਵਾਦੀ ਲਹਿਰ ਤੋਂ ਪ੍ਰਭਾਵਤ ਸੱਤ ਸੂਬਿਆਂ ਅੰਦਰ ਭਰਤੀ ਕੀਤੇ ਗਏ 28566 ਐੱਸ.ਪੀ.ਓਜ਼ ਉੱਪਰ ਸਵਾਲੀਆ ਚਿੰਨ੍ਹ ਲੱਗ ਗਿਆ ਸੀ। ਇਹ ਫ਼ੈਸਲਾ ਛੱਤੀਸਗੜ੍ਹ ਦੀ ਭਾਜਪਾ ਸਰਕਾਰ ਅਤੇ ਕੇਂਦਰ ਵਿੱਚ ਮਨਮੋਹਣ ਸਿੰਘ ਦੀ ਸਰਕਾਰ ਦੋਹਾਂ ਲਈ ਵੱਡੀ ਪ੍ਰੇਸ਼ਾਨੀ ਦਾ ਕਾਰਨ ਸੀ ਕਿਉਂਕਿ ਦੋਵੇਂ ਸਰਕਾਰਾਂ ਆਪਸੀ ਮਤਭੇਦ ਦਰਕਿਨਾਰ ਕਰਕੇ ਮਾਓਵਾਦੀ ਲਹਿਰ ਨੂੰ ਕੁਚਲਣ ਲਈ ਹਰ ਗ਼ੈਰਕਾਨੂੰਨੀ ਤਰੀਕੇ ਦੀ ਰਾਜਕੀ ਪੁਸ਼ਤਪਨਾਹੀ ਕਰ ਰਹੀਆਂ ਸਨ। ਛੱਤੀਸਗੜ੍ਹ, ਕਸ਼ਮੀਰ, ਉੱਤਰ-ਪੂਰਬੀ ਰਾਜ ਗੱਲ ਕੀ ਹਰ ਥਾਂ ਹੀ ਹੁਕਮਰਾਨਾਂ ਨੇ ਬਾਗ਼ੀ ਲਹਿਰਾਂ ਵਿਰੁੱਧ ਲੜਨ ਦੀ ਯੁੱਧਨੀਤੀ ਦੇ ਹਿੱਸੇ ਵਜੋਂ ਵੰਨ-ਸੁਵੰਨੇ ਹਥਿਆਰਬੰਦ ਧੜੇ ਖੜ੍ਹੇ ਕੀਤੇ ਹੋਏ ਸਨ। ਇਨ੍ਹਾਂ ਬਾਰੇ ਦਾਅਵਾ ਤਾਂ ਇਹ ਕੀਤਾ ਜਾਂਦਾ ਸੀ ਕਿ ਇਹ ਹਥਿਆਰਬੰਦ ਤਹਿਰੀਕਾਂ ਵਿਰੁੱਧ 'ਸਿਵਲੀਅਨ' ਬਗ਼ਾਵਤ ਹੈ ਜਦੋਂਕਿ ਅਸਲ ਵਿੱਚ ਇਹ ਆਤਮ-ਸਮਰਪਣ ਕਰ ਚੁੱਕੇ ਖਾੜਕੂਆਂ ਅਤੇ ਹੋਰ ਜਰਾਇਮਪੇਸ਼ਾ ਅਨਸਰਾਂ ਨੂੰ ਲੈ ਕੇ ਉਨ੍ਹਾਂ ਸਿਆਸੀ ਤੇ ਗ਼ੈਰਸਿਆਸੀ ਤਾਕਤਾਂ ਵੱਲੋਂ ਲਾਮਬੰਦ ਕੀਤੇ ਗਿਰੋਹ ਸਨ ਜਿਨ੍ਹਾਂ ਦੇ ਆਪਣੇ ਹਿੱਤ ਅਤੇ ਸਵਾਰਥ ਜੰਗਲ ਦੀ ਜ਼ਮੀਨ ਉੱਪਰੋਂ ਆਦਿਵਾਸੀਆਂ ਨੂੰ ਉਜਾੜਨ ਅਤੇ ਹੋਰ ਸਵਾਰਥਾਂ ਨਾਲ ਜੁੜੇ ਹੋਏ ਹਨ। ਉਪਰੋਕਤ ਫ਼ੈਸਲੇ ਦੇ ਪ੍ਰਭਾਵ ਨੂੰ ਰੋਕਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਸੁਪਰੀਮ ਕੋਰਟ ਵਿੱਚ ਰੀਵਿਊ ਪਟੀਸ਼ਨ ਦਾਇਰ ਕੀਤੀ ਗਈ ਜਿਸ ਦੇ ਸਿੱਟੇ ਵਜੋਂ ਕੇਂਦਰ ਸਰਕਾਰ ਇਸ ਫ਼ੈਸਲੇ ਨੂੰ ਛੱਤੀਸਗੜ੍ਹ ਤਕ ਮਹਿਦੂਦ ਕਰਵਾਉਣ ਵਿੱਚ ਕਾਮਯਾਬ ਹੋ ਗਈ। ਇਸ ਦੌਰਾਨ ਐੱਸ.ਪੀ.ਓਜ਼. ਨੂੰ ਹਥਿਆਰ ਦਿੱਤੇ ਜਾਣ ਨੂੰ ਜਾਇਜ਼ ਠਹਿਰਾਉਣ ਲਈ ਕੇਂਦਰ ਸਰਕਾਰ ਨੇ ਅਜੀਬ ਦਲੀਲ ਪੇਸ਼ ਕੀਤੀ ਸੀ ਕਿ ਉਨ੍ਹਾਂ ਨੂੰ ਆਪਣੀ 'ਸਵੈਰੱਖਿਆ' ਲਈ ਹਥਿਆਰਬੰਦ ਹੋਣ ਦਾ ਹੱਕ ਹੈ। ਜਦੋਂਕਿ ਇਨ੍ਹਾਂ ਹੀ ਹੁਕਮਰਾਨਾਂ ਨੂੰ ਆਪਣੇ ਸਮੂਹਿਕ ਹਿੱਤ ਦੀ ਰੱਖਿਆ ਲਈ ਆਦਿਵਾਸੀਆਂ ਦਾ ਰਵਾਇਤੀ ਹਥਿਆਰ ਰੱਖਣਾ ਵੀ ਮਨਜ਼ੂਰ ਨਹੀਂ ਅਤੇ ਰਵਾਇਤੀ ਹਥਿਆਰਾਂ ਕਾਰਨ ਹੀ ਪੁਲੀਸ ਅਤੇ ਸੁਰੱਖਿਆਂ ਬਲਾਂ ਵੱਲੋਂ ਮਾਓਵਾਦੀ ਕਹਿ ਕੇ ਉਨ੍ਹਾਂ ਦੀ ਅਕਸਰ ਹੱਤਿਆ ਕਰ ਦਿੱਤੀ ਜਾਂਦੀ ਹੈ। ਇਨ੍ਹਾਂ ਸਾਰੇ ਪਹਿਲੂਆਂ ਬਾਰੇ ਪ੍ਰੋਫੈਸਰ ਨੰਦਿਨੀ ਸੁੰਦਰ ਨੇ ਹਾਲ ਹੀ ਵਿੱਚ ਛਪ ਕੇ ਆਈ ਆਪਣੀ ਨਵੀਂ ਕਿਤਾਬ 'ਦ ਬਰਨਿੰਗ ਫਾਰੈਸਟ' ਅੰਦਰ ਬਹੁਤ ਵਿਸਤਾਰ ਵਿਚ ਚਰਚਾ ਕੀਤੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਫੈਸਲੇ ਨਾਲ ਵੀ ਛੱਤੀਸਗੜ੍ਹ ਦੀ ਆਦਿਵਾਸੀ ਵਸੋਂ ਨੂੰ ਰਾਜਕੀ ਦਮਨ ਤੋਂ ਕੋਈ ਖ਼ਾਸ ਰਾਹਤ ਨਹੀਂ ਮਿਲੀ ਕਿਉਂਕਿ ਐੱਸ.ਪੀ.ਓਜ਼ ਨੂੰ ਫਟਾਫਟ ਸਿਖਲਾਈ ਦੇ ਸਰਟੀਫਿਕੇਟ ਜਾਰੀ ਕਰਕੇ 'ਸਿਖਲਾਈਯਾਫ਼ਤਾ ਕੋਇਆ ਕਮਾਂਡੋਜ਼' ਬਣਾ ਦਿੱਤਾ ਗਿਆ। ਆਦਿਵਾਸੀ ਪਿੰਡਾਂ ਉੱਪਰ ਹਮਲਿਆਂ ਅਤੇ ਆਦਿਵਾਸੀ ਮੁੰਡੇ-ਕੁੜੀਆਂ ਨੂੰ ਫਰਜ਼ੀ ਮੁਕਾਬਲਿਆਂ ਵਿੱਚ ਮਾਰਨ ਦਾ ਸਿਲਸਿਲਾ ਹੁਣ ਵੀ ਜਾਰੀ ਹੈ।

ਸੀ.ਬੀ.ਆਈ. ਦੀ ਇੱਕ ਹਾਲੀਆ ਸਟੇਟਸ ਰਿਪੋਰਟ ਨਾਲ ਬਸਤਰ ਦੇ ਮੁੱਖ ਪੁਲੀਸ ਅਫ਼ਸਰਾਂ ਦਾ ਬੌਖਲਾ ਜਾਣਾ ਸੁਭਾਵਕ ਹੈ। ਉਹ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਦੇ ਖ਼ਿਲਾਫ਼ ਹੋਰ ਵੀ ਬੇਤਹਾਸ਼ਾ ਬਦਲਾ ਲਊ ਕਾਰਵਾਈਆਂ 'ਤੇ ਉੱਤਰ ਆਏ ਹਨ। ਬਸਤਰ ਦੇ ਆਈ.ਜੀ. ਸ਼ਿਵਰਾਮ ਪ੍ਰਸਾਦ ਕਲੂਰੀ ਦੀ ਅਗਵਾਈ ਹੇਠ ਸੋਸ਼ਲ ਮੀਡੀਆ ਅਤੇ ਰਵਾਇਤੀ ਮੀਡੀਆ ਵਿੱਚ ਬਾਕਾਇਦਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਵਿੱਚ ਉਨ੍ਹਾਂ ਨੂੰ ਦੇਸ਼ਧ੍ਰੋਹੀ ਅਤੇ ਮਾਓਵਾਦੀਆਂ ਦੇ ਦਲਾਲ ਦੱਸਿਆ ਜਾ ਰਿਹਾ ਹੈ। ਸਿਵਲੀਅਨਾਂ ਦੇ ਖ਼ਿਲਾਫ਼ ਪੁਲੀਸ ਦਾ ਇਹ 'ਅੰਦੋਲਨ' ਆਪਮੁਹਾਰਾ ਨਹੀਂ, ਇਸ ਦੇ ਪਿੱਛੇ ਹੁਕਮਰਾਨ ਜਮਾਤ ਦੀ ਸੋਚੀ-ਸਮਝੀ ਯੋਜਨਾ ਕੰਮ ਕਰਦੀ ਹੈ। ਇਸ ਦਾ ਮੁੱਢ ਮਨਮੋਹਣ ਸਿੰਘ ਸਰਕਾਰ ਨੇ ਬੰਨ੍ਹਿਆ ਸੀ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪੀ.ਚਿਦੰਬਰਮ ਦੀ ਰਾਹਨੁਮਾਈ ਹੇਠ ਸੁਪਰੀਮ ਕੋਰਟ ਵਿੱਚ ਹਲਫ਼ਨਾਮਾ ਦੇ ਕੇ ਅਜਿਹੇ ਬੁੱਧੀਜੀਵੀਆਂ ਨੂੰ 'ਸ਼ਹਿਰੀ ਮਾਓਵਾਦੀ' ਕਰਾਰ ਦਿੰਦਿਆਂ ਜੰਗਲੀ ਛਾਪਾਮਾਰਾਂ ਤੋਂ ਵੀ ਵਧੇਰੇ ਖ਼ਤਰਨਾਕ ਦੱਸਿਆ ਗਿਆ ਸੀ।

ਸੀ.ਬੀ.ਆਈ. ਦੀ ਰਿਪੋਰਟ ਦੋ ਖ਼ਾਸ ਘਟਨਾਵਾਂ ਬਾਰੇ ਸੀ। 2011 ਵਿਚ ਤਾੜਮੇਟਲਾ ਸਮੇਤ ਬਸਤਰ ਦੇ ਤਿੰਨ ਪਿੰਡਾਂ ਵਿੱਚ ਜੋ ਵਿਆਪਕ ਸਾੜਫੂਕ, ਕਤਲ ਅਤੇ ਔਰਤਾਂ ਨਾਲ ਜਬਰ-ਜਨਾਹ ਹੋਏ ਸਨ ਉਸ ਬਾਰੇ ਤਤਕਾਲੀ ਜ਼ਿਲ੍ਹਾ ਪੁਲੀਸ ਮੁਖੀ ਕਲੂਰੀ ਦਾ ਕਹਿਣਾ ਸੀ ਕਿ ਇਹ ਵਾਰਦਾਤਾਂ ਮਾਓਵਾਦੀਆਂ ਵੱਲੋਂ ਕੀਤੀਆਂ ਗਈਆਂ ਹਨ। ਜਮਹੂਰੀ ਕਾਰਕੁਨਾਂ ਦੇ ਅਣਥੱਕ ਯਤਨਾਂ ਨਾਲ ਸੁਪਰੀਮ ਕੋਰਟ ਨੇ ਸੀ.ਬੀ.ਆਈ. ਨੂੰ ਇਨ੍ਹਾਂ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ। ਆਮ ਤੌਰ 'ਤੇ ਸੀ.ਬੀ.ਆਈ. ਆਪਣੀ ਜਾਂਚ ਵਿੱਚ ਪੁਲੀਸ ਅਤੇ ਹੋਰ 'ਸੁਰੱਖਿਆ ਏਜੰਸੀਆਂ' ਨੂੰ ਦੋਸ਼ੀ ਨਹੀਂ ਠਹਿਰਾਉਂਦੀ, ਪਰ ਇਸ ਮਾਮਲੇ ਵਿੱਚ ਜੇ ਇਸ ਕੇਂਦਰੀ ਏਜੰਸੀ ਵੱਲੋਂ ਬਸਤਰ ਪੁਲੀਸ ਦੇ ਖ਼ਿਲਾਫ਼ ਤੱਥਪੂਰਨ ਰਿਪੋਰਟ ਦਿੱਤੀ ਗਈ ਹੈ ਤਾਂ ਇਸ ਦੀ ਇਕ ਖ਼ਾਸ ਵਜ੍ਹਾ ਹੈ। ਜਦੋਂ ਸੁਪਰੀਮ ਕੋਰਟ ਦੇ ਆਦੇਸ਼ 'ਤੇ ਸੀ.ਬੀ.ਆਈ. ਦੀ ਟੀਮ ਉਪਰੋਕਤ ਹਿੰਸਾ ਦੀ ਜਾਂਚ ਕਰਨ ਲਈ ਦੂਜੀ ਵਾਰ ਬਸਤਰ ਵਿੱਚ ਗਈ ਸੀ ਤਾਂ ਉਨ੍ਹਾਂ ਉੱਪਰ ਐੱਸ.ਪੀ.ਓਜ਼ ਵੱਲੋਂ ਜਾਨਲੇਵਾ ਹਮਲਾ ਕੀਤਾ ਗਿਆ ਸੀ। ਸੀ.ਆਰ.ਪੀ.ਐੱਫ. ਨੇ ਬਹੁਤ ਮੁਸ਼ਕਲ ਨਾਲ ਉਨ੍ਹਾਂ ਦੀ ਜਾਨ ਬਚਾਈ ਸੀ ਇੱਥੋਂ ਤਕ ਕਿ ਹਮਲਾਵਰਾਂ ਨੂੰ ਪਿਛਾਂਹ ਹਟਾਉਣ ਲਈ ਕੇਂਦਰੀ ਸੁਰੱਖਿਆ ਬਲਾਂ ਨੂੰ ਗੋਲੀਆਂ ਅਤੇ ਬੰਬਾਂ ਦਾ ਸਹਾਰਾ ਲੈਣਾ ਪਿਆ ਸੀ। ਇਸੇ ਤਰ੍ਹਾਂ ਸਵਾਮੀ ਅਗਨੀਵੇਸ਼ ਉੱਪਰ ਜਾਨਲੇਵਾ ਹਮਲਾ ਹੋਇਆ ਸੀ ਜੋ ਉੱਥੇ ਇੱਕ ਅਗਵਾ ਮਾਮਲੇ ਵਿੱਚ ਸਰਕਾਰ ਦੀ ਸਹਾਇਤਾ ਕਰਨ ਗਏ ਸਨ। ਮੌਕੇ 'ਤੇ ਹਾਜ਼ਰ ਪੱਤਰਕਾਰਾਂ ਦੀ ਕੁੱਟਮਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਕੈਮਰੇ ਅਤੇ ਤਿੰਨ ਵਾਹਨ ਵੀ ਭੰਨ ਦਿੱਤੇ ਸਨ। ਸੀ.ਬੀ.ਆਈ. ਨੇ ਆਪਣੀ ਜਾਂਚ ਰਿਪੋਰਟ ਵਿੱਚ ਤਾੜਮੇਟਲਾ ਕਤਲੇਆਮ ਲਈ ਸੱਤ ਐੱਸ.ਪੀ.ਓ. (ਸਪੈਸ਼ਲ ਪੁਲੀਸ ਅਫ਼ਸਰਾਂ) ਨੂੰ ਅਤੇ ਸਵਾਮੀ ਅਗਨੀਵੇਸ਼ ਤੇ ਉਸ ਦੀ ਟੀਮ ਉੱਪਰ ਹਮਲੇ ਲਈ 26 ਸਲਵਾ ਜੁਡਮ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਨ੍ਹਾਂ ਸਾਰੇ ਹਮਲਿਆਂ ਦਾ ਸੂਤਰਧਾਰ ਤਤਕਾਲੀ ਐੱਸ.ਐੱਸ.ਪੀ. ਸ਼ਿਵਰਾਮ ਪ੍ਰਸਾਦ ਕਲੂਰੀ ਸੀ ਜੋ ਹੁਣ ਤਰੱਕੀ ਪਾ ਕੇ ਬਸਤਰ ਰੇਂਜ ਦਾ ਆਈ.ਜੀ. ਪੁਲੀਸ ਹੈ। ਇਸ ਰਿਪੋਰਟ ਨਾਲ ਕਲੂਰੀ ਅਤੇ ਉਸ ਦੇ ਬਹੁਤ ਸਾਰੇ ਮਤਹਿਤ ਅਫ਼ਸਰਾਂ ਦੀ ਭੂਮਿਕਾ ਹੋਰ ਜ਼ਿਆਦਾ ਵਿਵਾਦਾਂ ਵਿੱਚ ਘਿਰ ਗਈ ਹੈ। ਦੋ ਪ੍ਰੋਫ਼ੈਸਰਾਂ ਅਤੇ ਦੋ ਸਿਆਸੀ ਕਾਰਕੁਨਾਂ ਉੱਪਰ ਬਸਤਰ ਵਿੱਚ ਹੋਏ ਕਤਲ ਦੇ ਮਾਮਲੇ ਵਿੱਚ ਕੇਸ ਦਰਜ ਕਰਨ ਪਿੱਛੇ ਛੱਤੀਸਗੜ੍ਹ ਪੁਲੀਸ ਵਿੱਚ ਸਾਰੇ ਘਟਨਾਕ੍ਰਮ ਤੋਂ ਪੈਦਾ ਹੋਈ ਬੁਖ਼ਲਾਹਟ ਤਾਂ ਹੈ ਹੀ, ਨਾਲ ਹੀ ਸੱਚ ਦੀ ਜ਼ੁਬਾਨ ਬੰਦ ਕਰਨ ਦਾ ਯਤਨ ਵੀ ਹੈ।

## ਭੁਪਾਲ ਗੈਸ ਤਰਾਸਦੀ

# 32 ਸਾਲ ਬਾਅਦ !!

### • ਹਜ਼ਾਰਾਂ ਕਤਲ, ਕੋਈ ਗੁਨਾਹਗਾਰ ਨਹੀਂ • ਦੋਸ਼ੀ ਓਹੀ, ਜੋ ਜ਼ਿੰਦਾ ਰਹੇ...

**ਸਚਿਨ ਜੈਨ**

ਸ਼ਾਇਦ ਤੁਸੀਂ ਸੁਣਿਆ ਹੋਵੇਗਾ ਕਿ 20 ਨਵੰਬਰ 2016 ਨੂੰ ਭੁਪਾਲ ਦੀ ਅਦਾਲਤ ਨੇ ਮੱਧ ਪ੍ਰਦੇਸ਼ ਸਰਕਾਰ ਦੇ ਦੋ ਸਾਬਕਾ ਅਧਿਕਾਰੀਆਂ ਸਵਰਾਜ ਪੁਰੀ ਤੇ ਮੋਤੀ ਸਿੰਘ- 'ਤੇ ਮਾਮਲਾ ਦਰਜ ਕਰਨ ਦਾ ਆਦੇਸ਼ ਦਿੱਤਾ ਹੈ। ਗੱਲ ਇਹ ਹੈ ਕਿ ਇਨ੍ਹਾਂ ਦੋਵੇਂ ਅਧਿਕਾਰੀਆਂ (ਉਸ ਵੇਲੇ ਭੁਪਾਲ ਪੁਲੀਸ ਕਮਿਸ਼ਨਰ ਸਵਰਾਜ ਪੁਰੀ ਤੇ ਭੁਪਾਲ ਕਲੈਕਟਰ ਮੋਤੀ ਸਿੰਘ) ਨੇ ਯੂਨੀਅਨ ਕਾਰਬਾਈਡ ਦੇ ਮੁਖੀ ਵਾਰੇਨ ਐਂਡਰਸਨ ਨੂੰ ਭੁਪਾਲ ਤੋਂ ਭੱਜ ਨਿਕਲਣ ਵਿਚ ਮਦਦ ਕੀਤੀ। ਇਹ 32 ਸਾਲ ਬਾਅਦ ਪਤਾ ਚੱਲਿਆ। ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਅੱਜ ਤੋਂ 32 ਸਾਲ ਪਹਿਲਾਂ ਭੁਪਾਲ ਵਿਚ ਵਿਸ਼ਾਲ ਰਸਾਇਣਕ ਕਾਰਖ਼ਾਨੇ ਯੂਨੀਅਨ ਕਾਰਬਾਈਡ ਤੋਂ ਜ਼ਹਿਰੀਲੀ ਗੈਸ ਰਿਸੀ ਸੀ, ਜਿਸ ਨੇ ਉਦੋਂ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਸੀ ਤੇ ਅੱਜ ਵੀ ਲੈ ਰਹੀ ਹੈ। ਮੇਰੇ ਲਈ ਨਿੱਜੀ ਤੌਰ 'ਤੇ ਇਹ ਤਰਾਸਦੀ ਪੇਸ਼ੇਵਰ ਮਹੱਤਵ ਦਾ ਵਿਸ਼ਾ ਨਹੀਂ ਹੈ। ਉਹ ਮੇਰੇ ਨਿੱਜੀ ਜੀਵਨ ਵਿਚ ਵਾਪਰੀ ਘਟਨਾ ਹੈ। ਅਜਿਹੀ ਘਟਨਾ, ਜਦੋਂ ਇਹ ਵਾਪਰੀ ਤਾਂ ਘਰ ਤੋਂ ਭੱਜਦੇ ਸਮੇਂ ਕਿਸੇ ਨੇ ਨਹੀਂ ਦੇਖਿਆ ਕਿ ਉਸ ਘਰ ਦੇ ਸਾਮਾਨ ਦਾ ਕੀ ਹੋਵੇਗਾ, ਘਰ ਦਾ ਦਰਵਾਜ਼ਾ ਬੰਦ ਵੀ ਹੈ ਜਾਂ ਨਹੀਂ? ਲੋਕ ਬੱਚਿਆਂ ਨੂੰ ਚੁੱਕ ਚੁੱਕ ਕੇ ਭੱਜ ਰਹੇ ਸਨ। ਜਿੰਨਾ ਭੱਜ ਰਹੇ ਸਨ, ਉਨਾ ਮਰ ਰਹੇ ਸਨ ਕਿਉਂਕਿ ਭੱਜਣ ਨਾਲ ਸਾਹ ਫੁੱਲ ਰਿਹਾ ਸੀ ਤੇ ਜ਼ਿਆਦਾ ਗੈਸ ਫੇਫੜਿਆਂ ਵਿਚ ਜਾ ਰਹੀ ਸੀ। ਹਜ਼ਾਰਾਂ ਲੋਕ ਅਗਲੇ ਦਿਨ ਬੱਸ ਇਕ ਸੰਖਿਆ ਬਣ ਕੇ ਰਹਿ ਗਏ। 32 ਸਾਲ ਬਾਅਦ ਵੀ ਸਾਡੀ ਅਦਾਲਤ ਵਿਚ ਇਸ ਘਟਨਾ ਦਾ ਕੇਸ ਚੱਲ ਰਿਹਾ ਹੈ। 30,000 ਲੋਕ ਮਰ ਚੁੱਕੇ ਹਨ, ਪਰ ਅੱਜ ਤਕ ਕਿਸੇ ਦੀ ਜ਼ਿੰਮੇਵਾਰੀ ਤੈਅ ਨਹੀਂ ਹੋ ਸਕੀ। ਸਾਡੀ ਆਪਣੀ ਸਰਕਾਰ ਭੁਪਾਲ ਦੇ ਲੋਕਾਂ ਨਾਲ ਦੋਸ਼ੀਆਂ ਵਰਗਾ ਵਿਹਾਰ ਕਰਦੀ ਹੈ। ਸਭਿਆ ਸਮਾਜ ਦੀ ਸਰਕਾਰ ਹੁੰਦੀ ਤਾਂ ਸ਼ਾਇਦ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦਾ ਕੰਮ ਕਰਦੀ। ਨੇਤਾ ਸਿਰਫ਼ ਜਨਾਜ਼ੇ ਨਾਲ ਜਾ ਕੇ ਆਪਣੇ ਕੰਮ ਨੂੰ ਪੂਰਾ ਹੋਇਆ ਨਹੀਂ ਮੰਨ ਲੈਂਦੇ। ਹੋਰ ਤਾਂ ਹੋਰ ਯੂਨੀਅਨ ਕਾਰਬਾਈਡ ਵਿਚ ਭਰਿਆ ਹੋਇਆ ਕੂੜਾ ਰਿਸ ਰਿਸ ਕੇ ਜ਼ਮੀਨ ਵਿਚ ਰਚ ਗਿਆ ਤੇ 240 ਫੁੱਟ ਡੂੰਘਾਈ ਤਕ ਪਾਣੀ ਦੀ ਹਰ ਬੂੰਦ ਨੂੰ ਜ਼ਹਿਰੀਲਾ ਬਣਾ ਦਿੱਤਾ। ਫਿਰ ਵੀ ਜ਼ਹਿਰੀਲਾ ਕੂੜਾ ਉਥੇ ਦਾ ਉਥੇ ਹੈ। ਇਸ ਤਰਾਸਦੀ ਤੋਂ ਪੀੜਤ ਲੋਕਾਂ ਲਈ ਹਸਪਤਾਲ ਬਣਿਆ, ਪਰ ਉਸ ਨੂੰ ਬੰਦ ਕੀਤੇ ਜਾਣ ਦੀਆਂ ਚਾਲਾਂ ਜਾਰੀ ਹਨ। ਹੁਣ ਸਰਕਾਰ ਇਸ ਤਰਾਸਦੀ ਦੀ ਯਾਦਗਾਰ ਬਣਾਉਣ ਦੀ ਤਿਆਰੀ ਵਿਚ ਹੈ। ਮੇਰੀ ਮੱਧ ਪ੍ਰਦੇਸ਼ ਸਰਕਾਰ ਤੇ ਭਾਰਤ ਸਰਕਾਰ ਨੂੰ ਬੇਨਤੀ ਹੈ ਕਿ ਉਹ ਭਾਰਤ ਦੀ ਆਰਥਿਕ ਵਿਕਾਸ ਦਰ ਵਿਚ ਤਰਾਸਦੀਆਂ ਦੇ ਯੋਗਦਾਨ ਨੂੰ ਜ਼ਰੂਰ ਜੋੜੇ। ਸ਼ਾਇਦ ਤਾਂ ਹੀ ਤੁਹਾਨੂੰ ਪਤਾ ਚੱਲੇਗਾ ਕਿ ਅਸੀਂ ਅੱਗੇ ਵਧੇ ਜਾਂ ਪਿਛੇ ਗਏ!

ਯੂਨੀਅਨ ਕਾਰਬਾਈਡ ਨੂੰ ਡਾਊ ਕੈਮੀਕਲ ਨਾਂ ਦੀ ਵੱਡੀ ਕੰਪਨੀ ਨੇ ਖ਼ਰੀਦ ਲਿਆ। ਉਦੋਂ ਸਵਾਲ ਇਹ ਸੀ ਕਿ ਕੀ ਭੁਪਾਲ ਗੈਸ ਤਰਾਸਦੀ ਵਿਚ ਡਾਊ ਦੀ ਜਵਾਬਦੇਹੀ ਬਣਦੀ ਹੈ। ਸਾਲ 2006 ਵਿਚ ਉੱਘੇ ਵਕੀਲ ਤੇ ਮੌਜੂਦਾ ਵਿਤ ਮੰਤਰੀ ਅਰੁਣ ਜੇਤਲੀ ਨੇ ਕੰਪਨੀ ਨੂੰ ਸਲਾਹ ਦਿੱਤੀ ਕਿ ਭੁਪਾਲ ਗੈਸ ਤਰਾਸਦੀ ਲਈ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ। ਇਸ ਤੋਂ ਬਾਅਦ ਦੂਸਰੇ ਵੱਡੇ ਵਕੀਲ ਤੇ ਕਾਂਗਰਸ ਦੇ ਵੱਡੇ ਨੇਤਾ ਅਭਿਸ਼ੇਕ ਮਨੁ ਸਿੰਘਵੀ ਨੇ ਵੀ ਡਾਊ ਨੂੰ ਇਹੀ ਸਲਾਹ ਦਿੱਤੀ। ਆਖ਼ਰ ਕਿਸ 'ਤੇ ਵਿਸ਼ਵਾਸ ਕੀਤਾ ਜਾਵੇ?

ਮੈਨੂੰ ਅੱਜ ਵੀ ਉਹ ਹਨੇਰੀ ਸਵੇਰ ਯਾਦ ਹੈ। 2 ਤੇ 3 ਦਸੰਬਰ, 1984 ਦੀ ਦਰਮਿਆਨੀ ਰਾਤ, ਭੁਪਾਲ ਦੇ ਘੋੜਾ ਨਕੱਾਸ ਵਿਚ ਨਿਵਾਸ

**ਰਾਤ ਇਕ ਵਜੇ ਜਦੋਂ ਅਸੀਂ ਇਕ ਦੁਪਹਿਆ ਵਾਹਨ 'ਤੇ ਚਾਰ ਚਾਰ ਲੋਕ ਆਪਣੇ ਘਰਾਂ ਤੋਂ ਨਿਕਲੇ, ਤਾਂ ਅਸੀਂ ਛੋਟੇ ਤਲਾਬ ਵਿਚ ਲੋਕਾਂ ਨੂੰ ਗੈਸ ਦੀ ਜਲਨ ਤੋਂ ਬਚਣ ਲਈ ਕੁੱਦਦੇ ਦੇਖਿਆ। ਮੰਡੀਦੀਪ ਤਕ ਪਹੁੰਚਦੇ ਪਹੁੰਚਦੇ ਅਸੀਂ ਸੜਕ 'ਤੇ ਲੋਕਾਂ ਨੂੰ ਕੱਟੇ ਦਰਖ਼ਤਾਂ ਵਾਂਗ ਡਿਗਦੇ ਤੇ ਦਮ ਤੋੜਦੇ ਦੇਖਿਆ। ਲੋਕ ਸਿਰਾਂ 'ਤੇ ਸਾਮਾਨ ਰੱਖ ਕੇ ਭੱਜ ਰਹੇ ਸਨ, ਭਾਰ ਕਾਰਨ ਉਨ੍ਹਾਂ ਦਾ ਸਾਹ ਫੁੱਲ ਰਿਹਾ ਸੀ ਭਾਵ ਉਹ ਹੋਰ ਜ਼ਿਆਦਾ ਜ਼ਹਿਰ ਆਪਣੇ ਫੇਫੜਿਆਂ ਵਿਚ ਭਰ ਰਹੇ ਸਨ।**



ਕਰਦਿਆਂ ਜਦੋਂ ਅਸੀਂ ਵੀ ਜ਼ਹਿਰ ਭਰੀ ਹਵਾ ਲੈ ਲਈ ਸੀ। ਉਸ ਵਕਤ ਮੈਂ 11 ਸਾਲ ਦਾ ਸੀ। ਜਿਸ ਕੁਮਹਾਰ ਗਲੀ ਵਿਚ ਅਸੀਂ ਰਹਿੰਦੇ ਸੀ, ਉਸ ਵਿਚ ਰੋਣ-ਪਿੱਟਣ ਦੀਆਂ ਆਵਾਜ਼ਾਂ ਆ ਰਹੀਆਂ ਸਨ ਤੇ ਉਦੋਂ ਕਿਸੇ ਨੇ ਘਰ ਦਾ ਮੁੱਖ ਦਰਵਾਜ਼ਾ ਖੋਲ੍ਹ ਦਿੱਤਾ। ਇੰਜ ਲੱਗਾ, ਕਿਸੇ ਨੇ ਮਿਰਚ ਦਾ ਪਾਉਡਰ ਅੱਖਾਂ ਵਿਚ ਭਰ ਦਿੱਤਾ ਹੋਵੇ। ਰਾਤ ਇਕ ਵਜੇ ਜਦੋਂ ਅਸੀਂ ਇਕ ਦੁਪਹਿਆ ਵਾਹਨ 'ਤੇ ਚਾਰ ਚਾਰ ਲੋਕ ਆਪਣੇ ਘਰਾਂ ਤੋਂ ਨਿਕਲੇ, ਤਾਂ ਅਸੀਂ ਛੋਟੇ ਤਲਾਬ ਵਿਚ ਲੋਕਾਂ ਨੂੰ ਗੈਸ ਦੀ ਜਲਨ ਤੋਂ ਬਚਣ ਲਈ ਕੁੱਦਦੇ ਦੇਖਿਆ। ਮੰਡੀਦੀਪ ਤਕ ਪਹੁੰਚਦੇ ਪਹੁੰਚਦੇ ਅਸੀਂ ਸੜਕ 'ਤੇ ਲੋਕਾਂ ਨੂੰ ਕੱਟੇ ਦਰਖ਼ਤਾਂ ਵਾਂਗ ਡਿਗਦੇ ਤੇ ਦਮ ਤੋੜਦੇ ਦੇਖਿਆ। ਲੋਕ ਸਿਰਾਂ 'ਤੇ ਸਾਮਾਨ ਰੱਖ ਕੇ ਭੱਜ ਰਹੇ ਸਨ, ਭਾਰ ਕਾਰਨ ਉਨ੍ਹਾਂ ਦਾ ਸਾਹ ਫੁੱਲ ਰਿਹਾ ਸੀ ਭਾਵ ਉਹ ਹੋਰ ਜ਼ਿਆਦਾ ਜ਼ਹਿਰ ਆਪਣੇ ਫੇਫੜਿਆਂ ਵਿਚ ਭਰ ਰਹੇ ਸਨ। ਲੋਕਾਂ ਨੂੰ ਸਾਮਾਨ ਲੈ ਕੇ ਇਸ ਲਈ ਭੱਜਣਾ ਪਿਆ ਕਿਉਂਕਿ ਇਹ ਅਫਵਾਹ ਵੀ ਉਡਾ ਦਿੱਤੀ ਗਈ ਸੀ ਕਿ ਭੁਪਾਲ ਦੇ ਕਿਸੇ ਕਾਰਖਾਨੇ ਵਿਚ ਅੱਗ ਲੱਗ ਗਈ ਹੈ ਤੇ ਹੁਣ ਪੂਰਾ ਸ਼ਹਿਰ ਜਲ ਜਾਵੇਗਾ। ਉਹ ਆਪਣਾ ਥੋੜ੍ਹਾ-ਬਹੁਤ ਸਾਮਾਨ ਬਚਾਉਣਾ ਚਾਹੁੰਦੇ ਸਨ। ਜ਼ਿੰਦਗੀ ਦਾ ਮੁੱਲ ਮੌਤ ਨੂੰ ਸਾਹਮਣੇ ਦੇਖ ਕੇ ਪਤਾ ਚੱਲਦਾ ਹੈ।

ਅਸੀਂ ਰਾਤ ਨੂੰ ਢਾਈ ਵਜੇ ਮੰਡੀਦੀਪ ਪਹੁੰਚੇ ਤੇ ਸਵੇਰੇ 6 ਵਜੇ ਵਾਪਸ ਆਏ। ਜਦੋਂ ਅਸੀਂ ਮੰਡੀਦੀਪ ਪਹੁੰਚ ਰਹੇ ਸੀ, ਅਸੀਂ ਦੇਖਿਆ ਕਿ ਲੋਕ ਉਥੋਂ ਤਕ ਪੈਦਲ ਪਹੁੰਚ ਰਹੇ ਹਨ। ਵਾਪਸ ਆਉਣ ਤਕ ਆਪਣੇ ਮੁਹੱਲੇ ਵਿਚ ਅਸੀਂ ਸਵੇਰੇ 9 ਲਾਸ਼ਾਂ ਦੇਖੀਆਂ। ਉਨ੍ਹਾਂ ਵਿਚੋਂ ਤਿੰਨ ਬੱਚੇ ਸਨ। ਇਸ ਤੋਂ ਬਾਅਦ ਆਪਣੇ ਪਿਤਾ ਨਾਲ ਮੈਂ ਹਮੀਦੀਆ ਹਸਪਤਾਲ ਗਿਆ। ਅਸੀਂ ਇਹ ਜਾਣਨਾ ਚਾਹੁੰਦੇ ਸੀ ਕਿ ਆਖ਼ਰ ਹੋਇਆ ਕੀ ਸੀ? ਭੁਪਾਲ ਦਾ ਸਭ ਤੋਂ ਵੱਡਾ ਹਸਪਤਾਲ ਉਦੋਂ ਤਕ ਲਾਸ਼ਾਂ ਨਾਲ ਭਰ ਚੁੱਕਾ ਸੀ। ਲਾਸ਼ਾਂ ਦੇ ਅੰਤਮ ਸੰਸਕਾਰ ਲਈ ਟਰੱਕ ਲੱਗ ਚੁੱਕੇ ਸਨ। ਕਾਹਲੀ ਕਾਹਲੀ ਪੋਸਟਮਾਰਟਮ ਹੋ ਰਹੇ ਸਨ। ਉਸ ਵਕਤ ਇਕ ਇਮਾਨਦਾਰ ਫੋਰੈਂਸਿਕ ਮਾਹਰ ਸਨ-ਡਾਕਟਰ ਹਰੀਸ਼ ਚੰਦਰ। ਉਨ੍ਹਾਂ ਨੇ ਏਨੇ ਪੋਸਟਮਾਰਟਮ ਕੀਤੇ ਕਿ ਲੋਕਾਂ ਦੇ ਸਰੀਰ ਤੋਂ ਨਿਕਲਣ ਵਾਲੀ ਗੈਸ ਨੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਪੀੜਤ ਬਣਾ ਦਿੱਤਾ। ਕਹਿੰਦੇ ਹਨ, ਜੇਕਰ ਲੋਕਾਂ ਨੂੰ ਪਤਾ ਹੁੰਦਾ ਕਿ ਕੱਪੜਾ ਗਿੱਲੀ ਕਰਕੇ ਮੂੰਹ ਢੱਕ ਲੈਂਦੇ ਤਾਂ ਇਸ ਗੈਸ ਦਾ ਅਸਰ ਬਹੁਤ ਘੱਟ ਹੋ ਜਾਂਦਾ, ਤਾਂ ਇਸ ਤਕਨੀਕ ਨਾਲ ਕਈ ਲੋਕਾਂ ਦੀ ਜਾਨ ਬਚ ਸਕਦੀ ਸੀ ਪਰ ਇਹ ਦੱਸਿਆ ਹੀ ਨਹੀਂ ਗਿਆ ਸੀ ਕਿ ਇਸ ਕਾਰਖਾਨੇ ਵਿਚ ਕਿਹੜੀ ਜ਼ਹਿਰੀਲੀ ਗੈਸ ਦੀ ਵਰਤੋਂ ਹੁੰਦੀ ਹੈ ਤੇ ਇਸ ਦਾ ਰਿਸਾਵ ਹੋਣ 'ਤੇ ਬਚਾਅ ਲਈ ਕਿਹੜੇ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਅਗਲੇ ਦਿਨ ਸਵੇਰੇ ਭੁਪਾਲ ਸ਼ਹਿਰ ਦਾ ਇਕ ਸਮੂਹ ਗੁੱਸੇ ਵਿਚ ਯੂਨੀਅਨ ਕਾਰਬਾਈਡ ਵੱਲ ਵਧਿਆ। ਉਹ ਉਸ ਵਿਚ ਅੱਗ ਲਾਉਣਾ ਚਾਹੁੰਦਾ ਸੀ। ਤਾਂ ਅਹਿਤਿਆਤ ਵਜੋਂ ਇਹ ਅਫ਼ਵਾਹ ਉਡਾ ਦਿੱਤੀ ਗਈ ਕਿ ਗੈਸ ਫਿਰ ਰਿਸ ਗਈ ਹੈ ਤੇ ਲੋਕ ਉਲਟੇ ਪੈਰ ਵਾਪਸ ਭੱਜੇ। ਤੇ ਇਸ ਤੋਂ ਬਾਅਦ ਸ਼ੁਰੂ ਹੋਈ ਅਜਿਹੀ ਪ੍ਰਕਿਰਿਆ, ਜਿਸ ਵਿਚ ਨੂੰ ਆਪਣੀ ਵਿਵਸਥਾ ਨੇ ਸਭ ਤੋਂ ਜ਼ਿਆਦਾ ਨਾ-ਉਮੀਦ ਕੀਤਾ। ਲੋਕਾਂ ਨੂੰ ਉਸ ਦਿਨ ਵੀ ਨਾ ਤਾਂ ਇਲਾਜ ਮਿਲਿਆ ਸੀ, ਨਾ ਅੱਜ ਮਿਲ ਰਿਹਾ ਹੈ। ਮੁਆਵਜ਼ਾ ਦੇਣ ਦੀ ਪ੍ਰਕਿਰਿਆ ਵੀ ਸ਼ੁਰੂ ਹੋਈ, ਉਹ ਆਪਣੇ ਆਪ ਵਿਚ ਏਨੀ ਭ੍ਰਿਸ਼ਟ ਤੇ ਅਪਮਾਣਜਨਕ ਸੀ, ਮੰਨੋ ਮੰਨਿਆ ਜਾ ਰਿਹਾ ਹੋਵੇ ਕਿ ਲੋਕ ਮੁਆਵਜ਼ਾ ਲੈ ਕੇ ਮੁਫ਼ਤ ਦੀ ਲੁੱਟ ਕਰ ਰਹੇ ਹੋਣ। ਸਰਕਾਰ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਕਾਰਖ਼ਾਨੇ ਤੇ ਸਰਕਾਰ ਦੇ ਇਸ ਗਠਜੋੜ ਨੇ ਲੋਕਾਂ ਨੂੰ ਜ਼ਿੰਦਗੀ ਭਰ ਲਈ ਬਿਮਾਰ ਬਣਾ ਦਿੱਤਾ ਹੈ। ਲੋਕ ਸਾਧਾਰਨ ਬਿਮਾਰ ਦਾ ਹੀ ਇਲਾਜ ਨਹੀਂ ਕਰਵਾ ਪਾਉਂਦੇ ਹਨ, ਇਨ੍ਹਾਂ ਨਵੀਂਆਂ ਬਿਮਾਰੀਆਂ ਦਾ ਇਲਾਜ ਕਿਵੇਂ ਕਰਵਾਉਣਗੇ? ਇਨ੍ਹਾਂ ਦਾ ਖ਼ਰਚ ਕਿੰਨਾ ਹੋਵੇਗਾ? ਇਕ ਤਰ੍ਹਾਂ ਨਾਲ ਇਹ ਮੰਨ ਲਿਆ ਗਿਆ ਕਿ ਲੋਕ ਤਾਂ ਮਰਦੇ ਹੀ ਰਹਿੰਦੇ ਹਨ, ਇਸ ਵਿਚ ਨਵਾਂ ਕੀ ਹੈ, ਤੇ ਜੇਕਰ ਮਰਨ ਵਾਲੇ ਗ਼ਰੀਬ ਤੇ ਝੁੱਗੀ ਵਾਲੇ ਹਨ, ਤਾਂ ਚਿੰਤਾ ਦੀ ਕੋਈ ਗੱਲ ਹੀ ਨਹੀਂ ਹੈ। ਇਹ ਤਰਾਸਦੀ ਭੁਪਾਲ ਦੀ ਸਿਆਸਤ ਦੀ ਨਵੀਂ ਬਿਸਾਤ ਵਿਛਾ ਗਈ। ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੋਹਾਂ ਨੇ ਇਸ ਤਰਾਸਦੀ ਤੋਂ ਲਾਹੇ ਦਾ ਖੇਡ ਖੇਡਿਆ। ਇਹ ਇਕ ਬਹੁਤ ਸਹੀ ਉਦਾਹਰਣ ਹੈ। ਤਰਾਸਦੀ ਕਾਰਨ ਪੈਦਾ ਹੋਈਆਂ ਲਾਸ਼ਾਂ ਦੀ ਸਿਆਸਤ ਦਾ, 32 ਸਾਲ ਵਿਚ ਨਾ ਲੋਕਾਂ ਨੂੰ ਇਲਾਜ ਮਿਲ ਸਕਿਆ ਨਾ ਸਹੀ ਮੁਆਵਜ਼ਾ, ਨਾ ਇਸ ਜ਼ਹਿਰ ਤੋਂ ਮੁਕਤ ਪੀਣ ਦਾ ਪਾਣੀ, ਹੋਰ ਤਾਂ ਹੋਰ ਯੂਨੀਅਨ ਕਾਰਬਾਈਡ ਦਾ ਜ਼ਹਿਰ ਭਰਿਆ ਇਕ ਹਜ਼ਾਰ ਟਨ ਕੂੜਾ ਅੱਜ ਵੀ ਉਥੇ ਭਰਿਆ ਪਿਆ ਹੈ। ਤੇ ਅੱਜ ਵੀ ਲੋਕਾਂ ਨੂੰ ਮਾਰਨ ਦਾ ਕੰਮ ਕਰ ਰਿਹਾ ਹੈ। ਇਹ ਜ਼ਹਿਰ ਹਵਾ ਵਿਚ ਮਿਲ ਰਿਹਾ ਹੈ ਤੇ ਰਿਸ ਰਿਸ ਕੇ ਜ਼ਮੀਨ ਅੰਦਰ ਪਾਣੀ ਵਿਚ ਜਾ ਰਿਹਾ ਹੈ। ਅੱਜ ਵੀ ਸਥਿਤੀ ਨਹੀਂ ਬਦਲੀ। ਜ਼ਰਾ ਧਿਆਨ ਨਾਲ ਦੇਖੋ ਕਿ ਉਦਯੋਗੀਕਰਨ ਤੇ ਵਿਕਾਸ ਪ੍ਰੋਜੈਕਟਾਂ ਦੀ ਸਥਾਪਨਾ ਤੋਂ ਪਹਿਲਾਂ ਤੈਅ ਮਾਪਦੰਡਾਂ ਮੁਤਾਬਕ ਵਾਤਾਵਰਣ, ਸਮਾਜਿਕ ਤੇ ਸਿਹਤ ਅਸਰਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ, ਪਰ ਸਰਕਾਰਾਂ ਤੇ ਨਿੱਜੀ ਖੇਤਰ ਇਹ ਅਧਿਐਨ ਨਹੀਂ ਕਰਦੇ। ਉਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਅਧਿਐਨਾਂ ਮਗਰੋਂ ਅਜਿਹੇ ਪ੍ਰੋਜੈਕਟ ਲੱਗ ਹੀ ਨਹੀਂ ਸਕਣਗੇ। ਅੱਜ ਵੀ ਰੁਕਾਵਟਾਂ ਤੋਂ ਲੈ ਕੇ ਜੇਨੈਟੀਕਲੀ ਸੋਧੇ ਬੀਜਾਂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਪਰ ਅਧਿਐਨ ਨਹੀਂ ਹੁੰਦੇ ਜਾਂ ਸਿੱਟੇ ਗੁਪਤ ਰੱਖੇ ਜਾਂਦੇ ਹਨ। ਮੈਂ ਭੁਪਾਲ ਗੈਸ ਤਰਾਸਦੀ ਦੇਖੀ ਤੇ ਭੋਗੀ ਹੈ, ਇਸ ਲਈ ਮੈਂ ਆਰਥਿਕ ਵਿਕਾਸ ਦਰ ਦੀ ਸਚਾਈ ਜਾਣਦਾ ਹਾਂ।

ਮੁਆਵਜ਼ੇ ਦੀਆਂ ਬੇਹੱਦ ਅਪਮਾਣਜਨਕ ਵਿਵਸਥਾਵਾਂ ਬਣਾਈਆਂ ਗਈਆਂ। ਗੈਸ ਪੀੜਤਾਂ ਨੂੰ ਤਿੰਨ ਸਾਲ ਤਕ ਹਰ ਮਹੀਨੇ 200 ਰੁਪਏ ਮੁਆਵਜ਼ੇ ਵਜੋਂ ਦਿੱਤੇ ਜਾਣ ਦੀ ਪ੍ਰਕਿਰਿਆ ਤੈਅ ਕੀਤੀ ਗਈ। ਅਸੀਂ ਹਰ ਮਹੀਨੇ ਇਕ ਤੈਅ ਤਰੀਕ ਨੂੰ ਮੁਆਵਜ਼ਾ ਕੇਂਦਰਾਂ 'ਤੇ ਲਾਈਨ ਬਣਾ ਕੇ ਖੜ੍ਹੇ ਹੁੰਦੇ। 200 ਰੁਪਏ ਲੈਣ ਲਈ ਬੱਚੇ, ਬਜ਼ੁਰਗ, ਕੰਮ ਵਾਲੇ ਤੇ ਬਿਨਾਂ ਕੰਮ ਵਾਲੇ ਪੂਰਾ ਦਿਨ ਆਪਣੀ ਵਾਰੀ ਆਉਣ ਦਾ ਇੰਤਜ਼ਾਰ ਕਰਦੇ। 7200 ਰੁਪਏ ਲਈ ਸਾਨੂੰ 36 ਦਿਨ ਲਾਈਨ ਵਿਚ ਖੜ੍ਹੇ ਰਹਿਣ ਦੀ ਸਜ਼ਾ ਦਿੱਤੀ ਗਈ...। ਸਜ਼ਾ ਉਸ ਅਪਰਾਧ ਲਈ , ਜੋ ਅਸੀਂ ਕੀਤਾ ਹੀ ਨਹੀਂ ਸੀ। ਦੁਨੀਆ ਵਿਚ ਅਜਿਹੀ ਕੋਈ ਦੂਸਰੀ ਮਿਸਾਲ ਦੱਸੋ, ਜਿੱਥੇ 8 ਲੱਖ ਲੋਕ 32 ਸਾਲ ਤੋਂ ਆਪਣੇ ਗੈਸ ਪੀੜਤ ਹੋਣ ਦੇ ਦਸਤਾਵੇਜ਼ ਸੰਭਾਲ ਕੇ ਰੱਖੇ ਹੋਏ ਹਨ, ਕਿਉਂਕਿ ਹਾਲੇ ਤਕ ਉਨ੍ਹਾਂ ਨੂੰ ਆਖ਼ਰੀ ਮੁਆਵਜ਼ਾ ਨਹੀਂ ਮਿਲਿਆ। ਸਾਡੇ ਲਈ ਇਕ ਹਸਪਤਾਲ ਬਣਿਆ ਸੀ। ਉਮੀਦ ਸੀ ਕਿ ਉਥੋਂ ਘੱਟੋ-ਘੱਟ ਇਲਾਜ ਤਾਂ ਮਿਲੇਗਾ ਹੀ, ਉਸ ਹਸਪਤਾਲ ਨੂੰ ਵੀ ਸਰਕਾਰ ਬੰਦ ਕਰਨ 'ਤੇ ਉਤਾਰੂ ਹੈ। ਉਸ ਦਾ ਨਿੱਜੀਕਰਨ ਕੀਤਾ ਜਾਣਾ ਹੈ ਤਾਂ ਕਿ ਕੋਈ ਨਿੱਜੀ ਕੰਪਨੀ ਧੰਦਾ ਕਰ ਸਕੇ। ਮੈਂ ਅੱਜ ਤਕ ਇਹ ਸਮਝ ਨਹੀਂ ਸਕਿਆ ਕਿ ਦੁਨੀਆ ਵਿਚ ਜਦੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਉਨ੍ਹਾਂ 'ਤੇ ਖ਼ੂਬ ਖੋਜ ਹੁੰਦੀ ਹੈ ਤੇ ਬਚਾਅ ਦੇ ਰਸਤੇ ਤਲਾਸ਼ੇ ਜਾਂਦੇ ਹਨ। ਭਾਰਤ ਦੀਆਂ ਸਰਕਾਰਾਂ ਤੇ ਵਿਗਿਆਨੀ ਨਿਰਪੱਖ ਤੇ ਇਮਾਨਦਾਰ ਖੋਜ ਤੋਂ ਕਿਉਂ ਬਚਦੇ ਰਹੇ? ਕਿਉਂ ਹੁਣ ਤਕ ਨਹੀਂ ਦੱਸਿਆ ਗਿਆ ਕਿ ਇਸ ਘਟਨਾ ਦਾ ਅਸਲ ਵਿਚ ਮਤਲਬ ਕੀ ਸੀ? ਸਾਡੀ ਸਿਆਸਤ ਵੀ ਇਸ ਚਾਲ ਦਾ ਹਿੱਸਾ ਬਣ ਗਈ ਤੇ ਸਿਆਸੀ ਦਲਾਂ ਨੇ ਵੀ ਮੰਗ ਨਹੀਂ ਕੀਤੀ ਕਿ ਹਾਦਸੇ ਦੇ ਜ਼ਖਮਾਂ ਨੂੰ ਖ਼ਤਮ ਕਰਨ ਲਈ ਇਮਾਨਦਾਰ, ਸਮਾਜਿਕ, ਸਿਆਸੀ ਤੇ ਵਿਗਿਆਨਕ ਯਤਨ ਕੀਤੇ ਜਾਣ। ਇਸ ਦੇ ਠੀਕ ਉਲਟ ਉਸ ਨੇ ਡਾਊ ਕੈਮੀਕਲ ਵਲੋਂ ਸਪਾਂਸਰ ਓਲੰਪਿਕ ਖੇਡਾਂ ਵਿਚ ਹਿੱਸਾ ਲੈਣਾ ਸਵੀਕਾਰ ਕਰ ਲਿਆ। ਇਸ ਦਾ ਮਤਲਬ ਹੈ ਕਿ ਉਸ ਲਈ ਲੋਕਾਂ ਦੇ ਜੀਵਨ ਨਾਲੋਂ ਜ਼ਿਆਦਾ ਕੂਟਨੀਤੀ ਤੇ ਪੂੰਜੀਵਾਦੀ ਵਿਕਾਸ ਦਰ ਮਹੱਤਵਪੂਰਨ ਹੈ। ਉਸ ਨੇ ਵਾਰ ਵਾਰ ਸਿੱਧ ਕੀਤਾ ਹੈ ਕਿ ਉਹ ਭੁਪਾਲ ਦੇ ਲੋਕਾਂ ਦੀ ਬਜਾਏ ਵਾਰੇਨ ਐਂਡਰਸਨ ਦੀ ਜ਼ਿਆਦਾ ਵੱਡੀ ਹਿਤੈਸ਼ੀ ਹੈ।

ਇਹ ਵੱਡਾ ਕਾਰਨ ਹੈ ਕਿ ਮੈਂ ਅੱਜ ਸਰਕਾਰਾਂ ਵਲੋਂ ਵਿਕਾਸ ਦੇ ਨਾਂ 'ਤੇ ਕੀਤੇ ਜਾਣ ਵਾਲੇ ਨਿਵੇਸ਼ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹਾਂ। ਮੈਨੂੰ ਲਗਦਾ ਹੈ ਕਿ ਸਾਡੀ ਸਰਕਾਰ ਜ਼ਹਿਰ ਦਾ ਇਕ ਹੋਰ ਨਵਾਂ ਕਾਰਖ਼ਾਨਾ ਲਗਾ ਰਹੀ ਹੈ। ਉਹ ਕਾਰਖਾਨਾ ਨਾ ਸਿਰਫ਼ ਜ਼ਮੀਨ, ਪਾਣੀ ਤੇ ਜੰਗਲ ਵਰਗੇ ਸਰੋਤ ਲੁੱਟੇਗਾ, ਸਗੋਂ ਹਵਾ ਦੇ ਬੁੱਲੇ ਵਿਚ ਮਿਲ ਕੇ ਲਾਸ਼ਾਂ ਦੇ ਢੇਰ ਲਗਾ ਦੇਵੇਗਾ। ਇਸ ਲਈ ਮੈਨੂੰ ਲਗਦਾ ਹੈ ਕਿ ਯੋਜਨਾ ਕਮਿਸ਼ਨ ਦੀ ਵਾਧਾ ਦਰ ਗ਼ਰੀਬਾਂ ਕੋਲੋਂ ਬਲੀਦਾਨ ਮੰਗਦੀ ਹੈ। ਇਹ ਵਾਧਾ ਦਰ ਜਿੰਨੀ ਵਧੇਗੀ, ਓਨੀਆਂ ਜ਼ਿਆਦਾ ਲਾਸ਼ਾਂ ਵਿਛਣਗੀਆਂ। ਮੇਰੇ ਲਈ ਆਪਣਾ ਤਜਰਬਾ ਹੀ ਮਾਪਦੰਡ ਹੈ, ਇਹ ਤੈਅ ਕਰਨ ਲਾ ਕਿ ਨਿੱਜੀ ਖੇਤਰ ਸੰਵਿਧਾਨਕ ਤੌਰ 'ਤੇ ਜਵਾਬਦੇਹ ਨਹੀਂ ਹੁੰਦਾ ਹੈ। ਇਹ ਅਪਰਾਧ ਕਰਦਾ ਹੈ, ਲੋਕਾਂ ਦੇ ਹੱਕ ਖੋਂਹਦਾ ਹੈ, ਸਰੋਤਾਂ 'ਤੇ ਕਬਜ਼ਾ ਕਰਦਾ ਹੈ, ਲਾਸ਼ਾਂ ਵੀ ਵਿਛਾ ਦਿੰਦਾ ਹੈ ਪਰ ਫਿਰ ਵੀ ਉਸ ਦੀ ਕੋਈ ਜਵਾਬਦੇਹੀ ਤੈਅ ਨਹੀਂ ਹੁੰਦੀ। ਇਹ ਜਾਣਦੇ ਹੋਏ ਕਿ ਕੋਈ ਉਸ ਨੂੰ ਉਲੰਘਣਾ ਮੰਨ ਲਏਗਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਨਿਆਂਪਾਲਿਕਾ ਨੇ ਵੀ ਸਾਨੂੰ ਨਿਰਾਸ਼ ਕੀਤਾ ਹੈ। ਨਾ ਤਾਂ ਉਸ ਨੇ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ, ਨਾ ਦੋਸ਼ੀ ਕੰਪਨੀ ਦੀ। ਨਿਆਂਪਾਲਿਕਾ ਭੁਪਾਲ ਦੇ ਖ਼ਿਲਾਫ਼ ਹੀ ਖੜ੍ਹੀ ਹੋਈ। ਇਹ ਜਵਾਬ ਕੌਣ ਦਏਗਾ ਕਿ ਭੁਪਾਲ ਵਿਚ ਵਿਛ ਚੁੱਕੀਆਂ 30,000 ਲਾਸ਼ਾਂ ਦਾ ਜ਼ਿੰਮੇਵਾਰ ਕੌਣ ਹੈ? ਕਿਸ 'ਤੇ ਹਤਿਆ ਦਾ ਮੁਕੱਦਮਾ ਚੱਲਣਾ ਚਾਹੀਦਾ ਹੈ, ਇਹ ਹੁਣ ਤਕ ਤੈਅ ਨਹੀਂ ਹੈ। ਇਹ ਘਟਨਾ ਯਾਦਾਂ ਵਿਚੋਂ ਉਦੋਂ ਹੀ ਖ਼ਤਮ ਹੋ ਸਕਦੀ ਹੈ, ਜਦੋਂ ਇਸ ਤੋਂ ਸਬਕ ਲੈ ਕੇ ਅਸੀਂ ਇਹ ਤੈਅ ਕਰ ਲਵਾਂਗੇ ਕਿ ਇਸ ਤਰ੍ਹਾਂ ਦੀਆਂ ਉਦਯੋਗੀਕਰਨ ਦੀਆਂ ਨੀਤੀਆਂ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਅਸੀਂ ਅਜਿਹੇ ਕੋਈ ਵਿਕਾਸ ਢਾਂਚੇ ਖੜ੍ਹੇ ਨਹੀਂ ਕਰਾਂਗੇ, ਜੋ ਮਨੁੱਖੀ ਸਭਿਅਤਾ ਤੇ ਵਾਤਾਵਰਣ ਦੀ ਹੋਂਦ ਨੂੰ ਦਾਅ 'ਤੇ ਲਾਉਂਦੇ ਹੋਣ। ਕੀ ਅਸੀਂ ਅਜਿਹਾ ਕਰ ਸਕਾਂਗੇ?

ਸਾਡਾ ਸੰਵਿਧਾਨ ਕਹਿੰਦਾ ਹੈ ਕਿ ਹਰ ਵਿਅਕਤੀ ਨੂੰ ਸ਼ੋਸ਼ਣ ਤੋਂ ਮੁਕਤ ਹੋਣ ਦਾ ਮੌਲਿਕ ਅਧਿਕਾਰ ਹੈ। ਹਰ ਵਿਅਕਤੀ ਨੂੰ ਨਿਆਂ ਪਾਉਣ ਦਾ ਵੀ ਮੌਲਿਕ ਅਧਿਕਾਰ ਹੈ ਪਰ ਇਹ ਸੰਭਵ ਕਿਵੇਂ ਹੋਵੇਗਾ? ਸੁਤੰਤਰ ਭਾਰਤ ਦਾ ਤੰਤਰ ਤਿੰਨ ਖੰਭਿਆਂ 'ਤੇ ਖੜ੍ਹਾ ਹੁੰਦਾ ਹੈ-ਵਿਧਾਇਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ, ਭੁਪਾਲ ਗੈਸ ਤਰਾਸਦੀ ਇਨ੍ਹਾਂ ਤਿੰਨਾਂ ਖੰਭਿਆਂ ਦੇ ਕਮਜ਼ੋਰ ਹੋਣ ਦਾ ਪ੍ਰਤੱਖ ਪ੍ਰਮਾਣ ਹੈ।

**ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੋਹਾਂ ਨੇ ਇਸ ਤਰਾਸਦੀ ਤੋਂ ਲਾਹੇ ਦਾ ਖੇਡ ਖੇਡਿਆ। ਇਹ ਇਕ ਬਹੁਤ ਸਹੀ ਉਦਾਹਰਣ ਹੈ। ਤਰਾਸਦੀ ਕਾਰਨ ਪੈਦਾ ਹੋਈਆਂ ਲਾਸ਼ਾਂ ਦੀ ਸਿਆਸਤ ਦਾ, 32 ਸਾਲ ਵਿਚ ਨਾ ਲੋਕਾਂ ਨੂੰ ਇਲਾਜ ਮਿਲ ਸਕਿਆ ਨਾ ਸਹੀ ਮੁਆਵਜ਼ਾ, ਨਾ ਇਸ ਜ਼ਹਿਰ ਤੋਂ ਮੁਕਤ ਪੀਣ ਦਾ ਪਾਣੀ, ਹੋਰ ਤਾਂ ਹੋਰ ਯੂਨੀਅਨ ਕਾਰਬਾਈਡ ਦਾ ਜ਼ਹਿਰ ਭਰਿਆ ਇਕ ਹਜ਼ਾਰ ਟਨ ਕੂੜਾ ਅੱਜ ਵੀ ਉਥੇ ਭਰਿਆ ਪਿਆ ਹੈ। ਤੇ ਅੱਜ ਵੀ ਲੋਕਾਂ ਨੂੰ ਮਾਰਨ ਦਾ ਕੰਮ ਕਰ ਰਿਹਾ ਹੈ।**

**ਲੇਖਕ ਖੋਜਾਰਥੀ ਤੇ ਸਮਾਜਿਕ ਕਾਰਕੁਨ ਹਨ**
**'ਐਨ.ਡੀ.ਟੀ.ਵੀ. ਇੰਡੀਆ' ਤੋਂ ਧੰਨਵਾਦ ਸਹਿਤ**




# Global Visa Service
## Visa & Passport Services

JAY SUMMAN: 415.850.9278; jaysumman@gmail.com
39271 Mission Blvd, # 210, Fremont, CA 94539

Indian Visa, Renunciation, OCI Card for Dual Citizenship,
Indian & US Passport Renewals, Notary Public Service

CHAAT BHAVAN RESTAURANT

# CHAAT BHAVAN®
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

| 5355 MOWRY AVENUE • FREMONT | 976 E. EL CAMINO REAL • SUNNYVALE | 4112 GRAFTON ST • DUBLIN |
|---|---|---|
| 510.795.1100 | 408.795.1100 | 925.829.1700 |

WWW.CHAATBHAVAN.COM



# ਸਾਹਿਬਜ਼ਾਦਿਆਂ ਦੇ

## ਸ਼ਹੀਦੀ ਦਿਹਾੜੇ ਨੂੰ ਸਮਰਪਿਤ

## on SHAHIDI DIVAS OF

# SAHIBZADE

# ਵਿਸ਼ੇਸ਼ ਕੀਰਤਨ ਸਮਾਗਮ

**ਕੀਰਤਨ ਦਰਬਾਰ ਦੇ ਪ੍ਰੋਗਰਾਮ ਦਾ ਸਮਾਂ**

5 ਦਸੰਬਰ ਤੋਂ 10 ਦਸੰਬਰ (ਸ਼ਾਮ ਵੇਲੇ)

ਸ਼ਾਮੀਂ : 6:30 ਵਜੇ ਤੋਂ ਸ਼ਾਮੀਂ 7:00 ਵਜੇ-ਭਾਈ ਕੁਲਵਿੰਦਰ ਸਿੰਘ ਜੀ

ਸ਼ਾਮੀਂ : 7:00 ਵਜੇ ਤੋਂ ਸ਼ਾਮੀਂ 7:30 ਵਜੇ-ਭਾਈ ਵਰਿੰਦਰ ਸਿੰਘ ਜੀ (ਯੂਐਸਏ ਵਾਲੇ)

ਸ਼ਾਮੀਂ : 7:30 ਵਜੇ ਤੋਂ ਸ਼ਾਮੀਂ 8:30 ਵਜੇ-ਭਾਈ ਤਜਿੰਦਰ ਸਿੰਘ ਜੀ (ਖੰਨੇ ਵਾਲੇ)

11 ਦਸੰਬਰ 2016 (ਸਵੇਰ ਵੇਲੇ)

ਸਵੇਰੇ-10:00 ਵਜੇ ਤੋਂ ਸਵੇਰੇ 11:00 ਵਜੇ-ਭਾਈ ਕੁਲਵਿੰਦਰ ਸਿੰਘ ਜੀ

ਸਵੇਰੇ-11:00 ਵਜੇ ਤੋਂ ਦੁਪਹਿਰ 12:00 ਵਜੇ-ਭਾਈ ਵਰਿੰਦਰ ਸਿੰਘ ਜੀ (ਯੂਐਸਏ ਵਾਲੇ)

ਦੁਪਹਿਰ-12:00 ਵਜੇ ਤੋਂ ਦੁਪਹਿਰ 1:00 ਵਜੇ- ਭਾਈ ਤਜਿੰਦਰ ਸਿੰਘ ਜੀ (ਖੰਨੇ ਵਾਲੇ)

## ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

**AT GURDWARA SAHIB KHALSA CARE FOUNDATION**

**9899 Laurel canyon Blvd, Pacoima CA 91331**

ਅਰਦਾਸ ਦੀ ਸਮਾਪਤੀ
ਉਪਰੰਤ ਗੁਰੂ ਕਾ ਲੰਗਰ
ਅਤੁੱਟ ਵਰਤੇਗਾ



Bhai Tajinder Singh



Bhai Varinder Singh



Bhai Kulwinder Singh

## ਭਾਈ ਕਨ੍ਹੱਈਆ ਜੀ ਲੰਗਰ ਸੇਵਾ ਦਲ

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:

ਬਲਦੇਵ ਸਿੰਘ (818) 468-9595 ਬਲਵਿੰਦਰ ਸਿੰਘ (818) 404-0811

ਮੱਖਣ ਸਿੰਘ (661) 225-7157 ਪਰਮਜੀਤ ਸਿੰਘ(626) 354-6653





G.S. Pannu
(Immigration Consultant, LDA)

# PANNU'S

## LEGAL SERVICES

ivisapass@gmail.com • FAX 510.279.7624

**510.677.5200**

## IMMIGRATION

★ PETITIONS ★ VISAS ★ POLITICAL ASYLUM

★ GREEN CARDS ★ CITIZENSHIP ★ AFFIDAVIT OF SUPPORT

## STUDENT VISA (EDUCATE YOUR CHILDREN IN USA)

## DIVORCE

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S

## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

## VISA IN ONE DAY




Indian Passport | India Visa in 1 Day | OCI | US Passport

## Power of Attorney & Other Services

**510.677.8440**

40757, Grimmer Blvd.
**FREMONT**
CA-94538

3810 Eau Claire Ave, Ceres,
**MODESTO/CERES**
CA-95307

220 Bush St/Montgomery St, #445
**SAN FRANCISCO**
(OPPOSITE INDIA VISA CENTER)



## Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

**15549 Devonshire St., Ste. 206 Mission Hills, CA 91345**

# ਲੋਪੋਕੇ ਭਰਾਵਾਂ ਨੇ ਇੰਡੀਆ ਗਰਿੱਲ ਸੈਕਰਾਮੈਂਟੋ 'ਚ ਸੂਫ਼ੀ ਗਾਇਕੀ ਰਾਹੀਂ ਬੰਨ੍ਹਿਆ ਸਮਾਂ

**ਸੈਕਰਾਮੈਂਟੋ/ਬਿਊਰੋ ਨਿਊਜ਼ :**
ਸੂਫ਼ੀ ਗਾਇਕ ਭਰਾਵਾਂ 'ਲੋਪੋਕੇ ਬ੍ਰਦਰਜ਼' ਦੀ ਪਲੇਠੀ ਸ਼ਾਮ 'ਇੰਡੀਆ ਗਰਿੱਲ ਸੈਕਰਾਮੈਂਟੋ' ਵਿੱਚ ਧਰਮਿੰਦਰ ਸਿੰਘ ਅਤੇ ਸੁਰਿੰਦਰ ਸ਼ੇਰਗਿੱਲ ਵਲੋਂ ਕਰਵਾਈ ਗਈ। 'ਟੋਟਲ ਇੰਟਰਟੇਨਮੈਂਟ' ਦੇ ਅਵਤਾਰ ਲਾਖਾ ਤੇ ਵਿਜੇ ਸਿੰਘ ਦੇ ਸੱਦੇ 'ਤੇ ਪਹਿਲੀ ਵਾਰ ਅਮਰੀਕਾ ਦੀ ਧਰਤੀ 'ਤੇ ਆਏ ਲੋਪੋਕੇ ਭਰਾਵਾਂ ਨੇ ਸੂਫ਼ੀ, ਲੋਕ ਸੰਗੀਤ ਤੇ ਕਵਾਲੀ ਗਾਇਨ ਦੇ ਵੱਖ ਵੱਖ ਰੰਗ ਪੇਸ਼ ਕਰਕੇ ਸਰੋਤਿਆਂ ਦੇ ਮਨ ਮੋਹ ਲਏ। ਸਮਾਗਮ ਦੀ ਸ਼ੁਰੂਆਤ ਸਟੇਜ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਲਖਬੀਰ ਲੋਪਕੇ ਤੇ




ਰਾਜਿੰਦਰ ਲੋਪੋਕੇ ਦੀ ਗਾਇਕੀ ਦੇ ਸਫ਼ਰ ਬਾਰੇ ਵਿਸਥਾਰਤ ਜਾਣਕਾਰੀ ਦੇ ਕੇ ਕੀਤੀ। ਰਾਗਾਂ ਦੇ ਗਿਆਤਾ ਇਨ੍ਹਾਂ ਗਾਇਕ ਭਰਾਵਾਂ ਨੇ ਸੁੱਚੇ ਤੇ ਸੁਚੱਜੇ ਗੀਤਾਂ ਨੂੰ ਐਸੀਆਂ ਕਮਾਲ ਦੀਆਂ ਬੰਦਿਸ਼ਾਂ ਵਿੱਚ ਬੰਨ੍ਹਿਆ ਕਿ ਘੰਟਿਆਂਬੱਧੀ ਸੁਨਣ ਤੋਂ ਬਾਅਦ ਵੀ ਬੰਦਾ ਅੱਕਿਆ ਨਹੀਂ। 'ਟੋਟਲ ਇੰਟਰਟੇਨਮੈਂਟ' ਵਲੋਂ ਸੁਚੱਜੇ ਤੇ ਸਾਫ ਸੁਥਰਾ ਲਿਖਣ ਵਾਲਿਆਂ ਨੂੰ ਪ੍ਰੋਮੋਟ ਕਰਨ ਦੇ ਮਨਸ਼ੇ ਨਾਲ ਕਈ ਨਵੇਂ ਗੀਤਕਾਰਾਂ ਨੂੰ ਵੀ ਇਸ ਮਹਿਫ਼ਿਲ ਵਿੱਚ ਸ਼ਾਮਲ ਕੀਤਾ ਹੈ। ਸੰਜੀਦਾ ਗੀਤਕਾਰ ਵਜੋਂ ਆਪਣੀ ਥਾਂ ਬਣਾ ਚੁੱਕੇ ਸ਼ਾਇਰ ਤੇ ਗੀਤਕਾਰ ਸੁੱਖੀ ਧਾਲੀਵਾਲ ਤੇ ਕੁਲਵੰਤ ਸੇਖੋਂ ਦੇ ਗੀਤਾਂ ਨੂੰ ਪ੍ਰਮੁੱਖਤਾ ਦਿੱਤੀ ਗਈ। ਤਿੰਨ ਘੰਟੇ ਚੱਲੇ ਇਸ ਸਮਾਗਮ ਵਿੱਚ ਦਰਸ਼ਕਾਂ ਨੇ ਗਾਇਕਾਂ ਨੂੰ ਖ਼ੂਬ ਦਾਦ ਦਿੱਤੀ। ਸਮਾਗਮ ਦੇ ਪ੍ਰੋਮੋਟਰ ਤੇ ਉੱਘੇ ਐਕਟਰ ਤੇ ਕਾਮੇਡੀਅਨ ਵਿਜੇ ਸਿੰਘ ਨੇ ਆਪਣੀ ਕਾਮੇਡੀ ਰਾਹੀਂ ਵਾਹਵਾ ਰੰਗ ਬੰਨ੍ਹਿਆ। ਇੰਟਰਨੈਸ਼ਨਲ ਤਬਲਾਵਾਦਕ ਮੰਗੀ ਸਹੋਤਾ ਅਤੇ ਕੀ ਬੋਰਡ 'ਤੇ ਬੱਗਾ ਸਿੰਘ ਨੇ ਸੰਗੀਤਕ ਜੁਗਲਬੰਦੀ ਰਾਹੀਂ ਸੰਗੀਤ ਦੇ ਜੌਹਰ ਵਿਖਾਏ। ਲੇਖਕ ਐੱਸ ਅਸ਼ੋਕ ਭੌਰੇ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।




## ਪ੍ਰੀਤ ਭਰਾੜਾ ਨੇ ਅਮਰੀਕੀ ਅਟਾਰਨੀ ਦੇ ਅਹੁਦੇ 'ਤੇ ਬਣੇ ਰਹਿਣ ਦੀ ਦਿੱਤੀ ਸਹਿਮਤੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤੀ ਮੂਲ ਦੇ ਅਮਰੀਕੀ ਅਟਾਰਨੀ ਪ੍ਰੀਤ ਭਰਾੜਾ ਨੇ ਰਾਸ਼ਟਰਪਤੀ ਦੀ ਚੋਣ ਜਿੱਤੇ ਡੋਨਲਡ ਟਰੰਪ ਨਾਲ ਮੁਲਾਕਾਤ ਦੌਰਾਨ ਆਪਣੇ ਇਸ ਅਹੁਦੇ ਉਤੇ ਬਣੇ ਰਹਿਣ ਦੀ ਸਹਿਮਤੀ ਦਿੱਤੀ ਹੈ। ਸ੍ਰੀ ਭਰਾੜਾ ਕੰਪਨੀਆਂ ਦੇ ਭੇਤ ਜੱਗ ਜ਼ਾਹਰ ਕਰਨ ਵਾਲੇ ਕਈ ਚਰਚਿਤ ਕੇਸਾਂ ਵਿੱਚ ਦੋਸ਼ੀਆਂ ਨੂੰ ਸਜ਼ਾ ਦਿਵਾ ਚੁੱਕੇ ਹਨ। ਰਾਸ਼ਟਰਪਤੀ ਬਰਾਕ ਓਬਾਮਾ ਨੇ 2009 ਵਿੱਚ ਉਨ੍ਹਾਂ ਨੂੰ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਅਟਾਰਨੀ ਨਿਯੁਕਤ ਕੀਤਾ ਸੀ। ਸ੍ਰੀ ਭਰਾੜਾ ਨੇ ਕਿਹਾ ਕਿ ਟਰੰਪ ਨਿਊਯਾਰਕ ਨਾਲ ਸਬੰਧਤ ਹਨ ਅਤੇ ਸਾਡੇ ਦਫ਼ਤਰ ਵੱਲੋਂ ਪਿਛਲੇ ਸੱਤ ਸਾਲਾਂ ਵਿੱਚ ਕੀਤੇ ਕੰਮ ਨੂੰ ਜਾਣਦੇ ਹਨ।



ਉਨ੍ਹਾਂ ਕਿਹਾ ਕਿ "ਰਿਪਬਲਿਕਨ ਆਗੂ ਨੇ ਉਨ੍ਹਾਂ ਨੂੰ ਬੁਲਾਇਆ ਸੀ। ਉਹ ਇਹ ਜਾਣਨਾ ਚਾਹੁੰਦੇ ਸਨ ਕਿ ਕੀ ਮੈਂ ਅਮਰੀਕੀ ਅਟਾਰਨੀ ਦੇ ਅਹੁਦੇ ਉਤੇ ਰਹਿਣਾ ਚਾਹੁੰਦਾ ਹਾਂ।" ਸ੍ਰੀ ਭਰਾੜਾ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਹੀ ਸੈਨੇਟਰ ਜੈੱਫ ਸੈਸ਼ਨਜ਼ ਨਾਲ ਗੱਲ ਕਰ ਲਈ ਹੈ, ਜਿਨ੍ਹਾਂ ਨੂੰ ਪਹਿਲਾਂ ਅਟਾਰਨੀ ਜਨਰਲ ਦੇ ਅਹੁਦੇ ਲਈ ਨਾਮਜ਼ਦ ਮੰਨਿਆ ਜਾ ਰਿਹਾ ਸੀ। ਫ਼ਿਰੋਜ਼ਪੁਰ ਵਿੱਚ ਸਿੱਖ ਪਰਿਵਾਰ ਵਿੱਚ 1968 ਵਿੱਚ ਜੰਮੇ ਪ੍ਰੀਤ ਭਰਾੜਾ ਦਾ ਬਚਪਨ ਨਿਊਜਰਸੀ ਵਿੱਚ ਬੀਤਿਆ। ਨਿਊਯਾਰਕ ਦੇ ਸ਼ਕਤੀਸ਼ਾਲੀ ਦੱਖਣੀ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਨਿਯੁਕਤ ਹੋਣ ਮਗਰੋਂ ਉਨ੍ਹਾਂ ਕਈ ਚਰਚਿਤ ਕੇਸ ਲੜੇ। ਪ੍ਰੀਤ ਭਰਾੜਾ ਦੀਆਂ ਦਲੀਲਾਂ ਕਾਰਨ ਹੀ ਗੋਲਡਮੈਨ ਸੈਚਜ਼ ਦੇ ਭਾਰਤੀ ਮੂਲ ਦੇ ਡਾਇਰੈਕਟਰ ਰਜਤ ਗੁਪਤਾ ਨੂੰ 2012 ਵਿੱਚ ਕੰਪਨੀ ਦੇ ਭੇਤ ਜ਼ਾਹਰ ਕਰਨ ਦਾ ਦੋਸ਼ੀ ਪਾਇਆ ਗਿਆ। ਯਾਦ ਰਹੇ ਕਿ ਮਨੋਨੀਤ ਰਾਸ਼ਟਰਪਤੀ ਟਰੰਪ ਚੁਣ ਚੁਣ ਕੇ ਵੱਖ ਵੱਖ ਅਹੁਦਿਆਂ ਲਈ ਨਿਯੁਕਤੀਆਂ ਕਰ ਰਹੇ ਹਨ।

## 'ਛਣਕਾਟਾ ਵੰਗਾਂ ਦਾ' 8 ਜਨਵਰੀ ਨੂੰ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :**
ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਨਵੇਂ ਵਰ੍ਹੇ ਦੀ ਆਮਦ 'ਤੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 8 ਜਨਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮਾਂਟ 'ਚ ਐਤਵਾਰ ਨੂੰ ਸਵੇਰੇ 11:00 ਵਜੇ ਤੋਂ ਦੇਰ ਸ਼ਾਮ ਤੱਕ ਹੋਵੇਗਾ, ਜਿਸ ਵਿਚ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬੀਬੀ ਰਣਜੀਤ ਕੌਰ ਲੰਬੇ ਸਮੇਂ ਪਿੱਛੋਂ ਇਸ ਪ੍ਰੋਗਰਾਮ ਜ਼ਰੀਏ ਪੰਜਾਬੀਆਂ ਦੇ ਸਨਮੁੱਖ ਹੋਵੇਗੀ। ਇਸ ਦੌਰਾਨ ਉਸ ਨੂੰ ਜੀਵਨ ਭਰ ਦੀਆਂ ਸੰਗੀਤ ਪ੍ਰਾਪਤੀਆਂ ਬਦਲੇ ਮਾਣ ਵਜੋਂ ਗੋਲਡ ਮੈਡਲ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਵਾਰ ਦਾ ਇਹ ਪ੍ਰੋਗਰਾਮ ਲੰਬੀ ਹੇਕ ਦੇ ਗਾਇਕ ਮਰਹੂਮ ਸੁਰਜੀਤ ਬਿੰਦਰਖੀਆ ਨੂੰ ਸਮਰਪਿਤ ਹੋਵੇਗਾ, ਜਿਸ ਵਿਚ ਬਿੰਦਰਖੀਆ ਦਾ ਬੇਟਾ ਗੀਤਾਜ ਬਿੰਦਰਖੀਆ ਵੀ ਹਾਜ਼ਰੀ ਲਵਾਏਗਾ। ਪ੍ਰੋਗਰਾਮ ਦੇ ਪ੍ਰਬੰਧਕ ਐੱਸ ਅਸ਼ੋਕ ਭੌਰਾ ਅਨੁਸਾਰ ਇਸ ਵਿਚ ਮਲਵਈ ਗਿੱਧਾ, ਹਾਸਰਸ ਕੋਰੀਓਗ੍ਰਾਫੀ ਅਤੇ ਗੀਤ ਸੰਗੀਤ ਦੀ ਪੇਸ਼ਕਾਰੀ ਹੋਵੇਗੀ। ਨੌਜਵਾਨ ਗਾਇਕ ਧਰਮਵੀਰ ਥਾਂਦੀ, ਆਪਣਾ ਸੰਗੀਤ ਦੇ ਅਨੂਪ ਚੀਮਾ ਤੇ ਤਰਲੋਕ ਸਿੰਘ, ਗਾਇਕਾ ਜੋਤ ਰਣਜੀਤ, ਮੰਗਜੀਤ ਮੰਗਾ ਤੇ ਅਰਚਣਾ, ਤਰਸੇਮ ਅਟਵਾਲ, ਸੱਤੀ ਪਾਬਲਾ ਆਪਣੇ ਨਵੇਂ ਗੀਤਾਂ ਨਾਲ ਪ੍ਰੋਗਰਾਮ 'ਚ ਸ਼ਾਮਲ ਹੋਣਗੇ। ਪ੍ਰੋਗਰਾਮ 'ਚ ਸਟੇਜ ਦਾ ਸੰਚਾਲਨ ਟੀ.ਵੀ. ਚੈਨਲ ਲੰਡਨ ਤੋਂ ਮੈਡਮ ਰੂਪ ਦਵਿੰਦਰ ਅਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਵਲੋਂ ਕੀਤਾ ਜਾਵਗੇਾ। ਇਸ ਪ੍ਰੋਗਰਾਮ ਵਿਚ ਦਾਖ਼ਲਾ ਮੁਫ਼ਤ ਪਰ ਸੱਦਾ ਪੱਤਰ ਨਾਲ ਹੋਵੇਗਾ।


Total ENTERTAINMENT INC®
TOTAL ENTERTAINMENT
AVTAR LAKHA & VIJAY SINGH
PROUDLY PRESENTS
Shows in
Fremont
December 17
Stockton
December 31st
Fresno
January 7th
ਚੰਮ ਨਾ ਵਿੱਕਦਾ ਇਥੇ, ਵਿੱਕਦਾ ਕੰਮ ਹੀ ਬੰਦੇ ਦਾ॥ ਬੰਦਾ ਆਪ ਨਾ ਬੋਲੇ, ਬੋਲੇ ਕੰਮ ਹੀ ਬੰਦੇ ਦਾ॥
Lopoke brothers
MEHFIL TOUR IN USA
Lyrics by Sukhi Dhaliwal, Kulwant Sekhon, Dharamvir Thand, Harjinder kang, Surinder chandair, Jasbir Gunachoria, Jaswant S Shaad, Harjit Hathur
For Mehfil Booking Call:
Avtar Lakha 209-200-0818, Vijay Singh 650-400-5156
Special Thanks: Master Deepak, Ashwani Bhakri, Ashok bhaura, Lakhbir Singh, Jodhbir Singh, Juss aulkh, Smile Dhir, Asha Sharma, Sukhdev Sahil, Narinder bagga, Atul Kapoor, Amrik Chand Lakha, Raj Bhanot, Micky Sra, Yaadwinder Sra, Poppy Singh, Kulwant Dalian, Neeta Machhike, Jassi Bhanga, All Lakha brothers, Kamal bassi, Jaswant Mehmi, Dilbag bangar, Ramesh Kumar Mehmi, Dharminder Singh, All Lakha brothers, Des Raj bangar, Vijay vij, Sarbjit saroya, Sikandar singh Punjabi dhaba, Rama video, Sukh Sandhu, Harjap Sandh, Shinda Shergill Madera, Amrik Chand Lakha, Atul Kapoor Global Allianz

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



SAVE $2500
ON DIESEL PER TRUCK WITH
ONE CALL!



11¢
DISCOUNT
PER GALLON




✓ No more Pre-Paid Cards
✓ Get Rid of Bank Wires ✓ Low Transaction Fee

TRANS-ALLIANCE TOGETHER WE SAVE
(855) 641-6955 • (888) 795-7035
sales@trans-alliance.com • www.trans-alliance.com



Travel for Less Inc.
SPECIALIZED IN DISCOUNT FARES WORLDWIDE

ASIANA AIRLINES
A STAR ALLIANCE MEMBER

ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ
ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ



ASIANA AIRLINES NOW FLIES NEW DELHI
5 TIMES A WEEK STARTING 1ST JULY 2016

BUY TRAVEL TICKETS ON WHOLESALE PRICES
CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com

(510) 791-3300
(408) 791-2600



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

**Fresh Sweets, Snacks & Food**
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

**ਜੀਵਨ ਬੀਮਾ ਪਲਾਨ**

1. ਸਾਰੀ ਜ਼ਿੰਦਗੀ ਲਿਵਿੰਗ ਬੈਨੀਫਿਟ, ਜੇ ਕਿਸੇ ਨੂੰ ਦਿਲ ਦਾ ਦੌਰਾ (ਹਾਰਟ ਅਟੈਕ), ਸਟਰੋਕ, ਇਨਵੈਸਿਵ ਕੈਂਸਰ, ਮੇਜਰ ਔਰਗਨ ਟਰਾਂਸਪਲਾਂਟ, (ਅੰਗ ਬਦਲੀ), ਅਧਰੰਗ, ਆਖਰੀ ਪੜਾਅ 'ਤੇ ਗੁਰਦੇ ਖ਼ਰਾਬ ਹੋਣ ਅਤੇ ਵਿਅਕਤੀ ਬਚ ਜਾਵੇ ਤਾਂ ਉਹ ਜਿਉਂਦੇ ਜੀਅ 85% ਰਕਮ ਹਾਸਲ ਕਰ ਸਕਦਾ ਹੈ ਤੇ ਰਹਿਦੀ ਰਕਮ ਮੌਤ ਤੋਂ ਬਾਅਦ ਦਿੱਤੀ ਜਾਂਦੀ ਹੈ।
2. ਤਾਅ ਜ਼ਿੰਦਗੀ ਪ੍ਰੀਮੀਅਮ ਵਾਪਸੀ
3. ਪੂਰੀ ਜਿੰਦਗੀ ਅਤੇ ਯੂਨੀਵਰਸਲ ਲਾਈਫ ਮੌਤ ਹੋਣ ਉਤੇ ਕੈਸ਼ ਦੀ ਗਰੰਟੀ, ਇਹ ਰਕਮ ਪਹਿਲਾਂ ਰਿਟਾਇਰਮੈਂਟ 'ਤੇ ਜਾਂ ਤੁਹਾਡੇ ਬੱਚਿਆਂ ਲਈ ਕਾਲਿਜ ਫੰਡ ਲਈ ਵਰਤੀ ਜਾ ਸਕਦੀ ਹੈ।
4. ਬਜ਼ੁਰਗਾਂ ਲਈ ਫਾਈਨਲ ਐਕਸਪੈਂਸ ਪਲਾਨ ਜਿਸ ਲਈ ਕੋਈ ਟੈਸਟ ਜਾਂ ਮੈਡੀਕਲ ਜਾਂਚ ਨਹੀਂ।

ਸਾਰੀਆਂ ਚੋਟੀ ਦੀਆਂ A+ ਰੇਟਡ ਕੰਪਨੀਆਂ ਜਿਵੇਂ ਕਿ ਐਗਲਾ, ਏਆਈਜੀ, ਜੈਨਵਰਥ, ੳਹਾਈਓ ਨੈਸ਼ਨਲ, ਟਰਾਂਸ ਅਮੈਰਿਕਾ, ਅਸ਼ੋਰਟੀ, ਯੂਨਾਈਟਡ ਆਫ ਓਮਾਹਾ,

# ਤੁਹਾਡਾ ਪਰਿਵਾਰ ਤੁਹਾਡੇ ਉਪਰ ਨਿਰਭਰ ਹੈ

**ਰੱਬ ਨਾ ਕਰੇ ਜੇ ਤੁਹਾਨੂੰ ਕੁਝ ਹੋ ਜਾਵੇ ਉਹ ਕਿਵੇਂ ਗੁਜ਼ਾਰਾ ਕਰਨਗੇ ?**

**ਕੀ ਤੁਹਾਡੇ ਤੋਂ ਬਾਅਦ ਤੁਹਾਡੇ ਪਰਿਵਾਰ ਦੀ ਦੇਖਭਾਲ ਲਈ $250,000 ਜਾਂ $500,000 ਜਾਂ ਇਸ ਤੋਂ ਜ਼ਿਆਦਾ ਹੈ ?**

**ਟਰੱਕ ਵਾਲੇ ਤੇ ਆਮ ਲੋਕਾਂ ਲਈ**, ਉਮਰ 20 ਤੋਂ 60 ਸਾਲ, $20-25 ਪ੍ਰਤੀ ਮਹੀਨਾ ਕਿਸ਼ਤ ਦੇ ਕੇ ਬਿਨਾ ਮੈਡੀਕਲ ਇਮਤਿਹਾਨ ਜਾਂ ਟੈਸਟ ਦੇ $250000 ਦੀ ਐਕਸੀਡੈਂਟਲ ਲਾਈਫ ਪਾਲਿਸੀ ਲੈ ਸਕਦੇ ਹਨ।

ਕੀ ਤੁਸੀਂ ਇਹ ਸੋਚਿਆ ਹੈ ?



Life, Health, Medicare, Dental Insurance & All Top Insurance Plans Available In America.

**Raminderjit Singh Sekhon**
951.751.7455

ਅੱਜ ਹੀ ਕਾਲ ਕਰੋ **Toll Free Number**
**1-800-220-8760**

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਜਨਸੰਖਿਆ ਕਾਰਨ ਲੰਬੀਆਂ ਕਤਾਰਾਂ : ਅਰੁਣ ਜੇਤਲੀ




## ਟੈਂਕੀਆਂ ਹੋਰ ਬਣਾਉਣੀਆਂ ਪੈਣਗੀਆਂ!!!

ਸੁਖਬੀਰ ਬਾਦਲ ਜੀ ਨੇ ਫਰਮਾਇਆ ਹੈ ਕਿ ਉਹ ਅਗਲੇ ਪੰਜ ਸਾਲਾਂ ਦੌਰਾਨ ਦਸ ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇਣਗੇ...! ਹੈਰਾਨ ਹੋਣ ਵਾਲੀ ਕਿਹੜੀ ਗੱਲ ਐ...? ਹੁਣੇ ਹੁਣੇ ਤਾਂ ਥੋਨੂੰ ਦੱਸਿਐ ਕਿ ਉਨਾਂ ਦੇ ਕੱਟੜ ਵਿਰੋਧੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਸੁਖਬੀਰ ਦੇ ਵਾਅਦੇ ਦਾ ਪੱਕਾ ਹੋਣ ਦਾ ਤਾਈਦ ਕੀਤੀ ਐ...।

ਨਾ ਅਮਲੀਆ ਤੂੰ ਕਾਹਤੋਂ ਦੰਦ ਕੱਢੀ ਜਾਣੈ...?

ਤੈਨੂੰ ਯਕੀਨ ਨੂੰ ਬਾਦਲ ਸਾਹਿਬ 'ਤੇ।

ਨਾ ਜੀ ਨਾ, ਮੈਨੂੰ ਤਾਂ ਯਕੀਨ ਐ...ਮੈਂ ਤਾਂ ਸੋਚਦਾ ਸੀ ਪਾਣੀ ਵਾਲੀਆਂ ਟੈਂਕੀਆਂ ਹੋਰ ਬਣਾਉਣੀਆਂ ਪੈਣਗੀਆਂ!

ਭਲਾ ਓ ਕਿਉਂ?

ਲਓ! ਜੀ ਕਰ ਲੋ ਗੱਲ!! ਆ ਜਿਨਾਂ ਨੂੰ ਪਹਿਲਾਂ ਨੌਕਰੀਆਂ ਦਿੱਤੀਆਂ ਸੀ, ਜਾਂ ਤਾਂ ਮਿਲੀਆਂ ਹੀ ਨਹੀਂ, ਜੇ ਮਿਲੀਆਂ ਤਾਂ ਪੱਕੇ ਨੀਂ ਕੀਤਾ...ਜਾਂ ਤਨਖ਼ਾਹਾਂ ਨੀਂ ਮਿਲੀਆਂ...ਹੱਥਾਂ 'ਚ ਫੈਲਾਂ ਚੁੱਕੀ ਟੱਕਰਾਂ ਮਾਰਦੇ ਫਿਰਦੇ ਨੇ...ਜੇ ਕਿਤੇ ਦਾਲ ਨੀਂ ਗਲਦੀ ਤਾਂ ਟੈਂਕੀਆਂ 'ਤੇ ਜਾ ਚੜਦੇ ਨੇ...।

ਤੂੰ ਵੀ ਨਾ ਅਮਲੀਆ, ਕੋਈ ਨਾ ਕੋਈ ਪੱਤਾ ਸੁੱਟ ਈ ਦਿੰਦੈ...।

ਨਾ ਭਲਾ ਮੈਨੂੰ ਪੱਤਾ ਕਿਥੇ ਸੁੱਟਣਾ ਆਉਂਦੈ...ਚਾਲਾਂ 'ਤੇ ਇਹੀ ਚਲਦੇ ਆ...ਮੈਨੂੰ ਤਾਂ ਲਗਦੈ, ਬਈ ਥਾਂ ਥਾਂ ਮੋਬੈਲ ਟਾਵਰ ਲੱਗਣੈ...ਹੁਣ ਪਾਣੀ ਵਾਲੀਆਂ ਟੈਂਕੀਆਂ ਵੀ ਕਿੰਨਾ ਭਾਰ ਝੱਲਣਗੀਆਂ...ਜੇ ਸੱਤਾ 'ਚ ਬਾਦਲ ਸਾਹਿਬ ਨਾ ਆਏ ਤਾਂ ਤਾਂ ਠੀਕ ਜੇ ਆ ਗਏ ਤਾਂ ਖਜ਼ਾਨਾ ਤਾਂ ਪਹਿਲਾਂ ਈ ਖ਼ਾਲੀ ਐ...ਦਸ ਲੱਖ ਭਰਤੀ ਕਰਕੇ ਤਨਖ਼ਾਹਾਂ ਕਿਥੋਂ ਦੇਣੀਆਂ ਨੇ...ਉਂ ਵੈਸੇ ਛੁਰਲੀ ਛੱਡਣ 'ਚ ਕੀ ਜਾਂਦੈ!!!

## ਮੈਂ ਤਾਂ ਫਕੀਰ ਆਂ!!

ਦਿਨ ਵਿਚ ਦਸ ਵਾਰ ਪੁਸ਼ਾਕਾਂ ਬਦਲਣ ਵਾਲੇ ਮੋਦੀ ਸਾਹਿਬ ਦਾ ਕਹਿਣਾ ਹੈ-'ਮਿੱਤਰਜਨੋ, ਮੈਂ ਤਾਂ ਫ਼ਕੀਰ ਆਂ।' ਸ਼ੁਕਰ ਐ, ਮੋਦੀ ਜੀ ਫ਼ਕੀਰ ਨੇ, ਜੇ 'ਸ਼ਾਹ' ਹੁੰਦੇ ਤਾਂ 'ਇਨਾਂ ਮਿੱਤਰਜਨਾਂ' ਦੇ ਰਹਿੰਦੇ-ਖੂੰਹਦੇ ਕੱਪੜੇ ਵੀ ਲੁਹਾ ਲੈਂਦੇ। ਉਨਾਂ ਤਾਂ ਇਹ ਵੀ ਕਿਹੈ ਕਿ ਮੈਂ ਤਾਂ ਥੋਡੇ ਭਲੇ ਲਈ ਨੋਟਬੰਦੀ ਕੀਤੀ ਐ...ਜੇ ਲੋੜ ਪਈ ਤਾਂ ਆਪਣਾ ਝੋਲਾ ਚੁੱਕ ਕੇ 'ਪਿਛਲੇ ਦਰਵਾਜ਼ਿਓਂ' ਨਿਕਲ ਜਾਉਂਗਾ। ਜੇ ਜਨਤਾ ਨੂੰ ਏਸੇ ਤਰਾਂ ਨੰਗਾ ਕਰਦੇ ਰਹੇ ਤਾਂ ਜਨਤਾ ਨੇ ਝੋਲਾ ਚੁੱਕਣ ਦਾ ਵੀ ਮੌਕਾ ਨਹੀਂ ਦੇਣਾ। ਪਰ ਜਦੋਂ ਤਕ ਮੋਦੀ ਸਾਹਿਬ ਸੱਤਾ ਛੱਡਣਗੇ, ਉਦੋਂ ਤਕ ਤਾਂ ਜਨਤਾ ਦਾ ਦੀਵਾਲਾ ਨਿਕਲ ਜੂ। ਕਰੋੜਾਂ ਦੀਆਂ ਪੁਸ਼ਾਕਾਂ, ਸਵੇਰ ਦਾ ਨਾਸ਼ਤਾ ਦੁਬਈ, ਦੁਪਹਿਰ ਦਾ ਲੰਡਨ ਤੇ ਰਾਤਰੀ ਭੋਜ ਅਮਰੀਕਾ ਵਿਚ ਕਰਨ ਵਾਲੇ ਮੋਦੀ ਜੀ ਜੇ ਫ਼ਕੀਰੀ ਇਹ ਐ ਤਾਂ ਆਪਣੀ ਜਨਤਾ ਨੂੰ ਵੀ ਫ਼ਕੀਰ ਹੋਣ ਦਾ 'ਸਰਾਪ' ਦੇ ਹੀ ਦਿਓ...ਸ਼ਾਇਦ ਲੋਕਾਂ ਦੀਆਂ ਦੁਆਵਾਂ ਨਾਲ ਥੋਨੂੰ ਹੋਰ ਕੱਪੜੇ ਮਿਲ ਜਾਣ।

## ਓਹਨੂੰ ਤਾਂ ਮੈਂ ਜੇਲ ਦੀ ਹਵਾ ਖਵਾ ਦੂੰ...!!

ਲੀਡਰ ਵੀ ਬੜੀ ਚਾਲੂ ਸ਼ੈਅ ਨੇ...ਜਦੋਂ ਈ ਚੋਣਾਂ ਨੇੜੇ ਹੁੰਦਿਆਂ ਨੇ ਤਾਂ ਗਰਜ ਗਰਜ ਕੇ ਕਹਿਣਗੇ ਫਲਾਣੇ ਨੂੰ ਤਾਂ ਮੈਂ ਅਦਾਲਤ 'ਚ ਘੜੀਸੂੰ...ਫਲਾਣੇ ਨੂੰ ਤਾਂ ਮੈਂ ਜੇਲ 'ਚ ਬੰਦ ਕਰਾ ਕੇ ਰਹੂੰ...। ਪਰ ਅੱਜ ਤਕ ਕਿਸੇ ਨੂੰ ਜੇਲ ਹੋਈ ਤਾਂ ਹੈ ਨਹੀਂ...ਜੇ ਹੋਈ ਵੀ ਤਾਂ ਪੰਦਰਾਂ ਮਿੰਟਾਂ ਵਿਚ ਜ਼ਮਾਨਤ 'ਤੇ ਬਾਹਰ। ਇਨਾਂ ਤਾਂ ਬੱਸ ਬੋਲ ਬੋਲ ਕੇ ਲੋਕਾਂ 'ਚ ਜੋਸ਼ ਭਰਨਾ ਹੁੰਦੈ...। ਜਿਨਾਂ ਖ਼ਿਲਾਫ਼ ਕੇਸ ਚੱਲ ਰਹੇ ਹੁੰਦੇ ਨੇ, ਉਹ ਖਾਰਜ ਕਰਾਉਣ ਦੀਆਂ ਤਿਆਰ ਹੋ ਰਹੀਆਂ ਹੁੰਦੀਆਂ ਨੇ ਤੇ ਲੋਕਾਂ ਨੂੰ ਮੂਰਖ਼ ਬਣਾਉਣ ਲਈ ਕੋਈ ਹੋਰ ਕੇਸ ਠੋਕ ਦਿੱਤਾ ਜਾਂਦੈ। ਇਕ ਪਾਸੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮਾਲ ਮੰਤਰੀ ਬਿਕਰਮ ਮਜੀਠੀਆ ਵਿਚਾਲੇ ਪੇਚਾ ਪਿਆ ਹੋਇਐ...ਕੇਸ ਦੀ ਤਰੀਕ ਘੱਟ, ਸ਼ਕਤੀ ਪ੍ਰਦਰਸ਼ਨ ਕਰਨ ਈ ਆਉਂਦੇ ਨੇ...ਦੋਵੇਂ ਬਾਹਾਂ ਚੜਾਉਂਦੇ...ਫੁੰਕਾਰੇ ਮਾਰਦੇ...ਇਕ-ਦੂਜੇ ਨੂੰ ਜੇਲ 'ਚ ਸੁੱਟਣ ਦੇ ਲਲਕਾਰੇ ਮਾਰਦੇ ਨਿਕਲ ਜਾਂਦੇ ਨੇ...ਤੇ ਜਦੋਂ ਮੌਕਾ ਆਉਣੈ, ਹੋਣਾ ਕੱਖ ਵੀ ਨਹੀਂ। ਆ ਹੁਣ ਕੈਪਟਨ ਅਮਰਿੰਦਰ ਖ਼ਿਲਾਫ਼ ਵਿਦੇਸ਼ਾਂ ਵਿਚ ਸੰਪਤੀ ਹੋਣ ਦਾ ਕੇਸ ਕੀ ਹੋਇਆ, ਉਨਾਂ ਕੇਂਦਰੀ ਮੰਤਰੀ ਅਰੁਣ ਜੇਤਲੀ ਨੂੰ ਧਮਕੀ ਦੇ ਮਾਰੀ, 'ਪੰਜਾਬ 'ਚ ਆ ਕੇ ਦਿਖਾਓ, ਅੰਮ੍ਰਿਤਸਰ ਤੋਂ ਲੜ ਕੇ ਦਿਖਾਓ ਚੋਣ, ਮੈਂ ਤਾਂ ਆਦਲਤ ਦਾ ਮੂੰਹ ਦਿਖਾ ਕੇ ਰਹੂੰ ਥੋਨੂੰ।' ਭਲਾ ਕੈਪਟਨ ਸਾਹਿਬ ਨੂੰ ਪੁਛੋ, ਜੀ, ਅਦਾਲਤਾਂ ਐਨੀਆਂ ਮਾੜੀਆਂ ਨੇ, ਜਿਹਦਾ ਮੂੰਹ ਦੇਖ ਕੇ ਜੇਤਲੀ ਸਾਹਿਬ ਬੇਹੋਸ਼ ਹੋ ਜਾਣਗੇ...। ਉਂਜ ਗੱਲ ਤਾਂ ਉਨਾਂ ਦੀ ਸਹੀ ਈ ਐ...ਅਦਾਲਤਾਂ ਤਾਂ ਗ਼ਰੀਬ-ਗੁਰਬਿਆਂ ਲਈ ਬਣੀਆਂ ਨੇ...ਜਿਹੜੇ ਤੜਕੇ ਈ ਪਸੀਨੋ-ਪਸੀਨੀਂ ਹੋਈ ਜੱਜ ਦੇ ਕਮਰੇ ਦੇ ਬਾਹਰ ਹੱਥ ਜੋੜੀ ਖੜੇ ਰਹਿੰਦੇ ਨੇ...ਲੀਡਰਾਂ ਦਾ ਤਾਂ ਵਕੀਲਾਂ ਨਾਲ ਸਰ ਜਾਂਦੈ ਤੇ ਜੇ ਕਦੇ ਆਉਣਾ ਪੈ ਜਾਵੇ ਤਾਂ ਉਨਾਂ ਨੂੰ ਨਰਕ ਵਾਂਗ ਲਗਦਾ ਹੋਣੈ...ਤਾਂਹੀਓਂ ਤਾਂ ਉਹ ਧਮਕੀ ਦੇ ਰਹੇ ਲਗਦੇ ਨੇ...। ਖ਼ੈਰ! ਲੀਡਰਾਂ ਦਾ ਤੋਰੀ-ਫੁਲਕਾ ਤਾਂ ਇਨਾਂ 'ਲਲਕਾਰਿਆਂ' ਨਾਲ ਈ ਚਲਦੈ...।



## ਤੂੰ ਮੇਰਾ ਬਾਈ, ਮੈਂ ਤੇਰਾ ਬਾਈ...!

ਆਪਣੀਆਂ ਆਪਣੀਆਂ ਸਟੇਜਾਂ 'ਤੇ ਇਕ-ਦੂਜੇ ਨੂੰ ਪਾਣੀ ਪੀ ਪੀ ਕੇ ਕੋਸਣ ਵਾਲੇ, ਲਲਕਾਰੇ ਮਾਰਨ ਵਾਲੇ, ਅਭੱਦਰ ਸ਼ਬਦ ਵਰਤਣ ਵਾਲੇ ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ ਜਦੋਂ ਆਹਮੋ-ਸਾਹਮਣੇ ਹੋਏ ਤਾਂ ਇਕ-ਦੂਜੇ ਦੀਆਂ ਤਰੀਫ਼ਾਂ ਦੇ ਕਸੀਦੇ ਕੱਢਣ ਲੱਗੇ। ਮੌਕਾ ਸੀ ਦਿੱਲੀ ਵਿਚ 'ਹਿੰਦੁਸਤਾਨ ਟਾਈਮਜ਼' ਵਲੋਂ ਕਰਵਾਏ



ਰੂਬਰੂ ਸਮਾਗਮ ਦਾ। ਕੈਪਟਨ ਅਮਰਿੰਦਰ ਨੇ ਸੁਖਬੀਰ ਬਾਦਲ ਦੀ ਤਾਰੀਫ਼ ਕਰਦਿਆਂ ਕਿਹਾ, 'ਬਈ ਕਾਕਾ ਬਹੁਤ ਸਿਆਣੈ...ਵਾਅਦੇ ਦਾ ਪੱਕੈ...ਜੋ ਕਹਿੰਦਾ, ਕਰਕੇ ਦਿਖਾਉਂਦੈ।' ਕੈਪਟਨ ਸਾਹਿਬ ਜੇ ਵਾਅਦੇ ਦਾ ਪੱਕੈ ਤਾਂ ਲੋਕਾਂ ਨਾਲ ਕੀਤੇ ਵਾਅਦੇ ਦਸ ਸਾਲ ਬਾਅਦ ਵੀ ਕਿਉਂ ਨਾ ਪੂਰੇ ਹੋਏ। ਲੱਗਦੈ ਸੁਖਬੀਰ ਹੋਰਾਂ ਨੇ ਸ਼ਾਇਦ ਥੋਨੂੰ ਓ ਵਾਧੂ ਸੰਪਤੀ ਮਾਮਲੇ 'ਚੋਂ ਬਰੀ ਕਰਾਉਣ ਦਾ ਵਾਅਦਾ ਕੀਤਾ ਸੀ ਤੇ ਉਹੀ ਜ਼ੋਰ-ਸ਼ੋਰ ਨਿਭਾਉਣ ਵਿਚ ਲੱਗੇ ਲਗਦੇ ਨੇ...ਠੀਕ ਐ, ਭਾਈ! ਹੁਣ ਤਾਰੀਫ਼ ਤਾਂ ਕਰਨੀ ਬਣਦੀ ਐ। ਆਪਣੇ ਸੁਖਬੀਰ ਸਾਹਿਬ ਵੀ ਘੱਟ ਨਹੀਂ-ਉਹ ਕਹਿੰਦੇ, 'ਕੈਪਟਨ ਸਾਹਿਬ ਕਮਾਲ ਦੇ ਬੰਦੇ ਨੇ...ਇਨਾਂ ਕਰਕੇ ਤਾਂ ਕਾਂਗਰਸ ਇਕਜੁਟ ਐ।' ਇਹਦਾ ਤਾਂ ਆ ਦੋ-ਚਾਰ ਦਿਨਾਂ ਵਿਚ ਹੀ ਪਤਾ ਲੱਗ ਜਦੋਂ ਟਿਕਟਾਂ ਦਾ ਐਲਾਨ ਹੋਇਆ...ਦੇਖਦੇ ਆਂ ਕਿਹੜੇ ਕਿਹੜੇ 'ਵਫ਼ਾਦਾਰ' ਪਾਰਟੀ ਛੱਡ ਕੇ ਜਾਂਦੇ ਨੇ। ਉਂਜ ਦੋਹਾਂ ਦੀ ਗੱਲ ਤਾਂ ਸਹੀ ਐ...ਜੇ 'ਕੱਠੇ ਹੋ ਜਾਣ ਤਾਂ ਇਕ ਆਪਣੇ ਵਾਅਦੇ ਨਿਭਾਉ ਤੇ ਦੂਜਾ ਪਾਰਟੀ ਜੋੜ ਕੇ ਰੱਖੂ...ਫੇਰ ਤਾਂ ਪੰਜਾਬ ਦਾ ਭਲਾ ਹੋਇਆ ਕੇ ਹੋਇਆ...।

## ਜਿਹੋ ਜਿਹੇ ਆਲੇ, ਉਹੋ ਜਿਹੇ ਕੁੱਜੇ!!!

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਥਿਆਰਾਂ ਨੂੰ ਲੈ ਕੇ ਗੰਭੀਰ ਹਨ...ਸੱਚਮੁਚ ਇਸ ਵਾਰ ਗੰਭੀਰ ਹਨ...ਸ਼ਾਇਦ ਮੌੜ ਮੰਡੀ ਵਿਚ ਵਿਆਹ ਦੌਰਾਨ ਡਾਂਸਰ ਦੀ ਮੌਤ ਦੀ ਤਾਜ਼ਾ ਤਾਜ਼ਾ ਘਟਨਾ ਵਾਪਰੀ ਹੈ, ਇਸ ਕਰਕੇ...ਉਂਜ ਉਨਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਸਮੇਤ ਬਹੁਤੇ ਲੀਡਰਾਂ ਨੂੰ ਹਥਿਆਰਾਂ ਦਾ ਸ਼ੌਕ ਹੈ। ਅੱਗੋਂ ਇਨਾਂ ਦੇ ਚੇਲੇ-ਬਾਲਕੇ ਵੀ ਘੱਟ ਨਹੀਂ...ਤੇ ਇਨਾਂ ਦੇ ਪਾਲੇ ਗੈਂਗਸਟਰਾਂ ਦਾ ਤਾਂ ਹਾਲ ਈ ਨਾ ਪੁਛੋ...ਉਹ ਤਾਂ ਸ਼ਰੇਆਮ ਜੇਲਾਂ ਵਿਚ ਬੈਠੇ ਫੇਸਬੁੱਕ 'ਤੇ ਹਥਿਆਰਾਂ ਨਾਲ ਫੋਟੋ ਪਾ ਰਹੇ ਨੇ ਤੇ ਭਾਰੀ ਸੁਰੱਖਿਆ ਦੇ ਬਾਵਜੂਦ ਹਥਿਆਰ ਜੇਲਾਂ ਵਿਚ ਜਾ ਰਹੇ ਨੇ। ਵਿਆਹਾਂ ਵਿਚ ਵੀ ਸਿਆਸੀ ਪਾਰਟੀਆਂ ਦੇ ਫੁਕਰੇ ਕਾਕੇ ਹੀ ਹਥਿਆਰਾਂ ਨਾਲ ਆਉਂਦੇ ਵੀ ਨੇ ਤੇ ਸ਼ਰੇਆਮ ਗੋਲੀਆਂ ਵੀ ਚਲਾਉਂਦੇ ਨੇ...। ਨਾਲੇ ਪੈਲੇਸਾਂ ਵਿਚ ਹਥਿਆਰ ਲਿਜਾਉਣ 'ਤੇ ਤਾਂ ਪਹਿਲਾਂ ਹੀ ਪਾਬੰਦੀ ਹੈ...ਫੇਰ ਨਵੇਂ ਫਰਮਾਨ ਕੀਹਦੇ ਲਈ...। ਆਮ ਬੰਦਾ ਤਾਂ ਹਥਿਆਰ ਰੱਖਣ ਦੀ ਜੁਰੱਅਤ ਨਹੀਂ ਕਰਦਾ...। ਬਾਦਲ ਸਾਹਿਬ, ਇਹ ਕਹੋ ਕਿ ਸਖ਼ਤੀ ਨਾਲ ਅਮਲ ਕਦੋਂ ਹੋਊ?!! ਸਰਕਾਰਾਂ ਈ ਤਾਂ ਹੱਥਾਂ ਵਿਚ ਹਥਿਆਰ ਫੜਾਉਂਦੀਆਂ ਨੇ, ਫੇਰ ਇਨਾਂ ਤੋਂ ਹਥਿਆਰ ਖੋਹਣ ਦੀ ਹਿੰਮਤ ਕੌਣ ਕਰੇ? ਜਿਨਾਂ ਕੋਲ ਹਥਿਆਰ ਨੇ, ਉਹ ਤਾਂ ਦਿਖਾਉਣਗੇ ਵੀ ਤੇ ਚਲਾਉਣਗੇ ਵੀ...ਥੋਡੀ ਗੰਭੀਰ ਪਾਬੰਦੀ ਨੂੰ ਇਹੀ ਚੁਣੌਤੀ ਦੇਣਗੇ!!

# ਗੁਰਦੁਆਰਾ ਸਾਹਿਬ ਟਿਆਰਾ ਬਿਉਨਾ ਵਿਖੇ ਸਿੱਖ ਇਤਿਹਾਸ ਸਬੰਧੀ ਕਲਾਸਾਂ ਸ਼ੁਰੂ

**ਯੂਬਾਸਿਟੀ/ਸੇਵਾ ਸਿੰਘ ਬੈਂਸ:** ਗੁਰਦੁਆਰਾ ਸਾਹਿਬ ਟਿਆਰਾ ਬਿਉਨਾ ਰੋਡ ਯੂਬਾ ਸਿਟੀ ਦੀ ਨਵੀਂ ਚੁਣੀ ਹੋਈ ਪ੍ਰਬੰਧਕ ਕਮੇਟੀ ਨੇ ਸਿੱਖੀ ਦੇ ਪ੍ਰਚਾਰ ਲਈ 20 ਨਵੰਬਰ ਤੋਂ 25 ਦਸੰਬਰ ਤੱਕ ਹਰ ਐਤਵਾਰ ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਕਿੱ ਸਿੱਖ ਇਤਿਹਾਸ ਦੀਆਂ ਕਲਾਸਾਂ ਭਾਈ ਸੁਖਦੇਵ ਸਿੰਘ ਢਿੱਲੋਂ ਅੰਗਰੇਜ਼ੀ ਤੇ ਪੰਜਾਬੀ ਵਿਚ ਲਾ ਰਹੇ ਹਨ, ਜਿਸ ਵਿਚ 10 ਸਾਲ ਤੋਂ ਉਪਰ ਵਾਲੇ ਬੱਚੇ ਤੇ ਵੱਡੇ ਭਾਗ ਲੈ ਸਕਦੇ ਹਨ। ਇਨ੍ਹਾਂ ਕਲਾਸਾਂ ਵਿਚ 20 ਦਸੰਬਰ 20 ਤੋਂ 27 ਦਸੰਬਰ ਤੱਕ (1704) ਦਾ ਇਤਿਹਾਸ ਪੜਾਇਆ ਜਾਵੇਗਾ ਜਿਹ ਵਿੱਚ ਅਨੰਦਪੁਰ ਸਾਹਿਬ ਨੂੰ ਮੁਗਲ ਫੌਜਾਂ ਵਲੋਂ ਘੇਰਾ ਪਾਉਣ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਤੱਕ ਲਹੂ ਭਿੱਜੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਹ ਇਤਿਹਾਸ ਸ਼ਹੀਦੀਆਂ ਵਾਲਾ ਨਵੀਂ ਪਨੀਰੀ ਨੂੰ ਦੱਸਣਾ ਯਾਦ ਕਰਵਾਉਣਾ ਬਹੁਤ ਹੀ ਸਿੱਖਾਂ ਲਈ ਜ਼ਰੂਰੀ ਹੈ। ਜਿਹੜੀਆਂ ਕੌਮਾਂ ਆਪਣਾ ਮਾਣਮੱਤਾ ਇਤਿਹਾਸ ਤੇ ਸ਼ਹੀਦੀਆਂ ਤੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਨੇ ਉਹ ਸਮੇਂ ਦੇ ਗਰਦਿਸ਼ ਵਿਚ ਗੁੰਮ ਹੋ ਜਾਂਦੀਆਂ ਭਾਵ ਖ਼ਤਮ ਹੋ ਜਾਂਦੀਆਂ ਨੇ। ਅਸੀਂ ਸਿੱਖਾਂ ਨੇ ਸੰਨ 1704 ਵਿਚ 7 ਦਿਨਾਂ ਵਿਚ ਕੀ ਕੁਝ ਗੁਆਇਆ ਉਨ੍ਹਾਂ ਤੋਂ ਕੀ ਸਿੱਖਿਆ ਜਾਂ ਸਿੱਖੀਏ ਇਹ ਸਾਡੇ ਇਥੋਂ ਦੇ ਜੰਮੇ ਪਲੇ ਤੇ ਵੱਡੇ ਹੋ ਰਹੇ ਬੱਚਿਆਂ ਨੂੰ ਪੜਾਉਣਾ ਬਹੁਤ ਜ਼ਰੂਰੀ ਹੈ।

ਪ੍ਰਬੰਧਕਾਂ ਦੀ ਸਭਨਾਂ ਨੂੰ ਬੇਨਤੀ ਹੈ ਕਿ ਆਓ ਆਪਾਂ ਦਸੰਬਰ (ਹਰ ਸਾਲ) ਮਹੀਨੇ ਆਪਣੇ ਸ਼ਹੀਦਾਂ ਨੂੰ ਯਾਦ ਕਰੀਏ ਤੇ ਉਨ੍ਹਾਂ ਤੋਂ ਜ਼ਿੰਦਗੀ ਵਿਚ ਸੇਧ ਲਈਏ। ਨਵੀਂ ਕਮੇਟੀ ਵਲੋਂ ਕੀਤੇ ਇਸ ਉਪਰਾਲੇ ਲਈ ਆਓ ਸੰਗਤ ਜੀ ਰਲ ਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਦੀ ਬਖਸਿਸਾਂ ਦੀਆਂ ਝੋਲੀਆਂ ਭਰੀਏ ਤੇ ਆਪਣਾ ਬਣਦਾ ਫ਼ਰਜ ਪੂਰਾ ਕਰੀਏ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵੱਲੋਂ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਨੂੰ ਨਿੱਘੀ ਵਿਦਾਇਗੀ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**

ਲੰਘੇ ਐਤਵਾਰ ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਸਮੂਹ ਸੰਗਤ ਵੱਲੋਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਨ੍ਹਾਂ ਦੀਵਾਨਾਂ ਦੌਰਾਨ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਨੇ ਲਗਤਾਰ ਤੇਰ੍ਹਾਂ ਸਾਲ ਸੇਵਾਂ ਨਿਭਾਉਣ ਮਗਰੋਂ ਸੰਗਤ ਤੋਂ ਵਿਦਾਇਗੀ ਲਈ। ਉਨ੍ਹਾਂ ਦੇ ਨਾਲ ਭਾਈ ਰਣਜੀਤ ਸਿੰਘ ਅਤੇ ਭਾਈ ਵਰਿੰਦਰ ਸਿੰਘ ਨੂੰ ਵੀ ਸੇਵਾ ਮੁਕਤ ਕੀਤਾ ਗਿਆ। ਦੀਵਾਨ ਹਾਲ ਵਿੱਚ ਸੰਗਤਾਂ ਦੇ ਠਾਠਾ ਮਾਰਦੇ ਇਕੱਠ ਵਿੱਚ ਭਾਈ ਅਵਤਾਰ ਅਤੇ ਸਾਥੀਆਂ ਨੂੰ ਸਿਰੋਪਓ ਭੇਟ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਭਾਈ ਸਹਿਬ ਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਗਈ। ਇਹ ਪਹਿਲੀ ਵਾਰ ਹੋਇਆ ਕਿ ਫਰਿਜ਼ਨੋ ਇਲਾਕੇ ਦੇ ਸਮੂਹ ਗੁਰੂਘਰਾਂ ਦੇ ਪ੍ਰਬੰਧਕਾਂ ਵੱਲੋਂ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਪ੍ਰਤੀ ਸਨੇਹ ਪ੍ਰਗਟਾਉਣ ਲਈ ਵੱਖਰੇ ਤੌਰ 'ਤੇ ਸਿਰੋਪਾਓ ਭੇਜੇ ਗਏ ਹੋਣ। ਇਸ ਮੌਕੇ ਸੰਗਤਾਂ ਨੂੰ ਮੁਖਾਤਬ ਹੁੰਦਿਆਂ ਭਾਈ ਅਵਤਾਰ ਸਿੰਘ ਨੇ ਕਿਹਾ ਕਿ ਭਰਿਆ ਪਰਿਵਾਰ ਛੱਡ ਕੇ ਜਾਣ ਨੂੰ ਦਿਲ ਤਾਂ ਨਹੀਂ ਕਰਦਾ ਪਰ ਨਿੱਜੀ ਕੰਮਾਂ ਕਾਰਾਂ ਕਰਕੇ ਵਿਦਾਇਗੀ ਲੈਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਤੇਰ੍ਹਾਂ ਸਾਲਾਂ




ਦੌਰਾਨ ਸੰਗਤ ਵੱਲੋਂ ਬੇਹੱਦ ਪਿਆਰ ਸਤਿਕਾਰ ਮਿਲਿਆ ਜਿਸ ਨੂੰ ਉਹ ਕਦੇ ਭੁਲਾ ਨਹੀਂ ਸਕਣਗੇ। ਉਨ੍ਹਾਂ ਅਖੀਰ ਵਿੱਚ ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ। ਭਾਈ ਅਵਤਾਰ ਸਿੰਘ ਦੀ ਵਿਦਾਇਗੀ ਨੂੰ ਲੈ ਕੇ ਸੰਗਤਾਂ ਵਿੱਚ ਉਦਾਸੀ ਦਾ ਆਲਮ ਵੇਖਣ ਨੂੰ ਮਿਲਿਆ।

# ਕੈਪਟਨ ਤੇ ਸਿੱਧੂ ਵਿਚਾਲੇ ਦਿੱਲੀ 'ਚ ਹੋਈ ਮੀਟਿੰਗ

**ਦਿੱਲੀ/ਬਿਊਰੋ ਨਿਊਜ਼,** ਭਾਰਤੀ ਜਨਤਾ ਪਾਰਟੀ ਦੇ ਸਾਬਕਾ ਰਾਜ ਸਭਾ ਮੈਂਬਰ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੇ ਦਿੱਲੀ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਇਸ ਬਾਰੇ ਜਾਣਕਾਰੀ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਐਤਵਾਰ ਨੂੰ ਨਵਜੋਤ ਸਿੰਘ ਸਿੱਧੂ ਮੁਲਾਕਾਤ ਲਈ ਉਨ੍ਹਾਂ ਦੇ ਘਰ ਆਏ ਸਨ। ਕੈਪਟਨ ਨੇ ਆਖਿਆ ਕਿ ਮੀਟਿੰਗ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਹੋਈ। ਇਸ ਦੌਰਾਨ ਸਿੱਧੂ ਨੇ ਪਾਰਟੀ ਲਈ ਕੰਮ ਕਰਨ ਦੀ ਇੱਛਾ ਵੀ ਪ੍ਰਗਟਾਈ। ਸਿੱਧੂ ਦੀ ਪਾਰਟੀ ਵਿੱਚ ਭੂਮਿਕਾ ਕੀ ਹੋਵੇਗੀ, ਇਸ ਬਾਰੇ ਕੈਪਟਨ ਨੇ ਆਖਿਆ ਕਿ ਇਹ ਨਵਜੋਤ ਸਿੱਧੂ ਨੇ ਹੀ ਤੈਅ ਕਰਨਾ ਹੈ ਕਿ ਉਨ੍ਹਾਂ ਨੇ ਆਪਣਾ ਕਿੱਤਾ ਜਾਰੀ ਰੱਖਣਾ ਹੈ ਜਾਂ ਪਾਰਟੀ ਲਈ ਕੰਮ ਕਰਨਾ ਹੈ। ਸਾਫ ਹੈ ਕਿ ਸਿੱਧੂ ਅਜੇ ਵੀ ਕਾਂਗਰਸ ਵਿੱਚ ਸ਼ਾਮਲ ਹੋਣ ਨੂੰ ਲੈ ਕੇ ਸਸ਼ੋਪੰਜ ਵਿੱਚ ਹਨ।

ਉਨ੍ਹਾਂ ਦੱਸਿਆ ਕਿ ਸਿੱਧੂ ਦੇ ਮੁੰਬਈ ਵਿੱਚ ਕੁਝ ਰੁਝੇਵੇਂ ਹਨ, ਜਿਨ੍ਹਾਂ ਨੂੰ ਉਹ ਛੇਤੀ ਹੀ ਪੂਰਾ ਕਰਨ ਤੋਂ ਬਾਅਦ ਪਾਰਟੀ ਲਈ ਕੰਮ ਕਰਨਗੇ। ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾਕਟਰ ਨਵਜੋਤ ਕੋਰ ਸਿੱਧੂ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੀ ਹੈ।

# ਪੰਜਾਬ ਨੂੰ ਫੇਰ ਝਟਕਾ, ਅਦਾਲਤ ਵਲੋਂ ਐਸਵਾਈਐਲ ਦੀ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮ

### *ਫਿਲਹਾਲ ਪੰਜਾਬ ਦੇ ਕਿਸਾਨਾਂ ਕੋਲ ਹੀ ਰਹੇਗੀ ਜ਼ਮੀਨ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਸਬੰਧੀ ਸਥਿਤੀ ਜਿਉਂ ਦੀ ਤਿਉਂ ਕਾਇਮ ਰੱਖਣ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਹੀ ਹਰਿਆਣਾ ਦੀ ਅਪੀਲ ਉਪਰ ਰਾਵੀ-ਬਿਆਸ ਪਾਣੀ ਮਾਮਲੇ 'ਤੇ ਪੰਜਾਬ ਤੇ ਕੇਂਦਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਸਰਵਉੱਚ ਅਦਾਲਤ ਨੇ ਕੇਂਦਰੀ ਗ੍ਰਹਿ ਸਕੱਤਰ, ਪੰਜਾਬ ਦੇ ਮੁੱਖ ਸਕੱਤਰ ਤੇ ਡੀਜੀਪੀ ਨੂੰ ਮੁੜ ਰਿਸੀਵਰ ਨਿਯੁਕਤ ਕਰ ਦਿੱਤਾ ਹੈ ਅਤੇ ਇਨ੍ਹਾਂ ਰਿਸੀਵਰਾਂ ਨੂੰ ਕਿਹਾ ਹੈ ਕਿ ਉਹ ਹਫ਼ਤੇ ਦੇ ਅੰਦਰ ਸਬੰਧਤ ਜ਼ਮੀਨ ਬਾਰੇ ਅਸਲ ਸਥਿਤੀ ਰਿਪੋਰਟ ਪੇਸ਼ ਕਰਨ। ਅਦਾਲਤ ਨੇ ਸਪਸ਼ਟ ਕੀਤਾ ਕਿ ਐਸਵਾਈਐਲ ਨਾਲ ਸਬੰਧਤ ਜ਼ਮੀਨ ਦਾ ਕਬਜ਼ਾ ਰਿਸੀਵਰ ਨਹੀਂ ਲੈਣਗੇ। ਜਸਟਿਸ ਪੀਸੀ ਘੋਸ਼ ਤੇ ਜਸਟਿਸ ਅਮਿਤਵ ਰਾਏ ਦੇ ਬੈਂਚ ਨੇ ਕਿਹਾ ਕਿ ਇਸ ਹੁਕਮ ਦੇ ਮੱਦੇਨਜ਼ਰ ਸਾਰੀਆਂ ਧਿਰਾਂ ਐਸਵਾਈਐਲ ਮਾਮਲੇ ਵਿੱਚ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਰੱਖੀ ਜਾਵੇ। ਮਾਮਲੇ ਦੀ ਅਗਲੀ ਸੁਣਵਾਈ 15 ਦਸੰਬਰ ਨੂੰ ਹੋਵੇਗੀ। ਬੈਂਚ ਨੇ ਐਸਵਾਈਐਲ ਮਾਮਲੇ ਦੀ ਮੌਜੂਦਾ ਸਥਿਤੀ ਵਿੱਚ ਕਿਸੇ ਤਰ੍ਹਾਂ ਦਾ ਫੇਰ ਬਦਲ ਨਹੀਂ ਕੀਤਾ, ਜਿਸ ਨਾਲ ਜਿਨ੍ਹਾਂ ਕਿਸਾਨਾਂ ਨੂੰ ਪੰਜਾਬ ਸਰਕਾਰ ਜ਼ਮੀਨ ਮੋੜ ਚੁੱਕੀ ਹੈ ਉਹ ਫਿਲਹਾਲ ਇਸ ਦੇ ਮਾਲਕ ਬਰਕਰਾਰ ਰਹਿਣਗੇ। ਪੰਜਾਬ ਸਰਕਾਰ ਨੇ 16 ਨਵੰਬਰ 2016 ਵਿੱਚ ਜਾਰੀ ਕੀਤੇ ਇਕ ਨੋਟੀਫਿਕੇਸ਼ਨ ਰਾਹੀਂ ਉਨ੍ਹਾਂ ਕਿਸਾਨਾਂ ਨੂੰ ਜ਼ਮੀਨ ਵਾਪਸ ਕਰ ਦਿੱਤੀ ਸੀ, ਜਿਨ੍ਹਾਂ ਦੀ ਜ਼ਮੀਨ ਨਹਿਰ ਦੀ ਉਸਾਰੀ ਲਈ ਐਕੁਆਇਰ ਕੀਤੀ ਗਈ ਸੀ। ਇਸ ਬਾਰੇ ਮਤਾ ਮੰਤਰੀ ਮੰਡਲ ਤੇ ਵਿਧਾਨ ਸਭਾ ਵਿੱਚੋਂ ਵੀ ਪਾਸ ਕਰਵਾਇਆ ਗਿਆ ਸੀ। ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਰਣਜੀਤ ਕੁਮਾਰ ਨੇ ਸਰਵਉੱਚ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਹਰਿਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸ਼ਿਆਮ ਦੀਵਾਨ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਕਾਨੂੰਨੀ ਵੈਧਤਾ ਉਪਰ ਹੀ ਸਵਾਲ ਖੜ੍ਹਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਦਸ ਨਵੰਬਰ ਨੂੰ ਹੁਕਮ ਜਾਰੀ ਕਰਕੇ ਪੰਜਾਬ ਵੱਲੋਂ ਪਾਣੀ ਬਾਰੇ ਸਮਝੌਤਾ ਕਾਨੂੰਨ ਰੱਦ ਕਰਨ ਦੇ ਫੈਸਲੇ ਨੂੰ ਸੰਵਿਧਾਨ, ਅੰਤਰ ਰਾਜੀ ਪਾਣੀ ਵਿਵਾਦ ਕਾਨੂੰਨ 1956 ਅਤੇ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਉਲੰਘਣਾ ਕਰਾਰ ਦਿੱਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦਲੀਲ ਦਿੱਤੀ ਕਿ ਪੰਜਾਬ ਸਰਕਾਰ ਦਾ ਫੈਸਲਾ ਸੁਪਰੀਮ ਕੋਰਟ ਵੱਲੋਂ 15 ਜਨਵਰੀ 2002 ਅਤੇ 4 ਜੂਨ 2004 ਵਿੱਚ ਦਿੱਤੇ ਫੈਸਲਿਆਂ ਦੇ ਉਲਟ ਹੈ। ਉਨ੍ਹਾਂ ਮੰਗ ਕੀਤੀ ਕੇਂਦਰ ਦੇ ਗ੍ਰਹਿ ਸਕੱਤਰ, ਪੰਜਾਬ ਦੇ ਮੁੱਖ ਸਕੱਤਰ ਤੇ ਡੀਜੀਪੀ, ਜਿਨ੍ਹਾਂ ਨੂੰ 17 ਮਾਰਚ 2016 ਵਿੱਚ ਸਰਵਉੱਚ ਅਦਾਲਤ ਨੇ ਰਿਸੀਵਰ ਨਿਯੁਕਤ ਕੀਤਾ ਸੀ, ਨੂੰ ਰਿਸੀਵਰ ਬਰਕਰਾਰ ਰੱਖਿਆ ਜਾਵੇ। ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਇਹ ਮਾਮਲਾ ਬੜਾ ਸੰਵੇਦਨਸ਼ੀਲ ਹੈ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਇਹ ਮਾਮਲਾ ਉਸ ਨੂੰ ਹੀ ਨਜਿੱਠਣ ਦਿੱਤਾ ਜਾਵੇ। ਇਸ 'ਤੇ ਬੈਂਚ ਨੇ ਕਿਹਾ ਕਿ 15 ਦਸੰਬਰ ਦੀ ਸੁਣਵਾਈ ਤੋਂ ਬਾਅਦ ਇਹ ਸੁਣਵਾਈ ਅਗਲੇ ਸਾਲ ਅਪ੍ਰੈਲ ਜਾਂ ਮਈ 'ਤੇ ਪਾਈ ਜਾ ਸਕਦੀ ਹੈ। ਪੰਜਾਬ ਵੱਲੋਂ ਪੇਸ਼ ਹੋਏ ਇਕ ਹੋਰ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਮੰਗ ਕੀਤੀ ਕਿ ਕੌਮੀ ਹਿੱਤ ਦੇ ਮੱਦੇਨਜ਼ਰ ਇਸ ਮਾਮਲੇ ਵਿੱਚ ਕੇਂਦਰ ਨੂੰ ਦਖ਼ਲ ਦੇਣਾ ਚਾਹੀਦਾ ਹੈ ਤੇ ਮਾਹਰਾਂ ਦੀ ਇਕ ਟੀਮ ਬਣਾਈ ਜਾਵੇ ਜਿਹੜੀ ਪਾਣੀ ਦੀ ਸਥਿਤੀ ਅਤੇ ਦੂਜੇ ਰਾਜਾਂ ਨੂੰ ਇਸ ਨੂੰ ਦੇਣ ਦੀ ਸੰਭਾਵਨਾ ਦਾ ਲੇਖਾ ਜੋਖਾ ਕਰੇ।

## ਬਾਦਲ ਨੇ ਲਿੰਕ ਨਹਿਰ ਦਾ ਦੋਸ਼ ਕੈਪਟਨ 'ਤੇ ਮੜ੍ਹਿਆ

**ਤਰਨ ਤਾਰਨ :** ਕੈਪਟਨ ਅਮਰਿੰਦਰ ਸਿੰਘ ਅਤੇ 42 ਕਾਂਗਰਸੀ ਵਿਧਾਇਕਾਂ ਵੱਲੋਂ ਦਿੱਤੇ ਅਸਤੀਫ਼ਿਆਂ ਨੂੰ ਮਹਿਜ਼ ਸਿਆਸੀ ਸਟੰਟ ਕਰਾਰ ਦਿੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਥੇ ਪੰਜਾਬ ਦੇ ਸੰਕਟ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਦੱਸਿਆ।

## ਕੈਪਟਨ ਬੋਲੇ- ਬਾਦਲ ਨੇ ਪ੍ਰੇਸ਼ਾਨੀ ਪੈਦਾ ਕੀਤੀ :

**ਚੰਡੀਗੜ੍ਹ :** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੁਪਰੀਮ ਕੋਰਟ ਦੇ ਕੇਸ ਅਤੇ ਐਕੁਆਇਰ ਜ਼ਮੀਨ ਅਸਲੀ ਮਾਲਕਾਂ ਹਵਾਲੇ ਕੀਤੇ ਜਾਣ ਬਾਰੇ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਆਦੇਸ਼ਾਂ ਉਪਰ ਪ੍ਰਤੀਕਿਰਿਆ ਜਤਾਉਂਦੇ ਹੋਏ ਕਿਹਾ ਕਿ ਇਹ ਪ੍ਰੇਸ਼ਾਨੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੜ੍ਹੀ ਕੀਤੀ ਹੈ।



# ਪਾਣੀਆਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਪੰਜਾਬੀਓ ਤੁਸੀਂ ਅੱਗੇ ਆਓ : ਪ੍ਰਕਾਸ਼ ਸਿੰਘ ਬਾਦਲ

**ਰਾਮ ਤੀਰਥ (ਅੰਮ੍ਰਿਤਸਰ)/ਬਿਊਰੋ ਨਿਊਜ਼ :** ਸੁਪਰੀਮ ਕੋਰਟ ਵੱਲੋਂ ਐਸਵਾਈਐਲ ਮਾਮਲੇ ਵਿੱਚ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਆਦੇਸ਼ਾਂ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਥੇ ਆਖਿਆ ਕਿ ਸੂਬਾ ਸਰਕਾਰ ਨੇ ਨਹਿਰ ਲਈ ਪ੍ਰਾਪਤ ਕੀਤੀ ਜ਼ਮੀਨ 'ਡੀ-ਨੋਟੀਫਾਈ' ਕਰਕੇ ਲੋਕਾਂ ਨੂੰ ਵਾਪਸ ਕਰ ਦਿੱਤੀ ਹੈ ਤੇ ਹੁਣ ਜਨਤਾ ਦਾ ਫ਼ਰਜ਼ ਬਣਦਾ ਹੈ ਕਿ ਉਹ ਦਰਿਆਈ ਪਾਣੀਆਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਅੱਗੇ ਆਉਣ। ਉਨ੍ਹਾਂ ਖ਼ੁਦ ਪ੍ਰਣ ਲਿਆ ਤੇ ਲੋਕਾਂ ਕੋਲੋਂ ਵੀ ਪ੍ਰਣ ਕਰਾਇਆ ਕਿ ਦਰਿਆਈ ਪਾਣੀਆਂ ਦੀ ਇੱਕ ਬੂੰਦ ਵੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਇਸ ਦੌਰਾਨ ਪੰਡਾਲ ਵਿੱਚ ਲੋਕਾਂ ਦੀ ਹਾਜ਼ਰੀ ਘੱਟ ਹੋਣ ਕਾਰਨ ਸਮਾਗਮ ਲਗਭਗ ਦੋ ਘੰਟੇ ਦੇਰੀ ਨਾਲ ਸ਼ੁਰੂ ਹੋਇਆ।



ਇਤਿਹਾਸਕ ਰਾਮ ਤੀਰਥ ਵਿਖੇ ਭਗਵਾਨ ਵਾਲਮੀਕ ਦੀ ਮੂਰਤੀ ਅਤੇ ਮੰਦਿਰ ਲੋਕਾਂ ਨੂੰ ਸਮਰਪਿਤ ਕਰਨ ਸਬੰਧੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਮੁੜ ਆਖਿਆ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹਨ। ਉਨ੍ਹਾਂ ਆਖਿਆ ਕਿ ਸਰਕਾਰ ਨੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਈ ਹੈ, ਜਿਸ ਤਹਿਤ ਐਸਵਾਈਐਲ ਦੀ ਜ਼ਮੀਨ 'ਡੀ-ਨੋਟੀਫਾਈ' ਕਰਕੇ ਲੋਕਾਂ ਨੂੰ ਦੇ ਦਿੱਤੀ ਹੈ। ਇਸ ਮੌਕੇ ਮੁੱਖ ਮੰਤਰੀ ਨੇ ਆਖਿਆ ਕਿ ਸੂਬਾ ਸਰਕਾਰ ਨੇ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਨੂੰ ਤਰਜੀਹ ਦਿੱਤੀ ਹੈ ਤਾਂ ਜੋ ਨਵੀ ਪੀੜ੍ਹੀ ਨੂੰ ਵਿਰਸੇ ਨਾਲ ਜੋੜਿਆ ਜਾ ਸਕੇ। ਇਸ ਤਹਿਤ ਮਹਾਂਪੁਰਖਾਂ ਦੀਆਂ ਯਾਦਗਾਰਾਂ ਬਣਾਈਆਂ ਹਨ। ਉਨ੍ਹਾਂ ਦੱਸਿਆ ਕਿ ਭਗਵਾਨ ਵਾਲਮੀਕ ਦੇ ਇਤਿਹਾਸਕ ਮੰਦਿਰ ਰਾਮ ਤੀਰਥ ਵਾਸਤੇ 200 ਕਰੋੜ ਰੁਪਏ ਖ਼ਰਚ ਕੀਤੇ ਹਨ। ਇਸ ਨਾਲ ਇੱਥੇ ਭਵਨ ਨਿਰਮਾਣ ਦਾ ਅਜੂਬਾ ਬਣਾਇਆ ਗਿਆ ਹੈ। ਮੰਦਿਰ ਵਿੱਚ ਭਗਵਾਨ ਵਾਲਮੀਕ ਦੀ ਸੋਨ ਰੰਗੀ ਮੂਰਤੀ ਸਥਾਪਤ ਕੀਤੀ ਹੈ। ਮੰਦਿਰ ਤੋਂ ਇਲਾਵਾ ਸਰਾਂ ਅਤੇ ਸਤਿਸੰਗ ਭਵਨ ਵੀ ਬਣਾਇਆ ਗਿਆ ਹੈ। ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਗਲੇ ਪੰਜ ਸਾਲਾਂ ਵਿੱਚ ਦਸ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਕੇਂਦਰੀ ਯੋਜਨਾ ਹੇਠ ਗੈਸ ਕੁਨੈਕਸ਼ਨ ਦਿੱਤੇ ਜਾਣਗੇ। ਇਸ ਸਮਾਗਮ ਨੂੰ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ, ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਸੰਬੋਧਨ ਕੀਤਾ।

## ਖਾਲੀ ਪੰਡਾਲ ਨੇ ਅਧਿਕਾਰੀਆਂ ਨੂੰ ਫ਼ਿਕਰਾਂ 'ਚ ਪਾਇਆ

ਸਮਾਗਮ ਦੌਰਾਨ ਪੰਡਾਲ ਵਿੱਚ ਰੌਣਕ ਘੱਟ ਹੋਣ ਕਾਰਨ ਅਕਾਲੀ ਆਗੂਆਂ ਅਤੇ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸੇ ਕਾਰਨ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਲਗਭਗ ਦੋ ਘੰਟੇ ਦੇਰ ਨਾਲ ਪੁੱਜੇ। ਸਰਕਾਰੀ ਸਮਾਗਮ ਵਾਸਤੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਅਤੇ ਕਸਬਿਆਂ ਤੋਂ ਲੋਕਾਂ ਨੂੰ ਲਿਆਉਣ ਲਈ ਸਕੂਲੀ ਵਾਹਨਾਂ ਦੀ ਵਰਤੋਂ ਕੀਤੀ ਗਈ। ਵਰਨਣਯੋਗ ਹੈ ਕਿ ਸਵੇਰੇ 10 ਵਜੇ ਰੱਖੇ ਗਏ ਸਮਾਗਮ ਲਈ ਵਿਸ਼ਾਲ ਪੰਡਾਲ ਬਣਾਇਆ ਗਿਆ ਸੀ, ਜਦੋਂ 12 ਵਜੇ ਤੱਕ ਵੀ ਪੰਡਾਲ ਵਿਚ ਗਿਣਤੀ ਦੇ ਲੋਕ ਹੀ ਪੁੱਜੇ ਤਾਂ ਖਾਲੀ ਕੁਰਸੀਆਂ ਦੇਖ ਕੇ ਪ੍ਰਬੰਧਕਾਂ ਤੇ ਪੁਲੀਸ ਅਧਿਕਾਰੀਆਂ ਦੇ ਚਿਹਰੇ ਮੁਰਝਾ ਗਏ। ਬਾਅਦ ਵਿੱਚ ਕਿਸੇ ਤਰ੍ਹਾਂ ਲੋਕ ਤਾਂ ਪੁੱਜ ਗਏ ਪਰ ਪੰਡਾਲ ਦਾ ਵੱਡਾ ਹਿੱਸਾ ਫਿਰ ਵੀ ਲੋਕਾਂ ਤੋਂ ਸੱਖਣਾ ਰਿਹਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਭਾਵੇਂ ਰਾਮ ਤੀਰਥ ਵਿਚ ਪੁੱਜ ਕੇ ਮੰਦਰ ਤੇ ਪੈਨੋਰਮਾ ਦਾ ਉਦਘਾਟਨ ਕਰ ਚੁੱਕੇ ਸਨ, ਪਰ ਉਹ ਪੰਡਾਲ ਵਿਚ ਉਦੋਂ ਹੀ ਪੁੱਜੇ ਜਦੋਂ ਪੰਡਾਲ ਵਿੱਚ ਲੋਕਾਂ ਦੀ ਕੁੱਝ ਆਮਦ ਹੋ ਚੁੱਕੀ ਸੀ। ਇਸ ਮੌਕੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਅਨਿਲ ਜੋਸ਼ੀ, ਸੋਹਣ ਸਿੰਘ ਠੰਡਲ, ਸੁਰਜੀਤ ਸਿੰਘ ਰੱਖੜਾ, ਅਜੀਤ ਸਿੰਘ ਕੋਹਾੜ, ਡਾ: ਦਲਜੀਤ ਸਿੰਘ ਚੀਮਾ, ਵਿਧਾਇਕ ਬੀਬੀ ਜਗੀਰ ਕੌਰ ਵੀ ਹਾਜ਼ਰ ਸਨ।

## ਪੋਸਟਰ ਵਿਚ ਬਾਦਲ ਦੇ ਮੂੰਹ 'ਤੇ ਮਲੀ ਕਾਲਖ

**ਤਰਨਤਾਰਨ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ 8 ਦਸੰਬਰ ਨੂੰ ਮੋਗਾ ਵਿਚ ਹੋਣ ਵਾਲੀ ਰੈਲੀ ਦੇ ਪੋਸਟਰ, ਸੂਬੇ ਭਰ ਵਿੱਚ ਥਾਂ ਥਾਂ 'ਤੇ ਲਾਏ ਗਏ ਹਨ। ਇਸ ਰੈਲੀ ਤੋਂ ਸ਼੍ਰੋਮਣੀ ਅਕਾਲੀ ਦਲ 2017 ਪੰਜਾਬ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦਾ ਬਿਗੁਲ ਵਜਾ ਦੇਵੇਗਾ। ਇਸ ਰੈਲੀ ਨੂੰ ਸਫਲ ਬਣਾਉਣ ਲਈ ਥਾਂ ਥਾਂ ਹੋਰਡਿੰਗਜ ਲਗਾਈਆਂ ਗਈਆਂ ਹਨ। ਪਰ ਪੰਜਾਬ ਸਰਕਾਰ ਦੀਆਂ ਕਾਰਗੁਜ਼ਾਰੀਆਂ ਤੋਂ ਨਾਖੁਸ਼ ਲੋਕ ਇਨ੍ਹਾਂ ਪੋਸਟਰਾਂ 'ਤੇ ਹੀ ਆਪਣਾ ਗੁੱਸਾ ਕੱਢ ਰਹੇ ਹਨ। ਤਰਨਤਾਰਨ ਵਿਚ ਨੈਸ਼ਨਲ ਹਾਈਵੇ 'ਤੇ ਲਾਈ ਅਕਾਲੀ ਦਲ ਦੀ ਹੋਰਡਿੰਗ 'ਤੇ ਲੱਗੀ ਮੁੱਖ ਮੰਤਰੀ ਬਾਦਲ ਦੀ ਤਸਵੀਰ 'ਤੇ ਕਾਲਸ ਲਗਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਅਪਸ਼ਬਦ ਵੀ ਲਿਖੇ ਗਏ ਹਨ। ਹੋਰਡਿੰਗ 'ਤੇ ਕਾਲਸ ਕਿਸ ਨੇ ਥੋਪੀ, ਇਹ ਪਤਾ ਨਹੀਂ ਲੱਗ ਸਕਿਆ ਹੈ। ਕਿਉਂਕਿ ਸਥਾਨਕ ਲੋਕਾਂ ਮੁਤਾਬਕ ਇਹ ਰਾਤ ਨੂੰ ਹੀ ਕੀਤਾ ਗਿਆ ਹੋਵੇਗਾ। ਸਵਾਲ ਇਹ ਵੀ ਹੈ ਕਿ ਕੀ ਇਹ ਕਿਸੇ ਵਿਰੋਧੀ ਪਾਰਟੀ ਦੀ ਸਾਜਿਸ਼ ਹੈ ਜਾਂ ਸਿਰਫ ਆਮ ਲੋਕਾਂ ਦਾ ਗੁੱਸਾ ?

# ਅਕਾਲੀ ਦਲ ਦੀ ਪ੍ਰਚਾਰ ਮੁਹਿੰਮ ਨੂੰ ਝਟਕਾ, ਜਨਤਕ ਥਾਵਾਂ ਤੋਂ ਇਸ਼ਤਿਹਾਰਬਾਜ਼ੀ ਹਟਾਉਣ ਦੇ ਨਿਰਦੇਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੀ ਪ੍ਰਚਾਰ ਮੁਹਿੰਮ ਨੂੰ ਝਟਕਾ ਦਿੰਦਿਆਂ ਚੋਣ ਕਮਿਸ਼ਨ ਨੇ ਹਾਕਮ ਧਿਰ ਵੱਲੋਂ ਜਨਤਕ ਥਾਵਾਂ 'ਤੇ ਕੀਤੀ ਸਿਆਸੀ ਇਸ਼ਤਿਹਾਰਬਾਜ਼ੀ ਹਟਾਉਣ ਦੇ ਨਿਰਦੇਸ਼ ਦਿੱਤੇ ਹਨ। ਰਾਜ ਦੇ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕੋਈ ਵੀ ਰਾਜਨੀਤਕ ਪਾਰਟੀ ਸਰਕਾਰੀ ਥਾਵਾਂ ਦੀ ਵਰਤੋਂ ਰਾਜਸੀ ਲਾਭ ਖਾਤਰ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਸਮੂਹ ਡਿਪਟੀ ਕਮਿਸ਼ਨਰਾਂ ਅਤੇ ਸਬੰਧਤ ਵਿਭਾਗਾਂ ਦੇ ਮੁਖੀਆਂ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਸਮੁੱਚੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਜਨਤਕ ਤੇ ਪ੍ਰਾਈਵੇਟ ਇਮਾਰਤਾਂ ਅਤੇ ਪੁਲਾਂ 'ਤੇ ਭਰਵੀਂ ਇਸ਼ਤਿਹਾਰਬਾਜ਼ੀ ਕੀਤੀ ਹੋਈ ਹੈ। ਕਾਂਗਰਸ ਅਤੇ 'ਆਪ' ਨੇ ਤਾਂ ਆਮ ਤੌਰ 'ਤੇ ਪ੍ਰਾਈਵੇਟ ਇਮਾਰਤਾਂ ਨੂੰ ਹੀ ਇਸ਼ਤਿਹਾਰਾਂ ਲਈ ਵਰਤਿਆ ਹੈ ਪਰ ਹਾਕਮ ਧਿਰ ਨੇ ਸਰਕਾਰੀ ਇਮਾਰਤਾਂ ਦੀ ਰਾਜਸੀ ਹਿੱਤਾਂ ਲਈ ਖੁੱਲ੍ਹੀ ਵਰਤੋਂ ਕੀਤੀ ਹੈ।



ਹਾਕਮ ਧਿਰ ਲਈ ਇਸ਼ਤਿਹਾਰਬਾਜ਼ੀ 'ਤੇ ਜ਼ਿਆਦਾਤਰ ਪੈਸਾ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਖਰਚਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕੰਧਾਂ 'ਤੇ ਕੀਤੀ ਇਸ਼ਤਿਹਾਰਬਾਜ਼ੀ ਦੇ 15 ਤੋਂ 16 ਰੁਪਏ ਵਰਗ ਫੁੱਟ ਦੇ ਹਿਸਾਬ ਨਾਲ ਅਦਾ ਕੀਤੇ ਗਏ ਹਨ। ਚੋਣ ਵਰ੍ਹਾ ਹੋਣ ਕਾਰਨ ਵਿਭਾਗ ਦਿਲ ਖੋਲ੍ਹ ਕੇ ਖ਼ਰਚ ਕਰ ਰਿਹਾ ਹੈ। ਵਿਭਾਗ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਦੱਸਿਆ ਕਿ ਸ਼ਹਿਰੀ ਖੇਤਰਾਂ ਵਿੱਚ ਹੋਰਡਿੰਗ ਲਾਉਣ ਦਾ ਖ਼ਰਚ ਹੀ ਸਾਲ ਦਾ ਸਵਾ ਕਰੋੜ ਰੁਪਏ ਅਦਾ ਕੀਤਾ ਜਾ ਰਿਹਾ ਹੈ। ਹੋਰਡਿੰਗਜ਼ ਬਣਾਉਣ 'ਤੇ ਵੀ ਸਵਾ ਕਰੋੜ ਰੁਪਏ ਖ਼ਰਚੇ ਗਏ ਹਨ। ਇਸ਼ਤਿਹਾਰਾਂ ਲਈ ਸੰਚਾਰ ਦਾ ਕੋਈ ਵੀ ਸਾਧਨ ਨਹੀਂ ਛੱਡਿਆ ਗਿਆ। ਅਕਾਲੀ ਦਲ ਵੱਲੋਂ ਜਨਤਕ ਥਾਵਾਂ ਦੀ ਵਰਤੋਂ ਕਰਦਿਆਂ ਸਰਕਾਰੀ ਯੋਜਨਾਵਾਂ ਦਾ ਪ੍ਰਚਾਰ ਕਰ ਕੇ ਪਾਰਟੀ ਲਈ ਵੋਟਾਂ ਦੀ ਮੰਗ ਕੀਤੀ ਜਾ ਰਹੀ ਹੈ। ਪ੍ਰਚਾਰੀਆਂ ਜਾ ਰਹੀਆਂ ਸਰਕਾਰੀ ਯੋਜਨਾਵਾਂ ਵਿੱਚ ਆਟਾ-ਦਾਲ, ਕਿਸਾਨਾਂ ਨੂੰ ਮੁਫ਼ਤ ਬਿਜਲੀ, ਵਾਧੂ ਬਿਜਲੀ ਵਾਲਾ ਰਾਜ, ਮੁਫ਼ਤ ਸਿਹਤ ਬੀਮਾ, ਸਰਕਾਰੀ ਸਕੂਲਾਂ ਦੀਆਂ ਬੱਚੀਆਂ ਨੂੰ ਮੁਫ਼ਤ ਸਾਈਕਲ ਅਤੇ ਵਿਕਾਸ ਕਾਰਜਾਂ ਦਾ ਲੰਮਾ ਚੌੜਾ ਚਿੱਠਾ ਪੇਸ਼ ਕੀਤਾ ਗਿਆ ਹੈ। ਇਸ਼ਤਿਹਾਰਬਾਜ਼ੀ ਭਾਵੇਂ ਤਿੰਨਾਂ ਮੁੱਖ ਪਾਰਟੀਆਂ ਨੇ ਕੀਤੀ ਹੈ ਪਰ ਵੱਡਾ ਝਟਕਾ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਿਆ ਹੈ ਕਿਉਂਕਿ ਇਸ ਪਾਰਟੀ ਦੇ ਵਧੇਰੇ ਇਸ਼ਤਿਹਾਰ ਸਰਕਾਰੀ ਥਾਵਾਂ 'ਤੇ ਹੀ ਲੱਗੇ ਹੋਏ ਹਨ। ਕਮਿਸ਼ਨ ਨੇ ਡਿਪਟੀ ਕਮਿਸ਼ਨਰਾਂ ਤੇ ਲੋਕ ਨਿਰਮਾਣ ਵਿਭਾਗ ਨੂੰ ਇਸ਼ਤਿਹਾਰ ਤੁਰੰਤ ਹਟਾਉਣ ਲਈ ਕਿਹਾ ਹੈ। ਚੋਣ ਕਮਿਸ਼ਨ ਨੇ ਵੀ ਹਾਲ ਹੀ ਵਿੱਚ ਰਾਜਸੀ ਪਾਰਟੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਕੋਈ ਵੀ ਪਾਰਟੀ ਸਰਕਾਰੀ ਪੈਸੇ ਦੀ ਵਰਤੋਂ ਅਜਿਹੀ ਇਸ਼ਤਿਹਾਰਬਾਜ਼ੀ ਖਾਤਰ ਨਹੀਂ ਕਰ ਸਕਦੀ, ਜਿਸ ਤੋਂ ਸਿਆਸੀ ਲਾਭ ਮਿਲਦਾ ਹੋਵੇ। ਕਮਿਸ਼ਨ ਦੇ ਨਿਰਦੇਸ਼ਾਂ ਮੁਤਾਬਕ ਉਲੰਘਣਾ ਕਰਨ ਵਾਲੀ ਪਾਰਟੀ ਦਾ ਚੋਣ ਨਿਸ਼ਾਨ ਵੀ ਜ਼ਬਤ ਹੋ ਸਕਦਾ ਹੈ।

# ਜੇਲ੍ਹ ਬਰੇਕ ਕਾਂਡ ਮਾਮਲੇ 'ਚ ਚਾਰ ਸ਼ੱਕੀ ਹਿਰਾਸਤ ਵਿੱਚ ਲਏ

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਪੁਲੀਸ ਦੀ ਟੀਮ ਨੇ ਨਾਭਾ ਜੇਲ੍ਹ ਕਾਂਡ ਵਿੱਚ ਦੋ ਸ਼ੱਕੀ ਨੌਜਵਾਨਾਂ ਨੂੰ ਰਾਜਸਥਾਨ ਵਿੱਚੋਂ ਗ੍ਰਿਫ਼ਤਾਰ ਕੀਤਾ ਹੈ, ਜਦੋਂਕਿ ਦੋ ਹੋਰਾਂ ਨੂੰ ਪੰਜਾਬ ਵਿਚੋਂ ਹਿਰਾਸਤ ਵਿੱਚ ਲਿਆ ਹੈ। ਪਟਿਆਲਾ ਪੁਲੀਸ ਦੀ ਟੀਮ ਨੇ ਫ਼ਰਾਰ ਹੋਏ ਗੈਂਗਸਟਰਾਂ ਵੱਲੋਂ ਵਰਤੀ ਚਿੱਟੇ ਰੰਗ ਦੀ ਸਕਾਰਪੀਓ ਵੀ ਬਰਾਮਦ ਕਰ ਲਈ ਹੈ। ਇਨ੍ਹਾਂ ਚਾਰਾਂ ਵਿੱਚੋਂ ਦੋ ਸ਼ੱਕੀ ਵਿਅਕਤੀ ਡੇਰਾ ਸਿਰਸਾ ਦੇ ਪੰਜਾਬ ਵਿਚਲੇ ਡੇਰਾ ਸਲਾਬਤਪੁਰਾ ਦੇ ਮੁੱਖ ਪ੍ਰਬੰਧਕ ਜੋਰਾ ਸਿੰਘ ਦੇ ਰਿਸ਼ਤੇਦਾਰ ਹਨ। ਪੁਲੀਸ ਨੂੰ ਸ਼ੱਕ ਹੈ ਕਿ ਇਨ੍ਹਾਂ ਵੱਲੋਂ ਗੈਂਗਸਟਰ ਗੁਰਪ੍ਰੀਤ ਸੇਖੋਂ ਦੀ ਫ਼ਰਾਰ ਹੋਣ ਸਮੇਂ ਮਦਦ ਕੀਤੀ ਗਈ ਸੀ। ਸਕਾਰਪੀਓ ਗੱਡੀ ਵੀ ਗੈਂਗਸਟਰ ਸੇਖੋਂ ਦੀ ਦੱਸੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਪਟਿਆਲਾ ਪੁਲੀਸ ਦੀ ਟੀਮ ਵੱਲੋਂ ਬੀਤੀ ਰਾਤ ਜ਼ਿਲ੍ਹਾ ਗੰਗਾਨਗਰ ਦੇ ਪਿੰਡ ਕਿਸ਼ਨਪੁਰਾ ਅਤੇ ਪਿੰਡ 39 ਐਲ.ਐਨ.ਪੀ ਵਿੱਚ ਛਾਪਾ ਮਾਰਿਆ ਗਿਆ, ਜਿੱਥੋਂ ਦੋ ਸ਼ੱਕੀ ਵਿਅਕਤੀ ਹਿਰਾਸਤ ਵਿੱਚ ਲਏ ਹਨ। ਪੁਲੀਸ ਦੀ ਇੱਕ ਟੀਮ ਗੰਗਾਨਗਰ ਦੇ ਟਿੱਬੀ ਵਿਖੇ ਪੁੱਜੀ ਸੀ ਜੋ ਪੂਰਾ ਦਿਨ ਕਿਸੇ ਸ਼ੱਕੀ ਦਾ ਪਿੱਛਾ ਕਰਦੀ ਰਹੀ। ਬੀਕਾਨੇਰ ਰੇਂਜ ਦੇ ਆਈਜੀ ਬਿਪਨ ਕੁਮਾਰ ਪਾਂਡੇ ਨੇ ਦੱਸਿਆ ਕਿ ਪੰਜਾਬ ਤੇ ਰਾਜਸਥਾਨ ਪੁਲੀਸ ਵੱਲੋਂ ਸਾਂਝੀ ਮੁਹਿੰਮ ਚਲਾਈ ਗਈ ਅਤੇ ਦੋ ਸ਼ੱਕੀ ਵਿਅਕਤੀ ਹਿਰਾਸਤ ਵਿੱਚ ਲਏ ਹਨ ਜਿਨ੍ਹਾਂ ਨੂੰ ਪੰਜਾਬ ਪੁਲੀਸ ਲੈ ਗਈ ਹੈ। ਸੂਤਰਾਂ ਅਨੁਸਾਰ ਪੰਜਾਬ ਪੁਲੀਸ ਨੇ ਰਾਜਸਥਾਨ ਵਿਚੋਂ ਬਠਿੰਡਾ ਜ਼ਿਲ੍ਹੇ ਦੇ ਸਲਾਬਤਪੁਰਾ ਡੇਰੇ ਦੇ ਪ੍ਰਬੰਧਕ ਜੋਰਾ ਸਿੰਘ ਦੇ ਭਰਾ ਦਾ ਪੋਤੇ ਅੰਗਰੇਜ਼ ਸਿੰਘ ਅਤੇ ਮੋਗਾ ਜ਼ਿਲ੍ਹੇ ਦੇ ਪਿੰਡ ਮੰਗੇਵਾਲਾ ਦੇ ਗੁਰਪ੍ਰੀਤ ਸਿੰਘ ਜੋ ਅੱਗੇ ਅੰਗਰੇਜ਼ ਸਿੰਘ ਦਾ ਰਿਸ਼ਤੇਦਾਰ ਹੈ, ਨੂੰ ਰਾਜਸਥਾਨ ਵਿੱਚੋਂ ਫੜ ਕੇ ਹਿਰਾਸਤ ਵਿੱਚ ਲਿਆ ਹੈ।

ਸੂਤਰਾਂ ਅਨੁਸਾਰ ਗੁਰਪ੍ਰੀਤ ਸਿੰਘ ਮੰਗੇਵਾਲਾ ਨੇ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਦੀ ਮਦਦ ਕੀਤੀ ਸੀ



ਅਤੇ ਸੇਖੋਂ ਦੀ ਗੱਡੀ ਗੁਰਪ੍ਰੀਤ ਸਿੰਘ ਮੰਗੇਵਾਲਾ ਕੋਲ ਸੀ। ਜਦੋਂ ਪੁਲੀਸ ਨੇ ਪਿੱਛਾ ਕੀਤਾ ਤਾਂ ਗੁਰਪ੍ਰੀਤ ਸਿੰਘ ਮੰਗੇਵਾਲਾ ਨੇ ਆਪਣੇ ਰਿਸ਼ਤੇਦਾਰ ਅੰਗਰੇਜ਼ ਸਿੰਘ ਨੂੰ ਬਿਠਾ ਕੇ ਗੱਡੀ ਬਾਜਾਖਾਨਾ ਛੱਡ ਦਿੱਤੀ। ਇਸ ਮਗਰੋਂ ਗੁਰਪ੍ਰੀਤ ਮੰਗੇਵਾਲਾ ਅਤੇ ਅੰਗਰੇਜ ਰਾਜਸਥਾਨ ਚਲੇ ਗਏ। ਸੂਤਰਾਂ ਅਨੁਸਾਰ ਰਾਜਸਥਾਨ ਵਿੱਚੋਂ ਹੀ ਗੁਰਪ੍ਰੀਤ ਮੰਗੇਵਾਲਾ ਨੇ ਬਾਜਾਖਾਨਾ ਵਿੱਚ ਆਪਣੇ ਰਿਸ਼ਤੇਦਾਰ ਗੁਰਪ੍ਰੀਤ ਨੂੰ ਫੋਨ ਕਰਕੇ ਸਕਾਰਪੀਓ ਨੂੰ ਇੱਧਰ-ਉਧਰ ਕਰਨ ਵਾਸਤੇ ਆਖ ਦਿੱਤਾ। ਇਸ ਮਗਰੋਂ ਬਾਜਖਾਨਾ ਵਾਲੇ ਗੁਰਪ੍ਰੀਤ ਨੇ ਆਪਣੇ ਨਾਨਕੇ ਘਰ ਵਿੱਚ ਪਿੰਡ ਦਲ ਸਿੰਘ ਵਾਲਾ ਕੋਠੇ ਵਿਖੇ ਗੁਰਮੀਤ ਸਿੰਘ ਦੇ ਘਰ ਗੱਡੀ ਖੜ੍ਹੀ ਕਰ ਦਿੱਤੀ। ਪੁਲੀਸ ਨੇ ਗੁਰਪ੍ਰੀਤ ਮੰਗੇਵਾਲਾ, ਅੰਗੇਰਜ਼ ਸਿੰਘ, ਗੁਰਪ੍ਰੀਤ ਤੇ ਗੁਰਮੀਤ ਨੂੰ ਸ਼ੱਕ ਹੇਠ ਹਿਰਾਸਤ ਵਿੱਚ ਲੈ ਲਿਆ ਹੈ। ਸੂਤਰ ਦੱਸਦੇ ਹਨ ਕਿ ਡੇਰਾ ਆਗੂ ਨੇ ਬਚਾਅ ਲਈ ਕਥਿਤ ਤੌਰ 'ਤੇ ਸਰਕਾਰ ਤੱਕ ਤਾਰ ਖੜਕਾ ਦਿੱਤੀ ਤੇ ਚੋਣਾਂ ਨੇੜੇ ਹੋਣ ਕਰਕੇ ਪੁਲੀਸ ਨੂੰ ਢਿੱਲ ਵਰਤਣੀ ਪਈ। ਇਸ ਮਗਰੋਂ ਪੁਲੀਸ ਨੇ ਗੁਰਪ੍ਰੀਤ ਮੰਗੇਵਾਲਾ ਨੂੰ ਛੱਡ ਕੇ ਬਾਕੀ ਤਿੰਨ ਜਣਿਆਂ ਨੂੰ ਛੱਡ ਦਿੱਤਾ ਹੈ।

ਇਸੇ ਦੌਰਾਨ ਨਾਭਾ ਜੇਲ੍ਹ ਕਾਂਡ ਵਿੱਚੋਂ ਫ਼ਰਾਰ ਗੈਂਗਟਸਟਰਾਂ ਬਾਰੇ ਸਪਸ਼ਟ ਕਰਦੇ ਹੋਏ ਡੀਜੀਪੀ ਸੁਰੇਸ਼ ਅਰੋੜਾ ਨੇ ਦੱਸਿਆ ਹੈ ਕਿ ਚਾਰ ਸਾਥੀਆਂ ਨਾਲ ਜੇਲ੍ਹ ਵਿੱਚ ਫ਼ਰਾਰ ਹੋਏ ਗੈਂਗਸਟਰ ਗੁਰਪ੍ਰੀਤ ਸੇਖੋਂ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇੱਕ ਦਿਨ ਪਹਿਲਾਂ ਲੁਧਿਆਣਾ ਪੁਲੀਸ ਨੇ ਜਿਸ ਨੂੰ ਗ੍ਰਿਫ਼ਤਾਰ ਕੀਤਾ ਸੀ, ਉਹ ਗੁਰਪ੍ਰੀਤ ਲਹਿੰਬਰ ਸੀ, ਨਾ ਕਿ ਗੁਰਪ੍ਰੀਤ ਸੇਖੋਂ ਸੀ।

### ਡੇਰਾ ਪ੍ਰਬੰਧਕ ਵੱਲੋਂ ਰਿਸ਼ਤੇਦਾਰ ਦੀ ਸ਼ਮੂਲੀਅਤ ਤੋਂ ਇਨਕਾਰ

ਡੇਰਾ ਸਿਰਸਾ ਦੇ ਸਲਾਬਤਪੁਰਾ ਡੇਰਾ ਦੇ ਪ੍ਰਬੰਧਕ ਜੋਰਾ ਸਿੰਘ ਦਾ ਕਹਿਣਾ ਸੀ ਕਿ ਉਸ ਦੇ ਭਰਾ ਦਾ ਪੋਤਾ ਅੰਗਰੇਜ਼ ਸਿੰਘ ਰਾਜਸਥਾਨ ਵਿੱਚ ਟਰੈਕਟਰ ਲੈਣ ਗਿਆ ਸੀ ਅਤੇ ਪੁਲੀਸ ਨੇ ਉਸ ਨੂੰ ਭੁਲੇਖੇ ਨਾਲ ਚੁੱਕ ਲਿਆ ਤੇ ਉਸ ਦੀ ਜੇਲ੍ਹ ਕਾਂਡ ਵਿੱਚ ਕੋਈ ਭੂਮਿਕਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਪੁੱਛਗਿੱਛ ਕਰਨ ਮਗਰੋਂ ਉਸ ਨੂੰ ਛੱਡ ਦਿੱਤਾ ਹੈ। ਉਨ੍ਹਾਂ ਨੇ ਸਿਆਸੀ ਪਹੁੰਚ ਕਰਨ ਵਾਲੀ ਗੱਲ ਤੋਂ ਇਨਕਾਰ ਕੀਤਾ ਹੈ।

### ਪੁਲੀਸ ਦੇ ਹੱਥ ਲੱਗਿਆ ਅਹਿਮ ਸੁਰਾਗ

ਨਾਭਾ : ਨਾਭਾ ਦੀ ਉੱਚ ਸੁਰੱਖਿਆ ਜੇਲ੍ਹ ਵਿੱਚੋਂ ਪੁਲੀਸ ਦੀ ਵਰਦੀ ਵਿੱਚ ਆਏ ਹਮਲਾਵਰਾਂ ਵੱਲੋਂ ਛੁਡਾਏ ਗਏ ਦੋ ਖਾੜਕੂ ਤੇ ਚਾਰ ਗੈਂਗਸਟਰਾਂ ਦੀ ਘਟਨਾ ਦੇ ਮੁੱਖ ਮੁਲਜ਼ਮ ਪਰਮਿੰਦਰ ਸਿੰਘ ਪਿੰਦਾ, ਜਿਸ ਨੂੰ ਉਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਨਾਭਾ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲੀਸ ਨੇ ਮੁਲਜ਼ਮ ਦਾ 11 ਦਿਨਾਂ ਦਾ ਪੁਲੀਸ ਰਿਮਾਂਡ ਲਿਆ ਹੈ। ਇਸ ਸਬੰਧੀ ਐਸਐਸਪੀ ਪਟਿਆਲਾ ਵੱਲੋਂ ਬਿਆਨ ਵਿੱਚ ਦੱਸਿਆ ਗਿਆ ਕਿ ਨਾਭਾ ਜੇਲ੍ਹ ਵਿਚ ਵਾਪਰੀ ਘਟਨਾ ਤੋਂ ਇੱਕ ਦਿਨ ਪਹਿਲਾਂ ਸਾਰੇ ਕਥਿਤ ਹਮਲਾਵਰ (ਕੈਦੀਆਂ ਨੂੰ ਛੁਡਾਉਣ ਵਾਲੇ) ਗੁਰਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਮਾਂਗੇਵਾਲ, ਜ਼ਿਲ੍ਹਾ ਮੋਗਾ ਦੇ ਘਰ ਠਹਿਰੇ ਸਨ।

# ਨਾਭਾ ਜੇਲ੍ਹ ਕਾਂਡ : ਸਾਲ ਪਹਿਲਾਂ ਸੂਹ ਮਿਲਣ ਦੇ ਬਾਵਜੂਦ ਪੁਲੀਸ ਨੇ ਕੋਈ ਕਾਰਵਾਈ ਨਾ ਕੀਤੀ

**ਪਟਿਆਲਾ/ਬਿਊਰੋ ਨਿਊਜ਼ :** ਅਤਿ ਸੁਰੱਖਿਆ ਵਾਲੀ ਨਾਭਾ ਜੇਲ੍ਹ ਵਿਚ ਹਮਲੇ ਨੇ ਪੁਲੀਸ ਦੀ ਕਾਰਗੁਜ਼ਾਰੀ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਕਰੀਬ ਇਕ ਸਾਲ ਪਹਿਲਾਂ ਖ਼ੁਫ਼ੀਆ ਰਿਪੋਰਟ ਵਿਚ ਸ਼ੰਕਾ ਜ਼ਾਹਰ ਕੀਤੀ ਗਈ ਸੀ ਕਿ ਨਾਭਾ ਜੇਲ੍ਹ 'ਤੇ ਹਮਲਾ ਕੀਤਾ ਜਾ ਸਕਦਾ ਹੈ ਪਰ ਅਧਿਕਾਰੀਆਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਦਸਤਾਵੇਜ਼ਾਂ ਮੁਤਾਬਕ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਅਤੇ ਜੇਲ੍ਹ ਵਿਭਾਗ ਨੇ ਅੰਦਰੂਨੀ ਸੁਰੱਖਿਆ ਨਜ਼ਰਸਾਨੀ ਸਬੰਧੀ ਰਿਪੋਰਟ ਅਤੇ ਦਿੱਤੇ ਗਏ ਸੁਝਾਵਾਂ ਨੂੰ ਅਣਗੌਲਿਆਂ ਕੀਤਾ। ਰਿਪੋਰਟ ਵਿਚ ਸਪਸ਼ਟ ਤੌਰ 'ਤੇ ਕਿਹਾ ਗਿਆ ਕਿ ਖ਼ਾਲਿਸਤਾਨੀ ਦਹਿਸ਼ਤਗਰਦਾਂ ਨੂੰ ਛੁਡਾਉਣ ਦੀ ਕੋਸ਼ਿਸ਼ ਹੋ ਸਕਦੀ ਹੈ। ਤਤਕਾਲੀ ਆਈਜੀ ਜ਼ੋਨ ਦੀਆਂ ਹਦਾਇਤਾਂ ਤੋਂ ਬਾਅਦ ਦੀਨਾਨਗਰ ਪੁਲੀਸ ਸਟੇਸ਼ਨ 'ਤੇ ਪਿਛਲੇ ਸਾਲ ਹੋਏ ਦਹਿਸ਼ਤੀ ਹਮਲੇ ਦੇ ਕਰੀਬ ਇਕ ਮਹੀਨੇ ਬਾਅਦ ਇਹ ਰਿਪੋਰਟ ਤਿਆਰ ਕੀਤੀ ਗਈ ਸੀ ਜਿਸ ਨੂੰ ਐਸਐਸਪੀ, ਐਸਪੀ ਅਤੇ ਦੋ ਸੀਨੀਅਰ ਜੇਲ੍ਹ ਅਧਿਕਾਰੀਆਂ ਨੇ ਤਿਆਰ ਕੀਤਾ ਸੀ। ਅਧਿਕਾਰੀਆਂ ਨੇ ਨਾਭਾ ਜੇਲ੍ਹ ਦਾ ਦੌਰਾ ਕਰ ਕੇ ਉਥੇ ਕਈ ਖ਼ਾਮੀਆਂ ਗਿਣਾਈਆਂ ਅਤੇ ਫੌਰੀ ਇਹਤਿਆਤੀ ਕਦਮ ਚੁੱਕਣ ਦੇ ਸੁਝਾਅ ਦਿੱਤੇ ਸਨ ਜਿਨ੍ਹਾਂ ਵਿਚੋਂ ਕਈਆਂ 'ਤੇ ਅਜੇ ਤਕ ਅਮਲ ਨਹੀਂ ਕੀਤਾ ਗਿਆ। ਰਿਪੋਰਟ ਵਿਚ ਕਿਹਾ ਗਿਆ ਕਿ ਜੇਲ੍ਹ ਦੇ 14 ਟਾਵਰਾਂ ਅਤੇ ਬਾਹਰੀ ਗੇਟ ਦੀ ਸੁਰੱਖਿਆ ਲਈ 56 ਵਿਅਕਤੀ ਆਰਜ਼ੀ ਤੌਰ 'ਤੇ ਤਾਇਨਾਤ ਹਨ ਅਤੇ ਇਨ੍ਹਾਂ ਦੀ ਥਾਂ 'ਤੇ ਪੰਜਾਬ ਆਰਮਡ ਬਟਾਲੀਅਨ ਨੂੰ ਆਟੋਮੈਟਿਕ ਹਥਿਆਰਾਂ ਨਾਲ ਤਾਇਨਾਤ ਕਰਨ ਦਾ ਸੁਝਾਅ ਦਿੱਤਾ ਗਿਆ ਸੀ। ਇਸ ਦੇ ਨਾਲ ਮੇਨ ਗੇਟ ਮੂਹਰੇ ਚੈੱਕ ਨਾਕੇ ਲਾਉਣ ਲਈ ਕਿਹਾ ਗਿਆ ਸੀ ਅਤੇ ਜੇਕਰ ਇਹ ਕਦਮ ਚੁੱਕੇ ਗਏ ਹੁੰਦੇ ਤਾਂ ਗੈਂਗਸਟਰ ਆਸਾਨੀ ਨਾਲ ਜੇਲ੍ਹ ਨੇੜੇ ਫਟਕ ਨਹੀਂ ਸਕਦੇ ਸਨ। ਰਿਪੋਰਟ ਵਿਚ ਜੇਲ੍ਹ ਮੁਲਾਜ਼ਮਾਂ ਨੂੰ ਥ੍ਰੀ ਨੌਟ ਥ੍ਰੀ ਰਾਈਫ਼ਲਾਂ ਦੀ ਥਾਂ 'ਤੇ ਉਨ੍ਹਾਂ ਨੂੰ ਏਕੇ 47, ਐਸਐਲਆਰ ਅਤੇ ਐਲਐਮਜੀ ਵਰਗੇ ਆਧੁਨਿਕ ਹਥਿਆਰ ਦੇਣ ਲਈ ਕਿਹਾ ਗਿਆ ਹੈ। ਰਿਪੋਰਟ ਮੁਤਾਬਕ ਚਾਰ ਐਸਐਲਆਰ ਅਤੇ ਚਾਰ ਕਾਰਬਾਈਨਾਂ ਦੀ ਮੰਗ ਪੂਰੀ ਹੋ ਗਈ ਸੀ ਪਰ ਇਹ ਪ੍ਰਬੰਧ ਆਰਜ਼ੀ ਹਨ।

### ਮਿੰਟੂ ਦੇ ਪੁਲੀਸ ਰਿਮਾਂਡ ਵਿੱਚ ਵਾਧਾ

**ਨਵੀਂ ਦਿੱਲੀ :** ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇਐਲਐਫ) ਮੁਖੀ ਹਰਮਿੰਦਰ ਸਿੰਘ ਮਿੰਟੂ ਨੂੰ ਦਿੱਲੀ ਦੀ ਅਦਾਲਤ ਨੇ ਸੱਤ ਹੋਰ ਦਿਨਾਂ ਲਈ ਪੁਲੀਸ ਹਿਰਾਸਤ ਵਿਚ ਭੇਜ ਦਿੱਤਾ ਹੈ। ਅਦਾਲਤ ਨੇ ਪੁਲੀਸ ਨੂੰ ਕਿਹਾ ਹੈ ਕਿ ਲੋੜ ਪੈਣ 'ਤੇ ਮਿੰਟੂ ਨੂੰ ਹੱਥਕੜੀਆਂ ਲਾਈਆਂ ਜਾ ਸਕਦੀਆਂ ਹਨ। ਅਤਿ ਸੁਰੱਖਿਆ ਵਾਲੀ ਨਾਭਾ ਜੇਲ੍ਹ ਵਿਚੋਂ ਭੱਜਣ ਕਾਰਨ ਪੁਲੀਸ ਨੂੰ ਇਹ ਨਿਰਦੇਸ਼ ਦਿੱਤੇ ਗਏ ਹਨ। ਉੱਧਰ ਬਚਾਅ ਪੱਖ ਦੇ ਵਕੀਲ ਨੇ 12 ਦਸੰਬਰ ਤਕ ਪੁਲੀਸ ਹਿਰਾਸਤ ਵਿਚ ਭੇਜਣ ਦਾ ਵਿਰੋਧ ਕੀਤਾ।

# ਨੌਜਵਾਨ ਨੂੰ ਅਗਵਾ ਕਰਕੇ ਮਾਰਨ ਦੇ ਮਾਮਲੇ ਵਿੱਚ ਸਾਬਕਾ ਇੰਸਪੈਕਟਰ ਨੂੰ 24 ਸਾਲ ਬਾਅਦ ਕੈਦ

**ਪਟਿਆਲਾ/ਬਿਊਰੋ ਨਿਊਜ਼ :** ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਹੋਠੀਆਂ ਦੇ ਇੱਕ ਨੌਜਵਾਨ ਨੂੰ ਅਗਵਾ ਕਰਕੇ 'ਖਪਾਉਣ' ਦੇ ਚੌਵੀ ਸਾਲ ਪੁਰਾਣੇ ਇੱਕ ਕੇਸ ਦਾ ਫ਼ੈਸਲਾ ਸੁਣਾਉਂਦਿਆਂ ਪਟਿਆਲਾ ਸਥਿਤ ਸੀਬੀਆਈ ਕੋਰਟ ਵੱਲੋਂ ਇੱਕ ਇੰਸਪੈਕਟਰ ਬਲਬੀਰ ਸਿੰਘ (ਸੇਵਾਮੁਕਤ) ਨੂੰ ਸੱਤ ਸਾਲਾਂ ਦੀ ਕੈਦ ਅਤੇ ਗਿਆਰਾਂ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਕੇਸ ਫਾਈਲ ਅਨੁਸਾਰ ਇਸ ਪੁਲੀਸ ਅਧਿਕਾਰੀ ਵੱਲੋਂ ਨਿਰਮਲ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਹੋਠੀਆਂ ਨੂੰ ਉਸ ਵੇਲੇ ਅਗਵਾ ਕੀਤਾ ਸੀ, ਜਦੋਂ ਉਹ ਤਰਨ ਤਾਰਨ ਇਲਾਕੇ ਦੇ ਥਾਣਾ ਗੋਇੰਦਵਾਲ ਸਾਹਿਬ ਅਧੀਨ ਪੈਂਦੀ ਪੁਲੀਸ ਚੌਕੀ ਫਤਿਹਾਬਾਦ ਦੇ ਇੰਚਾਰਜ ਵਜੋਂ ਕਾਰਜਸ਼ੀਲ ਸੀ। 20/21 ਦਸੰਬਰ 1992 ਨੂੰ ਉਸ ਦੇ ਘਰੋਂ ਚੁੱਕੇ ਗਏ ਨਿਰਮਲ ਸਿੰਘ ਬਾਰੇ ਜਦੋਂ ਕੋਈ ਉੱਘ-ਸੁੱਘ ਨਾ ਨਿਕਲੀ ਤਾਂ ਦੋ ਸਾਲਾਂ ਬਾਅਦ 1995 ਵਿੱਚ ਉਸ ਦੇ ਇੱਕ ਪਰਿਵਾਰਕ ਮੈਂਬਰ ਵੱਲੋਂ ਪਟੀਸ਼ਨ ਦਾਇਰ ਕਰਕੇ ਇਹ ਮਾਮਲਾ ਹਾਈ ਕੋਰਟ ਦੇ ਧਿਆਨ ਵਿੱਚ ਲਿਆਂਦਾ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। ਜਿਸ 'ਤੇ ਹਾਈ ਕੋਰਟ ਵੱਲੋਂ ਸੀਬੀਆਈ ਨੂੰ ਮਾਮਲੇ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ। ਜਾਂਚ ਮੁਕੰਮਲ ਕਰਨ ਉਪਰੰਤ ਸੀ.ਬੀ.ਆਈ ਵੱਲੋਂ ਕੇਸ ਦਰਜ ਕੀਤਾ ਗਿਆ, ਜਿਸ ਤਹਿਤ ਪਟਿਆਲਾ ਸਥਿਤ ਸੀ.ਬੀ.ਆਈ. ਕੋਰਟ ਵਿੱਚ ਕੇਸ ਚੱਲਿਆ।

# ਭਗਵੰਤ ਮਾਨ ਖ਼ਿਲਾਫ਼ ਜਾਂਚ ਰਿਪੋਰਟ ਹੁਣ 9 ਦਸੰਬਰ ਨੂੰ ਆਏਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਸੰਸਦ ਭਵਨ ਦੀ ਵੀਡੀਓ ਬਣਾਉਣ ਦੇ ਮਾਮਲੇ ਦੀ ਜਾਂਚ ਕਰ ਰਹੇ ਸੰਸਦੀ ਪੈਨਲ ਨੂੰ ਇਸ ਸਬੰਧੀ ਰਿਪੋਰਟ ਦੇਣ ਲਈ ਸਪੀਕਰ ਸੁਮਿਤਰਾ ਮਹਾਜਨ ਨੇ ਇੱਕ ਹਫ਼ਤੇ ਦਾ ਸਮਾਂ ਹੋਰ ਦਿੱਤਾ ਹੈ। ਉਨ੍ਹਾਂ ਨੇ ਨਾਲ ਹੀ ਭਗਵੰਤ ਮਾਨ ਨੂੰ ਉਦੋਂ ਤੱਕ ਸੰਸਦ ਤੋਂ ਬਾਹਰ ਰਹਿਣ ਲਈ ਕਿਹਾ ਹੈ, ਜਦੋਂ ਤੱਕ ਮਾਮਲੇ



ਬਾਰੇ ਕੋਈ ਫ਼ੈਸਲਾ ਨਹੀਂ ਹੋ ਜਾਂਦਾ। ਸ੍ਰੀਮਤੀ ਮਹਾਜਨ ਨੇ ਕਿਹਾ ਕਿ 9 ਮੈਂਬਰੀ ਸੰਸਦੀ ਪੈਨਲ ਦੀ ਅਪੀਲ 'ਤੇ ਹੀ ਇਹ ਮੋਹਲਤ ਦਿੱਤੀ ਗਈ ਹੈ ਤੇ ਹੁਣ ਇਸ ਮਾਮਲੇ ਬਾਰੇ 9 ਦਸੰਬਰ ਨੂੰ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸ੍ਰੀ ਮਾਨ ਨੂੰ ਉਦੋਂ ਤੱਕ ਸੰਸਦ ਵਿੱਚ ਨਾ ਆਉਣ ਲਈ ਕਿਹਾ ਹੈ ਜਦੋਂ ਤੱਕ ਮਾਮਲੇ ਬਾਰੇ ਕੋਈ ਫ਼ੈਸਲਾ ਨਹੀਂ ਹੋ ਜਾਂਦਾ। ਸੰਗਰੂਰ ਤੋਂ ਸੰਸਦ ਮੈਂਬਰ ਮਾਨ ਨੇ ਆਪਣੀ ਗੱਡੀ ਦੇ ਸੁਰੱਖਿਆ ਬੈਰੀਕੇਡ ਲੰਘ ਕੇ ਸੰਸਦ ਕੰਪਲੈਕਸ ਵਿੱਚ ਦਾਖ਼ਲ ਹੋਣ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾ ਦਿੱਤੀ ਸੀ।

ਉਨ੍ਹਾਂ ਨੇ ਸੰਸਦ ਭਵਨ ਵਿਚਲੇ ਕਮਰਿਆਂ ਦੀ ਵੀਡੀਓ ਵੀ ਬਣਾਈ ਸੀ। ਇਸ ਘਟਨਾ ਤੋਂ ਇੱਕ ਹਫ਼ਤੇ ਬਾਅਦ 25 ਜੁਲਾਈ ਨੂੰ ਜਾਂਚ ਕਮੇਟੀ ਬਣਾਈ ਗਈ ਸੀ। ਸ੍ਰੀ ਮਾਨ ਨੇ ਇਹ ਕਹਿੰਦਿਆਂ ਆਪਣਾ ਬਚਾਅ ਦਾ ਯਤਨ ਕੀਤਾ ਸੀ ਕਿ ਉਹ ਕੇਵਲ ਲੋਕਾਂ ਨੂੰ ਦਿਖਾਉਣਾ ਚਾਹੁੰਦੇ ਸਨ ਕਿ ਸੰਸਦ ਵਿੱਚ ਕੰਮ-ਕਾਰ ਕਿਵੇਂ ਹੁੰਦਾ ਹੈ। ਦੂਜੇ ਪਾਸੇ ਪੈਨਲ ਦਾ ਕਹਿਣਾ ਹੈ ਕਿ ਸ੍ਰੀ ਮਾਨ ਲਿਖਤੀ ਰੂਪ ਵਿੱਚ ਆਪਣਾ ਪੱਖ ਪੈਨਲ ਅੱਗੇ ਰੱਖਣ।

# ਸੰਸਦ ਮਾਮਲੇ ਵਿੱਚ ਸਜ਼ਾ ਭੁਗਤਣ ਲਈ ਤਿਆਰ ਹਾਂ : ਮਾਨ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ 'ਸੰਸਦ ਸੁਰੱਖਿਆ ਮਾਮਲੇ' ਵਿੱਚ ਦੋਸ਼ੀ ਗਰਦਾਨੇ ਜਾਣ ਦੇ ਫ਼ੈਸਲੇ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਹਾਲੇ ਤੱਕ ਉਨ੍ਹਾਂ ਨੂੰ ਇਸ ਸਬੰਧੀ ਕੋਈ ਸਜ਼ਾ ਨਹੀਂ ਸੁਣਾਈ ਗਈ। ਜੇ ਕੋਈ ਸਜ਼ਾ ਮਿਲਦੀ ਹੈ ਤਾਂ ਉਹ ਖਿੜੇ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਕਿਹਾ ਕਿ ਨਾਭਾ ਜੇਲ੍ਹ ਕਾਂਡ ਲਈ ਕਈ ਸਿਆਸਤਦਾਨ ਪਾਕਿਸਤਾਨ ਨੂੰ ਜ਼ਿੰਮੇਵਾਰ ਦੱਸ ਰਹੇ ਹਨ ਪਰ ਅਸਲ ਵਿਚ ਸਿਆਸਤਦਾਨ ਹੀ ਇਸ ਮਾਮਲੇ ਨਾਲ ਜੁੜੇ ਹੋਏ ਹਨ।

ਸ੍ਰੀ ਮਾਨ ਨੇ ਕਿਹਾ ਕਿ 'ਆਪ' ਐਸਵਾਈਐਲ ਦੇ ਮੁੱਦੇ 'ਤੇ ਬਿਲਕੁਲ ਸਪਸ਼ਟ ਹੈ ਤੇ ਪੰਜਾਬ ਦੇ ਪਾਣੀ ਦੀ ਇੱਕ ਬੂੰਦ ਵੀ ਹਰਿਆਣਾ ਨੂੰ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਮੁਤਾਬਕ ਅਕਾਲੀ ਦਲ ਅਤੇ ਕਾਂਗਰਸ ਦੀ ਹਾਲਤ ਤਰਸਯੋਗ ਹੈ ਅਤੇ ਇਹ ਦੋਵੇਂ ਪਾਰਟੀਆਂ ਅੰਦਰੋਂ ਇੱਕੋ ਹਨ। ਦੋਵੇਂ ਪਾਰਟੀਆਂ ਵਾਰੀ ਸਿਰ ਸੱਤਾ ਸੰਭਾਲ ਕੇ ਮਨਮਰਜ਼ੀਆਂ ਕਰਦੀਆਂ ਹਨ। ਸੰਸਦ ਮੈਂਬਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕੋਈ ਸਿਆਸਤਦਾਨ ਉਨ੍ਹਾਂ ਨੂੰ ਪੈਸੇ ਦੇਵੇ ਤਾਂ ਉਹ ਪੈਸੇ ਲੈ ਲੈਣ, ਪਰ ਵੋਟਾਂ ਆਪਣੀ ਮਰਜ਼ੀ ਨਾਲ ਪਾਉਣ।

ਉਨ੍ਹਾਂ ਕਿਹਾ ਕਿ 'ਵੋਟ ਦਾ ਹੱਕ' ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਦਾ ਸਿੱਟਾ ਹੈ, ਜੇ ਆਜ਼ਾਦੀ ਨਾ ਮਿਲਦੀ ਤਾਂ ਦੇਸ਼ ਵਾਸੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਮਿਲਣਾ ਸੀ। ਉਹ ਇਥੇ ਆਮ ਆਦਮੀ ਪਾਰਟੀ ਦੇ ਹਲਕਾ ਮੁਕਤਸਰ ਤੋਂ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਦੇ ਹੱਕ ਵਿਚ ਚੋਣ ਰੈਲੀ ਕਰਨ ਮੰਡੀ ਬਰੀਵਾਲਾ ਪੁੱਜੇ ਹੋਏ ਸਨ।

# ਡੇਰਾ ਰਾਧਾ ਸੁਆਮੀ ਦੇ ਮੁਖੀ ਦੀ ਰਿਸ਼ਤੇਦਾਰ ਬਜ਼ੁਰਗ ਔਰਤ ਤੇ ਨੌਕਰਾਣੀ ਦਾ ਕਤਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਇਥੇ ਮਕਬੂਲ ਰੋਡ ਨੇੜੇ ਘਰ ਵਿੱਚ ਬਿਰਧ ਮਹਿਲਾ ਤੇ ਉਸ ਦੀ ਤਿਮਾਰਦਾਰੀ ਕਰਦੀ ਮਹਿਲਾ ਦਾ ਕਤਲ ਹੋ ਗਿਆ। ਇਨ੍ਹਾਂ ਵਿੱਚੋਂ ਇਕ ਡੇਰਾ ਰਾਧਾ ਸੁਆਮੀ ਦੇ ਮੁਖੀ ਦੀ ਰਿਸ਼ਤੇਦਾਰ ਦੱਸੀ ਗਈ ਹੈ। ਪੀੜਤਾਂ ਦੀ ਸ਼ਨਾਖ਼ਤ ਸ਼ੁਕਲਾ ਸੇਠ (80) ਅਤੇ ਉਸ ਦੀ ਸੇਵਾਦਾਰ ਮਨਜੀਤ ਕੌਰ (60) ਵਜੋਂ ਹੋਈ ਹੈ। ਪੁਲੀਸ ਨੂੰ ਸ਼ੱਕ ਹੈ ਕਿ ਕਤਲ ਪਿੱਛੇ ਲੁੱਟ ਖੋਹ ਦਾ ਮੰਤਵ ਹੈ। ਪੁਲੀਸ ਨੂੰ ਦੋਵਾਂ ਦੀਆਂ ਲਾਸ਼ਾਂ ਬੈੱਡਰੂਮ ਵਿੱਚੋਂ ਮਿਲੀਆਂ ਅਤੇ ਕਮਰਿਆਂ ਵਿੱਚ ਸਾਮਾਨ ਖਿਲਰਿਆ ਪਿਆ ਸੀ।

ਵੇਰਵਿਆਂ ਅਨੁਸਾਰ ਮ੍ਰਿਤਕ ਔਰਤ ਡੇਰਾ ਰਾਧਾ ਸੁਆਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਰਿਸ਼ਤੇਦਾਰ ਹੈ ਅਤੇ ਕਤਲ ਦੀ ਜਾਣਕਾਰੀ ਮਿਲਣ ਮਗਰੋਂ ਸ੍ਰੀ ਢਿੱਲੋਂ ਮੌਕੇ 'ਤੇ ਪੁੱਜ ਗਏ। ਉਨ੍ਹਾਂ ਸੀਨੀਅਰ ਪੁਲੀਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਲਗਪਗ ਅੱਧਾ ਘੰਟਾ ਘਟਨਾ ਵਾਲੀ ਥਾਂ 'ਤੇ ਰਹੇ। ਕੈਬਨਿਟ ਮੰਤਰੀ ਅਨਿਲ ਜੋਸ਼ੀ ਵੀ ਘਟਨਾ ਵਾਲੀ ਥਾਂ 'ਤੇ ਪੁੱਜੇ। ਪੁਲੀਸ ਕਮਿਸ਼ਨਰ ਲੋਕਨਾਥ ਆਂਗਰਾ, ਡਿਪਟੀ ਕਮਿਸ਼ਨਰ ਗਗਨਅਜੀਤ ਸਿੰਘ ਤੇ ਹੋਰਨਾਂ ਅਧਿਕਾਰੀਆਂ ਨੇ ਵੀ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ੱਕੀ ਵਿਅਕਤੀ ਖਿੜਕੀ ਦਾ ਸ਼ੀਸ਼ਾ ਤੋੜ ਕੇ ਘਰ ਵਿੱਚ ਦਾਖ਼ਲ ਹੋਏ ਅਤੇ ਘਟਨਾ ਨੂੰ ਅੰਜਾਮ ਦਿੱਤਾ। ਉਨ੍ਹਾਂ ਦੱਸਿਆ ਕਿ ਕਾਤਲਾਂ ਨੇ ਤੇਜ਼ਧਾਰ ਹਥਿਆਰ ਨਾਲ ਦੋਵਾਂ ਔਰਤਾਂ ਦੇ ਗਲੇ ਕੱਟ ਦਿੱਤੇ, ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ। ਘਰ ਵਿੱਚ ਸੀਸੀਟੀਵੀ ਕੈਮਰੇ ਨਹੀਂ ਸਨ, ਜਿਸ ਕਾਰਨ ਕਾਤਲਾਂ ਬਾਰੇ ਫ਼ਿਲਹਾਲ ਕੋਈ ਸੁਰਾਗ ਨਹੀਂ ਮਿਲਿਆ। ਇਸ ਘਟਨਾ ਬਾਰੇ ਸਵੇਰੇ ਉਦੋਂ ਪਤਾ ਲੱਗਾ, ਜਦੋਂ ਇਕ ਸੇਵਾਦਾਰ ਨੰਦ ਬਹਾਦਰ ਇਥੇ ਆਇਆ। ਉਸ ਨੇ ਦਰਵਾਜ਼ਾ ਖੜਕਾਇਆ, ਪਰ ਅੰਦਰੋਂ ਕੋਈ ਹੁੰਗਾਰਾ ਨਾ ਮਿਲਣ 'ਤੇ ਉਸ ਨੇ ਮਕਬੂਲ ਰੋਡ 'ਤੇ ਤਾਇਨਾਤ ਪੁਲੀਸ ਮੁਲਾਜ਼ਮਾਂ ਨੂੰ ਜਾਣਕਾਰੀ ਦਿੱਤੀ। ਡਿਪਟੀ ਕਮਿਸ਼ਨਰ ਕਿਹਾ ਕਿ ਮੁੱਢਲੇ ਤੌਰ 'ਤੇ ਦੋਹਰੇ ਕਤਲ ਪਿੱਛੇ ਘਰ ਵਿੱਚ ਲੁੱਟ ਹੀ ਮੁੱਖ ਮੰਤਵ ਲਗਦਾ ਹੈ। ਘਰ ਵਿੱਚ ਕੀ ਨੁਕਸਾਨ ਹੋਇਆ ਹੈ, ਇਸ ਬਾਰੇ ਪਰਿਵਾਰਕ ਮੈਂਬਰਾਂ ਤੋਂ ਹੀ ਜਾਣਕਾਰੀ ਮਿਲ ਸਕਦੀ ਹੈ। ਬਿਰਧ ਮਹਿਲਾ ਸ਼ੁਕਲਾ ਸੇਠ ਇਥੇ ਇਕੱਲੀ ਰਹਿੰਦੀ ਸੀ। ਉਸ ਦੀਆਂ ਦੋ ਧੀਆਂ ਵਿਆਹੀਆਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਇਕ ਚੰਡੀਗੜ੍ਹ ਅਤੇ ਦੂਜੀ ਦਿੱਲੀ ਵਿੱਚ ਹੈ। ਉਸ ਦੀ ਸਾਂਭ ਸੰਭਾਲ ਲਈ ਮਨਜੀਤ ਕੌਰ ਨਾਲ ਰਹਿੰਦੀ ਸੀ, ਜੋ ਕਿ ਤਲਾਕਸ਼ੁਦਾ ਸੀ। ਸ੍ਰੀਮਤੀ ਸੇਠ ਦੇ ਪਤੀ ਜਨਕ ਰਾਜ ਦੀ ਕਈ ਸਾਲ ਪਹਿਲਾਂ ਮੌਤ ਹੋ ਗਈ ਸੀ।

# ਅੰਮ੍ਰਿਤਸਰ 'ਚ 'ਹਾਰਟ ਆਫ਼ ਏਸ਼ੀਆ ਕਾਨਫਰੰਸ' ਦੌਰਾਨ ਅੱਤਵਾਦ ਖ਼ਿਲਾਫ਼ ਲਿਆ ਅਹਿਦ

ਅੰਮ੍ਰਿਤਸਰ/ਬਿਊਰੋ ਨਿਊਜ਼ :
ਇਥੇ ਦੋ ਦਿਨਾ ਹਾਰਟ ਆਫ ਏਸ਼ੀਆ ਕਾਨਫਰੰਸ ਦੌਰਾਨ ਜਿੱਥੇ ਏਸ਼ਿਆਈ ਮੁਲਕਾਂ ਵਿਚੋਂ ਅੱਤਵਾਦ ਖ਼ਤਮ ਕਰਨ ਦਾ ਅਹਿਦ ਲਿਆ ਗਿਆ। ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ ਸਮੇਤ ਏਸ਼ਿਆਈ ਮੁਲਕਾਂ ਵਿੱਚ ਸੁਰੱਖਿਆ ਤੇ ਅਮਨ-ਸ਼ਾਂਤੀ ਲਈ ਖ਼ਤਰਾ ਬਣੇ ਦਹਿਸ਼ਤਵਾਦ ਨੂੰ ਖ਼ਤਮ ਕਰਨ, ਅਫ਼ਗਾਨਿਸਤਾਨ ਵਿੱਚ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਖੇਤਰੀ ਸੰਪਰਕ ਨੂੰ ਵਧੇਰੇ ਮਜ਼ਬੂਤ ਬਣਾਉਣ ਅਤੇ ਉਸ ਦੀ ਖ਼ੁਸ਼ਹਾਲੀ ਲਈ ਵਿਕਾਸ ਵਾਸਤੇ ਯਤਨ ਕਰਨ ਸਬੰਧੀ ਅਹਿਦ ਲਿਆ ਗਿਆ। ਇਸ ਦੇ ਨਾਲ ਹੀ ਅਗਲੀ ਕਾਨਫਰੰਸ 2017 ਵਿੱਚ ਅਜ਼ਰਬਾਇਜਾਨ ਵਿੱਚ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਕਾਨਫਰੰਸ ਦੇ ਮੰਚ ਤੋਂ ਦਹਿਸ਼ਤਵਾਦ ਦੇ ਮੁੱਦੇ ਨੂੰ ਵੱਡੇ ਪੱਧਰ 'ਤੇ ਉਭਾਰ ਕੇ ਭਾਰਤ ਨੇ ਪਾਕਿਸਤਾਨ ਨੂੰ ਮੁੜ ਸਖ਼ਤ ਚਿਤਾਵਨੀ ਦਿੱਤੀ ਕਿ ਉਹ ਆਪਣੀ ਧਰਤੀ ਤੋਂ ਦਹਿਸ਼ਤਵਾਦ ਨੂੰ ਖ਼ਤਮ ਕਰੇ। ਪਾਕਿਸਤਾਨੀ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਸਰਤਾਜ ਅਜ਼ੀਜ਼ ਦੀ ਹਾਜ਼ਰੀ ਵਿਚ ਇਹ ਅਹਿਸਾਸ ਕਰਾਉਣ ਦਾ ਯਤਨ ਕੀਤਾ ਗਿਆ ਕਿ ਪਾਕਿਸਤਾਨ ਅਤਿਵਾਦ ਨੂੰ ਸ਼ਹਿ ਦੇ ਰਿਹਾ ਹੈ, ਜਿਸ ਕਾਰਨ ਉਹ ਅੰਤਰਰਾਸ਼ਟਰੀ ਪੱਧਰ 'ਤੇ ਇਕੱਲਾ ਪੈ ਰਿਹਾ ਹੈ। ਸ੍ਰੀ ਅਜ਼ੀਜ਼ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਕੋਈ ਦੁਵੱਲੀ ਗੱਲਬਾਤ ਨਹੀਂ ਹੋਈ ਹੈ। ਕਾਨਫਰੰਸ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗ਼ਨੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਮਗਰੋਂ ਅੰਮ੍ਰਿਤਸਰ ਐਲਾਨਨਾਮਾ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਅਤੇ ਅਫ਼ਗਾਨਿਸਤਾਨ ਦੇ ਵਿਦੇਸ਼ ਮਾਮਲਿਆਂ ਬਾਰੇ ਉਪ ਮੰਤਰੀ ਹਿਕਮਤ ਖਲੀਲ ਕਰਜ਼ਈ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ। ਕਾਨਫਰੰਸ ਵਿੱਚ ਦਹਿਸ਼ਤਵਾਦ ਗੱਲਬਾਤ ਦਾ ਮੁੱਖ ਧੁਰਾ ਬਣਿਆ ਰਿਹਾ ਅਤੇ ਪਾਕਿਸਤਾਨ ਨੂੰ ਅਤਿਵਾਦ 'ਤੇ ਤੁਰੰਤ ਨੱਥ ਪਾਉਣ ਦਾ ਸੁਨੇਹਾ ਵੀ ਦਿੱਤਾ ਗਿਆ।



ਅੰਮ੍ਰਿਤਸਰ ਵਿੱਚ 'ਹਾਰਟ ਆਫ ਏਸ਼ੀਆ ਕਾਨਫਰੰਸ' ਦੌਰਾਨ ਦੁਵੱਲੀ ਗੱਲਬਾਤ ਵੇਲੇ ਕੋਈ ਨੁਕਤਾ ਸਾਂਝਾ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਫ਼ਗਾਨ ਰਾਸ਼ਟਰਪਤੀ ਅਸ਼ਰਫ਼ ਗਨੀ।

ਸਾਂਝੇ ਐਲਾਨਨਾਮੇ, ਜਿਸ ਨੂੰ 45 ਮੁਲਕਾਂ ਦੇ ਨੁਮਾਇੰਦਿਆਂ ਨੇ ਸਮਰਥਨ ਦਿੱਤਾ ਹੈ, ਵਿੱਚ ਦਹਿਸ਼ਤਵਾਦ ਨੂੰ ਸਥਾਈ ਸ਼ਾਂਤੀ ਦੀ ਸਥਾਪਤੀ ਦੇ ਰਾਹ ਵਿੱਚ ਮੁੱਖ ਅੜਿੱਕਾ ਕਰਾਰ ਦਿੱਤਾ ਗਿਆ। ਐਲਾਨਨਾਮੇ ਦੇ ਵੇਰਵੇ ਪ੍ਰੈੱਸ ਕਾਨਫਰੰਸ ਵਿਚ ਜਨਤਕ ਕਰਦਿਆਂ ਸ੍ਰੀ ਜੇਤਲੀ ਨੇ ਦੱਸਿਆ ਕਿ ਅਤਿਵਾਦ ਨੂੰ ਆਰਥਿਕ ਸਮਰਥਨ ਅਤੇ ਸੁਰੱਖਿਅਤ ਟਿਕਾਣੇ ਮੁਹੱਈਆ ਕਰਾਉਣ ਦੀ ਸਖ਼ਤ ਆਲੋਚਨਾ ਕਰਦਿਆਂ ਹਰ ਤਰ੍ਹਾਂ ਦੇ ਅਤਿਵਾਦ ਨੂੰ ਖ਼ਤਮ ਕਰਨ ਦਾ ਅਹਿਦ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਵਾਰ ਹਾਰਟ ਆਫ ਏਸ਼ੀਆ ਕਾਨਫਰੰਸ ਵਿੱਚ ਦਹਿਸ਼ਤੀ ਜਥੇਬੰਦੀਆਂ ਅਲ ਕਾਇਦਾ, ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਦਾਇਸ਼ ਤੋਂ ਅਫ਼ਗਾਨਿਸਤਾਨ ਵਿੱਚ ਹਿੰਸਕ ਕਾਰਵਾਈਆਂ ਨਾਲ ਖੇਤਰੀ ਮੁਲਕਾਂ ਨੂੰ ਪੈਦਾ ਹੋਏ ਖਤਰੇ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਐਲਾਨਨਾਮੇ ਰਾਹੀਂ ਦਹਿਸ਼ਤਵਾਦ ਦੇ ਖ਼ਾਤਮੇ ਲਈ ਕੌਮਾਂਤਰੀ ਸਹਿਯੋਗ ਦੀ ਮੰਗ ਕਰਦਿਆਂ ਅੰਤਰਰਾਸ਼ਟਰੀ ਦਹਿਸ਼ਤਵਾਦ ਮੁੱਦੇ 'ਤੇ ਜਲਦੀ ਸੰਮੇਲਨ ਸੱਦਣ ਲਈ ਦਸਤਾਵੇਜ਼ ਤਿਆਰ ਕਰਨ ਲਈ ਆਖਿਆ ਗਿਆ। ਅਫ਼ਗਾਨਿਸਤਾਨ ਸਮੇਤ ਖੇਤਰੀ ਦਹਿਸ਼ਤਵਾਦ ਨੂੰ ਨੱਥ ਪਾਉਣ ਲਈ ਮਾਹਰਾਂ ਦੀ ਰਾਇ ਲੈ ਕੇ ਰਣਨੀਤੀ ਨੂੰ ਅੰਤਿਮ ਰੂਪ ਦੇਣ ਲਈ ਆਖਿਆ ਗਿਆ।

ਹਾਰਟ ਆਫ ਏਸ਼ੀਆ ਨਾਲ ਜੁੜੇ ਮੁਲਕਾਂ ਵੱਲੋਂ ਅਫ਼ਗਾਨਿਸਤਾਨ ਵਿੱਚ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਸਹਿਯੋਗ ਦੇਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਚਾਬਹਾਰ ਯੋਜਨਾ ਤਹਿਤ ਭਾਰਤ, ਇਰਾਨ ਅਤੇ ਅਫ਼ਗਾਨਿਸਤਾਨ ਵਿਚਾਲੇ ਰੇਲ ਸੰਪਰਕ ਨੂੰ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਯਤਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਭਾਰਤ ਵੱਲੋਂ ਅਫ਼ਗਾਨਿਸਤਾਨ ਨਾਲ ਦੁਵੱਲੇ ਸੰਪਰਕ ਮਜ਼ਬੂਤ ਕਰਨ ਦਾ ਭਰੋਸਾ ਦਿੱਤਾ ਗਿਆ। ਅਫ਼ਗਾਨਿਸਤਾਨ ਦੀ ਖੁਸ਼ਹਾਲੀ ਅਤੇ ਦਹਿਸ਼ਤਵਾਦ ਦੇ ਖ਼ਾਤਮੇ ਲਈ ਭਾਰਤ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਵੱਖ-ਵੱਖ ਮੁਲਕਾਂ ਨੇ ਸ਼ਲਾਘਾ ਵੀ ਕੀਤੀ ਹੈ।

ਇਸ ਤੋਂ ਪਹਿਲਾਂ ਸ੍ਰੀ ਨਰਿੰਦਰ ਮੋਦੀ ਨੇ ਆਪਣੇ ਸੰਬੋਧਨ ਵਿਚ ਪਾਕਿਸਤਾਨ ਦਾ ਨਾਮ ਲਏ ਬਿਨਾਂ ਦਹਿਸ਼ਤਵਾਦ ਨੂੰ ਮੁੱਖ ਧੁਰਾ ਬਣਾਇਆ। ਉਨ੍ਹਾਂ ਆਖਿਆ, "ਦਹਿਸ਼ਤਵਾਦ ਸਿਰਫ਼ ਅਫ਼ਗਾਨਿਸਤਾਨ ਲਈ ਹੀ ਨਹੀਂ ਸਗੋਂ ਏਸ਼ੀਆ ਦੇ ਕਈ ਮੁਲਕਾਂ ਦੀ ਸ਼ਾਂਤੀ ਲਈ ਖਤਰਾ ਬਣਿਆ ਹੋਇਆ ਹੈ। ਇਸ ਵੇਲੇ ਅਫ਼ਗਾਨਿਸਤਾਨ ਵਿੱਚ ਸ਼ਾਂਤੀ ਲਈ ਹਾਅ ਦਾ ਨਾਅਰਾ ਮਾਰਨਾ ਹੀ ਕਾਫੀ ਨਹੀਂ ਹੈ। ਸਗੋਂ ਦਹਿਸ਼ਤਵਾਦੀ ਤਾਕਤਾਂ ਨੂੰ ਸਮਰਥਨ ਦੇਣ ਵਾਲਿਆਂ ਨੂੰ ਨਕਾਰਨਾ ਵੀ ਜ਼ਰੂਰੀ ਹੈ।" ਸ੍ਰੀ ਮੋਦੀ ਨੇ ਕਿਹਾ ਕਿ ਜਿਹੜੀਆਂ ਤਾਕਤਾਂ ਦਹਿਸ਼ਤਵਾਦ ਦਾ ਸਮਰਥਨ, ਉਨ੍ਹਾਂ ਨੂੰ ਮਾਇਕ ਮਦਦ, ਸਿਖਲਾਈ ਅਤੇ ਆਪਣੇ ਮੁਲਕ ਵਿੱਚ ਆਸਰਾ ਦੇ ਰਹੀਆਂ ਹਨ, ਉਨ੍ਹਾਂ ਦੀ ਸ਼ਨਾਖਤ ਕਰ ਕੇ ਨਕਾਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਜੇਕਰ ਹੁਣ ਵੀ ਖਾਮੋਸ਼ ਰਹੇ ਅਤੇ ਅਤਿਵਾਦ ਖਿਲਾਫ਼ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਤਾਂ ਇਹ ਅਤਿਵਾਦ ਅਤੇ ਅਤਿਵਾਦ ਨੂੰ ਸ਼ਹਿ ਦੇਣ ਵਾਲਿਆਂ ਨੂੰ ਉਤਸ਼ਾਹਿਤ ਕਰਨ ਵਾਂਗ ਹੋਵੇਗਾ। ਪ੍ਰਧਾਨ ਮੰਤਰੀ ਨੇ ਅਫ਼ਗਾਨਿਸਤਾਨ ਵਿੱਚ ਅਤਿਵਾਦ ਦੇ ਖ਼ਾਤਮੇ, ਸ਼ਾਂਤੀ ਦੀ ਸਥਾਪਤੀ ਅਤੇ ਵਿਕਾਸ ਵਾਸਤੇ ਭਾਰਤ ਦਾ ਸਮਰਥਨ ਜਾਰੀ ਰੱਖਣ ਦਾ ਵਾਅਦਾ ਕੀਤਾ। ਅੰਮ੍ਰਿਤਸਰ ਵਿਚ ਹਾਰਟ ਆਫ ਏਸ਼ੀਆ ਕਾਨਫਰੰਸ ਕਰਾਉਣ ਦੇ ਮੰਤਵ 'ਤੇ ਰੌਸ਼ਨੀ ਪਾਉਂਦਿਆਂ ਸ੍ਰੀ ਮੋਦੀ ਨੇ ਆਖਿਆ ਕਿ ਅੰਮ੍ਰਿਤਸਰ ਸਿੱਖ ਗੁਰੂਆਂ ਦੀ ਧਰਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ 15ਵੀਂ ਸਦੀ ਵਿੱਚ ਕਾਬੁਲ ਗਏ ਸਨ ਅਤੇ ਉਨ੍ਹਾਂ ਉਥੇ ਮਨੁੱਖਤਾ ਦੇ ਭਲੇ ਦਾ ਸੰਦੇਸ਼ ਦਿੱਤਾ ਸੀ। ਅਫ਼ਗਾਨ ਦੇ ਸੂਫੀ ਸੰਤ ਬਾਬਾ ਹਜ਼ਰਤ ਸ਼ੇਖ ਦੀ ਦਰਗਾਹ ਅੱਜ ਵੀ ਪੰਜਾਬ ਵਿੱਚ ਹੈ, ਜਿਥੇ ਵੱਖ-ਵੱਖ ਧਰਮਾਂ ਦੇ ਲੋਕ ਸਿਜਦਾ ਕਰਦੇ ਹਨ। ਅਫ਼ਗਾਨਿਸਤਾਨ ਤੋਂ ਵੀ ਲੋਕ ਇਥੇ ਨਤਮਸਤਕ ਹੋਣ ਆਉਂਦੇ ਹਨ। ਉਨ੍ਹਾਂ ਕਿਹਾ ਕਿ ਜੀਟੀ ਰੋਡ ਵੀ ਅੰਮ੍ਰਿਤਸਰ ਵਿੱਚੋਂ ਹੀ ਲੰਘਦੀ ਹੈ ਜੋ ਇਸ ਵੇਲੇ ਵੀ ਅਫ਼ਗਾਨਿਸਤਾਨ ਨਾਲ ਵੱਡੇ ਵਪਾਰ ਦਾ ਜ਼ਰੀਆ ਬਣੀ ਹੋਈ ਹੈ।

ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗ਼ਨੀ ਨੇ ਕਿਹਾ ਕਿ ਖੇਤਰੀ ਅਤਿਵਾਦ ਦੇ ਖ਼ਾਤਮੇ ਲਈ ਖੇਤਰੀ ਦਹਿਸ਼ਤਵਾਦ ਰੋਕੂ ਫੰਡ ਸਥਾਪਤ ਹੋਣਾ ਚਾਹੀਦਾ ਹੈ। ਉਨ੍ਹਾਂ ਸਰਹੱਦ ਪਾਰ ਦਹਿਸ਼ਤੀ ਗਤੀਵਿਧੀਆਂ ਦੀ ਸ਼ਨਾਖਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਆਖਿਆ ਕਿ ਦਹਿਸ਼ਤਵਾਦ ਨੂੰ ਰੋਕਣ ਅਤੇ ਖਿੱਤੇ ਵਿੱਚ ਸਥਾਈ ਸ਼ਾਂਤੀ ਸਥਾਪਤ ਕਰਨ ਲਈ ਇਕ ਦੂਜੇ ਖਿਲਾਫ਼ ਦੋਸ਼ ਲਾਉਣ ਦੀ ਥਾਂ ਸਾਂਝੇ ਰੂਪ ਵਿੱਚ ਯਤਨ ਕਰਨ ਦੀ ਲੋੜ ਹੈ। ਉਨ੍ਹਾਂ ਦਹਿਸ਼ਤਵਾਦ ਸਮਰਥਕ ਤਾਕਤਾਂ ਨੂੰ ਤਾੜਨਾ ਕੀਤੀ ਕਿ ਉਹ ਦਹਿਸ਼ਤਵਾਦ ਨੂੰ ਉਤਸ਼ਾਹਿਤ ਨਾ ਕਰਨ। ਅਫ਼ਗਾਨਿਸਤਾਨ ਅਤੇ ਹੋਰ ਮੁਲਕਾਂ ਵਿਚਾਲੇ ਸੰਪਰਕ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਰੇਲ ਅਤੇ ਹਵਾਈ ਮਾਰਗ ਸੰਪਰਕ ਵੀ ਕਾਇਮ ਹੋਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਭਾਰਤ ਨਾਲ ਏਅਰ ਕਾਰਗੋ ਸੰਪਰਕ ਬਣਨ ਨਾਲ ਦੋਵਾਂ ਮੁਲਕਾਂ ਵਿਚਾਲੇ ਨਵੀਆਂ ਮੰਡੀਆਂ ਦੀ ਸਥਾਪਨਾ ਹੋਵੇਗੀ। ਉਨ੍ਹਾਂ ਪਾਕਿਸਤਾਨ ਵੱਲੋਂ ਮੁਹੱਈਆ ਕੀਤੀ ਗਈ ਮਾਇਕ ਮਦਦ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਸ ਮਦਦ ਨੂੰ ਅਤਿਵਾਦ ਖ਼ਤਮ ਕਰਨ ਲਈ ਵਰਤਿਆ ਜਾਣਾ ਚਾਹੀਦਾ ਸੀ।

## ਪਾਕਿ ਦੀ ਆਲੋਚਨਾ ਕਾਰਨ ਬੇਚੈਨ ਹੋਏ ਅਜ਼ੀਜ਼

**ਅੰਮ੍ਰਿਤਸਰ** : ਹਾਰਟ ਆਫ਼ ਏਸ਼ੀਆ ਕਾਨਫਰੰਸ ਦੌਰਾਨ ਪਾਕਿਸਤਾਨ ਦੀ ਹੋਈ ਤਿੱਖੀ ਆਲੋਚਨਾ ਤੋਂ ਬਾਅਦ ਉਥੋਂ ਦੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਕਿਹਾ ਕਿ ਹਿੰਸਾ ਵਿਚ ਆਏ ਉਭਾਰ ਲਈ ਕਿਸੇ ਇਕ ਮੁਲਕ ਨੂੰ ਦੋਸ਼ੀ ਠਹਿਰਾਉਣਾ ਬਹੁਤ ਆਸਾਨ ਹੈ ਪਰ ਇਸ ਲਈ ਅਰਥ ਭਰਪੂਰ ਨਜ਼ਰੀਆ ਅਪਣਾਉਣ ਦੀ ਲੋੜ ਹੈ। ਉਨ੍ਹਾਂ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਵਿਚ ਤਣਾਅ ਦਾ ਮੁੱਦਾ ਵੀ ਉਠਾਇਆ। ਅਜ਼ੀਜ਼ ਨੇ ਕਿਹਾ ਕਿ ਕੰਟਰੋਲ ਰੇਖਾ 'ਤੇ ਤਣਾਅ ਦੇ ਬਾਵਜੂਦ ਕਾਨਫਰੰਸ ਵਿਚ ਉਨ੍ਹਾਂ ਦੀ ਹਾਜ਼ਰੀ ਗਵਾਹੀ ਭਰਦੀ ਹੈ ਕਿ ਅਫ਼ਗਾਨਿਸਤਾਨ ਵਿਚ ਸ਼ਾਂਤੀ ਲਈ ਪਾਕਿਸਤਾਨ ਵਚਨਬੱਧ ਹੈ। ਉਨ੍ਹਾਂ ਇਸਲਾਮਾਬਾਦ ਵਿਚ ਹੋਣ ਵਾਲੇ ਸਾਰਕ ਸਿਖਰ ਸੰਮੇਲਨ ਰੱਦ ਹੋਣ 'ਤੇ ਨਾਰਾਜ਼ਗੀ ਪ੍ਰਗਟ ਕੀਤੀ।

# ਨੰਬਰਦਾਰਾਂ ਦੇ ਹੰਗਾਮੇ ਕਾਰਨ ਢੀਂਡਸਾ ਨੂੰ ਭਾਸ਼ਣ ਵਿਚਾਲੇ ਰੋਕਣਾ ਪਿਆ

**ਸੰਗਰੂਰ/ਬਿਊਰੋ ਨਿਊਜ਼ :**
ਇੱਥੇ ਪੰਜਾਬ ਨੰਬਰਦਾਰਾ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਵਿੱਚ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਯੂਨੀਅਨ ਆਗੂਆਂ ਤੋਂ ਮੰਗ ਪੱਤਰ ਲੈਣ ਮਗਰੋਂ ਰਾਜ ਸਭਾ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਸੰਬੋਧਨ ਕਰ ਰਹੇ ਸਨ। ਹੰਗਾਮੇ ਕਾਰਨ ਸ੍ਰੀ ਢੀਂਡਸਾ ਨੂੰ ਆਪਣਾ ਭਾਸ਼ਣ ਰੋਕਣਾ ਪਿਆ।

ਪੰਜਾਬ ਨੰਬਰਦਾਰ ਯੂਨੀਅਨ ਦੇ ਸੂਬਾਈ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੀ ਪ੍ਰਧਾਨਗੀ ਹੇਠ ਇੱਥੇ ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਦੀਵਾਨ ਹਾਲ ਵਿੱਚ ਸੂਬਾ ਪੱਧਰੀ ਮੀਟਿੰਗ ਬੁਲਾਈ ਸੀ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਸਮਰਾ ਨੇ ਮੰਗ ਕੀਤੀ ਕਿ ਨੰਬਰਦਾਰ ਦੀ ਮੌਤ ਮਗਰੋਂ ਉਸ ਦੇ ਪੁੱਤਰ ਨੂੰ ਪਹਿਲ ਦੇ ਆਧਾਰ 'ਤੇ ਨੰਬਰਦਾਰ ਬਣਾਇਆ ਜਾਵੇ, ਹਰਿਆਣਾ ਦੀ ਤਰਜ਼ 'ਤੇ ਮਾਣ-ਭੱਤਾ ਪੰਜ ਹਜ਼ਾਰ ਰੁਪਏ ਕੀਤਾ ਜਾਵੇ ਅਤੇ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਜਾਵੇ। ਇਸ ਉਤੇ ਸ੍ਰੀ ਢੀਂਡਸਾ ਨੇ ਨੰਬਰਦਾਰੀ ਜੱਦੀ ਪੁਸ਼ਤੀ ਕਰਨ ਬਾਰੇ ਕਿਹਾ ਕਿ ਅਦਾਲਤ ਨੇ ਫੈਸਲਾ ਦਿੱਤਾ ਸੀ ਕਿ ਹਰੇਕ ਵਿਅਕਤੀ ਨੂੰ ਨੰਬਰਦਾਰੀ ਲਈ ਬਿਨੈ ਕਰਨ ਦਾ ਹੱਕ ਹੈ ਪਰ ਫਿਰ ਵੀ ਨੰਬਰਦਾਰ ਦੇ ਲੜਕੇ ਨੂੰ ਪੱਕੇ ਤੌਰ 'ਤੇ ਸਰਬਰਾਹ ਬਣਾਉਣ ਦੀ ਮੰਗ ਨੂੰ ਉਹ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨਗੇ। ਇਸ ਉਤੇ ਪੰਡਾਲ ਵਿੱਚ ਰੌਲਾ ਰੱਪਾ ਪੈ ਗਿਆ ਅਤੇ ਸੈਂਕੜੇ ਨੰਬਰਦਾਰ ਖੜ੍ਹੇ ਹੋ ਗਏ। ਦਰਜਨਾਂ ਨੰਬਰਦਾਰਾਂ ਨੇ ਸਟੇਜ ਕੋਲ ਪੁੱਜ ਕੇ ਬੋਲਣਾ ਸ਼ੁਰੂ ਕਰ ਦਿੱਤਾ। ਹੰਗਾਮੇ ਕਾਰਨ ਸ੍ਰੀ ਢੀਂਡਸਾ ਨੂੰ ਭਾਸ਼ਣ ਰੋਕਣਾ ਪਿਆ। ਨੰਬਰਦਾਰਾਂ ਨੇ ਸ੍ਰੀ ਢੀਂਡਸਾ ਨੂੰ ਸਵਾਲ ਕੀਤਾ ਕਿ ਜੇ ਐਸਵਾਈਐਲ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਪੰਜਾਬ ਸਰਕਾਰ ਨਾਮਨਜ਼ੂਰ ਕਰ ਸਕਦੀ ਹੈ ਤਾਂ ਫਿਰ ਨੰਬਰਦਾਰਾਂ ਦੀ ਮੰਗ ਪੂਰੀ ਕਰਨ ਲਈ ਅਦਾਲਤੀ ਫੈਸਲੇ ਨੂੰ ਕਿਉਂ ਮੰਨ ਰਹੀ ਹੈ। ਨੰਬਰਦਾਰੀ ਜੱਦੀ ਪੁਸ਼ਤੀ ਕਰਨ ਦੀ ਮੰਗ ਨੂੰ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ ਦੇ ਦਿੱਤੇ ਭਰੋਸੇ ਨੂੰ ਵੀ ਨੰਬਰਦਾਰਾਂ ਨੇ ਨਕਾਰਦਿਆਂ ਕਿਹਾ ਕਿ ਨੰਬਰਦਾਰਾਂ ਦੀਆਂ ਪ੍ਰਮੁੱਖ ਤਿੰਨ ਅਹਿਮ ਮੰਗਾਂ ਸਬੰਧੀ ਚੋਣ ਜ਼ਾਬਤੇ ਤੋਂ ਪਹਿਲਾਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ।

ਮਾਮਲਾ ਸ਼ਾਂਤ ਹੋਣ 'ਤੇ ਮੁੜ ਭਾਸ਼ਣ ਸ਼ੁਰੂ ਕਰਦਿਆਂ ਸ੍ਰੀ ਢੀਂਡਸਾ ਨੇ ਹੰਗਾਮੇ ਬਾਰੇ ਕਿਹਾ ਕਿ ਕੁੱਝ ਵਿਅਕਤੀ ਚੰਗੇ ਕੰਮ ਨੂੰ ਚੰਗਾ ਨਹੀਂ ਕਹਿ ਸਕਦੇ। ਉਨ੍ਹਾਂ ਕਿਹਾ ਕਿ ਤਿੰਨੋਂ ਮੁੱਖ ਮੰਗਾਂ ਮੰਨ ਲਈਆਂ ਹਨ ਅਤੇ ਉਹ ਵਾਅਦਾ ਕਰਦੇ ਹਨ ਕਿ ਇਹ ਮੰਗਾਂ ਪੂਰੀਆਂ ਹੋਣਗੀਆਂ। ਇਸ ਮਗਰੋਂ ਭਾਸ਼ਣ ਸਮੇਟ ਕੇ ਸ੍ਰੀ ਢੀਂਡਸਾ ਚਲੇ ਗਏ।



ਮੀਟਿੰਗ ਵਿੱਚ ਭਾਰੀ ਰੌਲੇ ਰੱਪੇ ਦੌਰਾਨ ਸ੍ਰੀ ਢੀਂਡਸਾ ਨੂੰ ਸਵਾਲ ਕਰਦੇ ਹੋਏ ਨੰਬਰਦਾਰ।

ਬਾਕੀ ਸਫ਼ਾ 33 'ਤੇ

# ਸਰਤਾਜ ਅਜ਼ੀਜ਼ ਨੂੰ ਦਰਬਾਰ ਸਾਹਿਬ ਜਾਣ ਤੋਂ ਰੋਕਣਾ ਭਾਰਤੀ ਲੀਡਰਸ਼ਿਪ ਦੀ ਬਦਨੀਤੀ: ਦਲ ਖਾਲਸਾ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:**
ਦਲ ਖਾਲਸਾ ਨੇ ਕਿਹਾ ਹੈ ਕਿ ਅੰਮ੍ਰਿਤਸਰ ਵਿੱਚ ਸਮਾਪਤ ਹੋਏ ਏਸ਼ੀਆ ਸਿਖਰ ਸੰਮੇਲਨ ਦੌਰਾਨ ਮੋਦੀ ਸਰਕਾਰ ਵਲੋਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸਰਤਾਜ ਅਜ਼ੀਜ਼ ਨੂੰ ਦਰਬਾਰ ਸਾਹਿਬ ਜਾਣ ਤੋਂ ਰੋਕਣਾ, ਭਾਰਤੀ ਲੀਡਰਸ਼ਿਪ ਦੀ ਬਦਨੀਤੀ ਦਰਸਾਉਂਦੀ ਹੈ, ਜਦਕਿ 'ਸੁਰਖਿਆ ਕਾਰਨ' ਤਾਂ ਕੇਵਲ ਇੱਕ ਬਹਾਨਾ ਹੈ। ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਕਿ ਦਰਬਾਰ ਸਾਹਿਬ ਸਿੱਖੀ ਦਾ ਘਰ ਹੈ, ਆਸਥਾ ਦਾ ਕੇਂਦਰੀ ਸਥਾਨ ਹੈ ਅਤੇ ਇਸ ਪਾਵਨ ਜਗ੍ਹਾ ਦੇ ਦਰਸ਼ਨ ਦੀਦਾਰੇ ਤੋਂ ਗੁਆਂਢ ਤੋਂ ਆਏ ਮੇਹਮਾਨ ਨੂੰ ਰੋਕਣਾ ਜਾਂ ਇਜਾਜ਼ਤ ਨਾ ਦੇਣੀ ਕੇਵਲ ਉਸ ਨਾਲ ਹੀ ਘੋਰ ਬੇਇਨਸਾਫੀ ਨਹੀਂ ਸਗੋਂ ਸਿੱਖ ਫਲਸਫੇ ਅਤੇ ਰਵਾਇਤ ਦਾ ਵੀ ਅਪਮਾਨ ਹੈ। ਉਹਨਾਂ ਕਿਹਾ ਕਿ ਦਿੱਲੀ ਸਰਕਾਰ ਦੇ ਇਰਾਦਿਆਂ ਵਿੱਚ ਖੋਟ ਹੈ ਅਤੇ ਉਹ ਸਿੱਖਾਂ ਅਤੇ ਪਕਿਸਤਾਨ ਦੇ ਲੋਕਾਂ ਵਿੱਚ ਦਰਾੜ ਪਾ ਕੇ ਰੱਖਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਦਿੱਲੀ ਦੀ ਚਾਹਤ ਅਤੇ ਕੋਸ਼ਿਸ਼ਾਂ ਦੇ ਉਲਟ ਜਾ ਕੇ ਸਿੱਖਾਂ ਨੇ ਪਿਛਲ਼ੇ ਕੁਝ ਸਮੇ ਤੋਂ ਪਾਕਿਸਤਾਨ ਦੇ ਲੋਕਾਂ ਨਾਲ ਆਪਸੀ ਸਭਿਆਚਾਰਕ ਸਾਂਝ ਅਤੇ ਰਿਸ਼ਤੇ ਮਜਬੂਤ ਬਣਾਏ ਹਨ, ਜੋ ਹਿੰਦੁਸਤਾਨ ਦੇ ਹੁਕਮਰਾਨਾਂ ਨੂੰ ਲੰਮੇ ਸਮੇ ਤੋਂ ਚੁੱਭ ਰਹੇ ਹਨ।



ਸਰਤਾਜ ਅਜ਼ੀਜ਼

ਭਾਰਤੀ ਲੀਡਰਸ਼ਿਪ ਉਤੇ ਇੱਕ ਤੀਰ ਨਾਲ ਕਈ ਨਿਸ਼ਾਨੇ ਲਾਉਣ ਦਾ ਦੋਸ਼ ਲਾਉਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਿਫਤੀ ਦੀ ਨਗਰੀ ਅੰਮ੍ਰਿਤਸਰ ਸ਼ਹਿਰ ਤੋਂ ਅਫਗਾਨਿਸਤਾਨ ਦਾ ਮੋਢਾ ਵਰਤ ਕੇ ਭਾਰਤੀ ਲੀਡਰਸ਼ਿਪ ਨੇ ਪਾਕਿਸਤਾਨ ਪ੍ਰਤੀ ਆਪਣੀ ਨਫਰਤ ਤੇ ਭੜਾਸ ਕੱਢੀ ਹੈ ਪਰ ਦੁੱਖ ਦੀ ਗੱਲ ਕਿ ਸਿੱਖਾਂ ਨੂੰ ਇਸ ਵਿੱਚ ਜਾਣਬੁੱਝ ਕੇ ਲਪੇਟਿਆ ਗਿਆ ਹੈ। ਉਹਨਾਂ ਕਿਹਾ ਕਿ ਬਾਦਲ ਪਰਿਵਾਰ ਅਤੇ ਉਹਨਾਂ ਦਾ ਅਕਾਲੀ ਦਲ ਹਿੰਦੂਤਵ ਤਾਕਤਾਂ ਦੇ ਹੱਥਾਂ ਦਾ ਦਸਤਾ ਬਣ ਕੇ ਆਪਣੀ ਹੀ ਕੌਮ ਦੇ ਹਿੱਤਾਂ ਨੂੰ ਵੱਢ ਰਿਹਾ ਹੈ। ਉਹਨਾਂ ਸਿਰਦਾਰ ਕਪੂਰ ਸਿੰਘ ਵਲੋਂ ਲਿਖੇ ਆਨੰਦਪੁਰ ਸਾਹਿਬ ਦੇ ਮਤੇ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਅਪਣਾਇਆ ਸੀ, ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਵਿੱਚ ਇਹ ਮੱਦ ਸ਼ਾਮਿਲ ਸੀ ਕਿ ਇਹ ਜ਼ਰੂਰੀ ਨਹੀਂ ਕਿ ਜਿਸ ਮੁਲਕ ਨਾਲ ਹਿੰਦੁਸਤਾਨ ਦੀ ਦੋਸਤੀ (ਰੂਸ ਵੱਲ ਇਸ਼ਾਰਾ ਕੀਤਾ ਗਿਆ ਸੀ) ਹੋਵੇ ਉਸ ਨਾਲ ਸਿੱਖ ਵੀ ਦੋਸਤੀ ਕਰਨ ਅਤੇ ਜਿਸ ਮੁਲਕ ਨਾਲ ਹਿੰਦੁਸਤਾਨ ਦੀ ਦੁਸ਼ਮਣੀ (ਪਕਿਸਤਾਨ ਵੱਲ ਇਸ਼ਾਰਾ ਸੀ) ਹੋਵੇ ਉਸ ਨਾਲ ਸਿੱਖ ਵੀ ਦੁਸ਼ਮਣੀ ਰੱਖਣ"।

# ਦਸ਼ਮੇਸ਼ ਦਰਬਾਰ ਸੈਕਰਾਮੈਂਟੋ ਗੁਰੂ ਘਰ ਵਿਚ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਮਨਾਇਆ

## *ਬਿੰਦਰਾ ਤੇ ਗਿੱਲ ਪਰਿਵਾਰ ਨੇ ਸ਼ਹੀਦੀ ਦਿਨ 'ਤੇ ਮਨਾਇਆ ਬੱਚਿਆਂ ਦਾ ਜਨਮ ਦਿਨ*





**ਸੈਕਰਾਮੈਂਟੋ/ਬਿਊਰੋ ਨਿਊਜ਼ :**
ਇੰਡੋ ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਜੁਝਾਰ ਸਿੰਘ ਗਿੱਲ ਤੇ ਸਮੁੱਚੇ ਪਰਿਵਾਰ ਨੇ ਗ਼ਦਰ ਪਾਰਟੀ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਆਪਣੇ ਪੁੱਤਰਾਂ ਪਰਮਪ੍ਰੀਤ ਬਿੰਦਰਾ ਅਟਾਰਨੀ ਤੇ ਗਗਨਦੀਪ ਬਿੰਦਰਾ ਅਤੇ ਡਾ. ਗੁਰਪ੍ਰੀਤ ਗਿੱਲ, ਹਰਪ੍ਰੀਤ ਗਿੱਲ ਦੇ ਜਨਮ ਦਿਨ ਵਜੋਂ ਮਨਾਇਆ। ਜਥੇਬੰਦੀ ਵੱਲੋਂ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਮਨਾਏ ਜਾਂਦੇ ਮੇਲੇ ਵਿਚ ਸਮੁੱਚਾ ਪਰਿਵਾਰ ਆਗੂ ਰੋਲ ਅਦਾ ਕਰਦੇ ਹਨ।

ਗੁਰਦੁਆਰੇ ਦੇ ਕੀਰਤਨੀ ਜਥੇ ਨੇ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪ੍ਰਿੰਸੀਪਲ ਗੁਰਬਚਨ ਸਿੰਘ ਨੇ ਗੁਰੂ ਇਤਿਹਾਸ ਦੀ ਕਥਾ ਕੀਤੀ ਤੇ ਸਮੁੱਚੇ ਪਰਿਵਾਰ ਨੂੰ ਇਸ ਤਰ੍ਹਾਂ ਗੁਰੂ ਘਰ ਵਿਚ ਜਨਮ ਦਿਨ ਮਨਾਉਣ ਦੀ ਵਧਾਈ ਦਿੱਤੀ। ਪੂਨਮ ਮਲਹੋਤਰਾ ਨੇ ਸ਼ਬਦ ਗਾਇਨ ਕੀਤਾ।

ਸੁਰਿੰਦਰ ਬਿੰਦਰਾ ਨੇ ਆਏ ਸੱਜਣਾਂ ਮਿੱਤਰਾਂ ਦਾ ਸੁਆਗਤ ਕਰਦਿਆਂ ਗ਼ਦਰ ਪਾਰਟੀ ਦੇ ਸੂਰਮਿਆਂ ਦੀਆਂ ਸ਼ਹਾਦਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਅਸੀਂ ਆਜ਼ਾਦ ਦੇਸ਼ ਤੋਂ ਆ ਕੇ ਇੱਥੇ ਵਸੇ ਹਾਂ ਤੇ ਇਥੋਂ ਦੀਆਂ ਸੁੱਖ ਸੁਵਿਧਾਵਾਂ ਦਾ ਆਨੰਦ ਮਾਣ ਰਹੇ ਹਾਂ, ਇਹ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਹੀ ਨਤੀਜਾ ਹੈ।

ਗਿਆਨ ਸਿੰਘ ਬਿਲਗਾ ਨੇ ਜਿੱਥੇ ਕਰਤਾਰ ਸਿੰਘ ਸਰਾਭਾ ਦੇ ਜੀਵਨ 'ਤੇ ਚਾਨਣਾ ਪਾਇਆ, ਉਥੇ ਭਾਈ ਉਪ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਲਈ ਉਨ੍ਹਾਂ ਦੀਆਂ ਸ਼ਹਾਦਤਾਂ ਕਰਕੇ ਉਠੀਆਂ ਹੋਰ ਲਹਿਰਾਂ ਦਾ ਜ਼ਿਕਰ ਕੀਤਾ ਤੇ ਪਰਿਵਾਰ ਨੂੰ ਜਨਮ ਦਿਨ ਦੇਸ਼ ਦੀ ਆਜ਼ਾਦੀ ਨਾਲ ਜੋੜ ਕੇ ਮਨਾਉਣ 'ਤੇ ਵਧਾਈ ਦਿੱਤੀ। ਨਰਿੰਦਰਪਾਲ ਸਿੰਘ ਹੁੰਦਲ ਮੁੱਖ ਸੰਪਾਦਕ 'ਇੰਡੋ ਅਮੈਰੀਕਨ ਟਾਈਜ਼' ਨੇ ਪਰਿਵਾਰ ਨੂੰ ਵਧਾਈ ਦਿੰਦਿਆਂ ਇਸ ਪਰਿਵਾਰ ਦੇ ਦੇਸ਼ ਭਗਤ ਲਹਿਰਾਂ ਨਾਲ ਜੁੜੇ ਰਹਿਣ ਦਾ ਜ਼ਿਕਰ ਕੀਤਾ।

ਸੈਕਰਾਮੈਂਟੋ ਐਲਕ ਗਰੋਵ ਦੇ ਮੇਅਰ ਸਟੀਵਲੀ ਨੇ ਆਜ਼ਾਦੀ ਲਈ ਲੜੇ ਗ਼ਦਰ ਪਾਰਟੀ ਦੇ ਸੂਰਮਿਆਂ ਨੂੰ ਸ਼ਰਧਾਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਪਰਿਵਾਰਕ ਪ੍ਰੋਗਰਾਮਾਂ ਨਾਲ ਜੋੜਨਾਂ ਸੁਸਾਇਟੀ ਲਈ ਸ਼ੁਭ ਸ਼ਗਨ ਹੈ।

ਇਥੇ ਵਸਦੀਆਂ ਹੋਰ ਕੌਮਾਂ ਤੁਹਾਡੇ ਨਾਲ ਹਨ, ਉਨ੍ਹਾਂ ਦਾ ਤੁਆਰਫ ਗਗਨਦੀਪ ਬਿੰਦਰਾ ਨੇ ਕਰਵਾਇਆ। ਪਰਮਪ੍ਰੀਤ ਐਡਵੋਕੇਟ ਨੇ ਮੇਅਰ ਦਾ ਧੰਨਵਾਦ ਕੀਤਾ। ਜਥੇਬੰਦੀ ਦੇ ਡਾਇਰੈਕਟਰ ਸਮਿੱਤਰ ਸਿੰਘ ਉਪਲ ਬਿਮਾਰ ਹੋਣ ਕਾਰਨ ਹਾਜ਼ਰ ਨਾ ਹੋ ਸਕੇ। ਉਨ੍ਹਾਂ ਪਰਿਵਾਰ ਨੂੰ ਸ਼ੁਭ ਇਛਾਵਾਂ ਵਾਲਾ ਸੁਨੇਹਾ ਭੇਜਿਆ।

ਇੰਡੋ ਅਮਰੀਕਨ ਆਰਗੇਨਾਈਜੇਸ਼ਨ ਦੇ ਡਾਇਰੈਕਟਰ ਕਸ਼ਮੀਰ ਸਿੰਘ ਕਾਗਣਾ ਨੇ ਜਿੱਥੇ ਗ਼ਦਰ ਅਖ਼ਬਾਰ ਦੇ ਛਪਣ ਤੇ ਉਸ ਦੀ ਮੱਹਤਤਾ ਦਾ ਜ਼ਿਕਰ ਕੀਤਾ, ਉਥੇ ਹਾਜ਼ਰ ਜਥੇਬੰਦੀ ਦੇ ਵਰਕਰਾਂ ਦਾ ਧੰਨਵਾਦ ਕੀਤਾ। ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜੱਥੇ ਨੇ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਮੋਦੀ ਸਰਕਾਰ ਦੇ ਵਾਰ ਨੇ ਹੁਣ ਸੋਨੇ ਦਾ ਰੰਗ ਵੀ ਕੀਤਾ ਫਿੱਕਾ

## ਵਿਆਹੀ ਮਹਿਲਾ 500, ਕੁਆਰੀ 250 ਤੇ ਮਰਦ 100-100 ਗ੍ਰਾਮ ਸੋਨਾ ਰੱਖਣ ਦੇ ਹੱਕਦਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਅਫ਼ਵਾਹਾਂ ਦਾ ਦੌਰ ਸ਼ੁਰੂ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਸਾਰੇ ਖ਼ਦਸ਼ਿਆਂ ਨੂੰ ਦੂਰ ਕਰਦਿਆਂ ਕਿਹਾ ਹੈ ਕਿ ਪੁਸ਼ਤੈਨੀ ਸਮੇਤ ਜਾਇਜ਼ ਹੱਦ ਤਕ ਸੋਨਾ ਅਤੇ ਉਸ ਦੇ ਗਹਿਣੇ ਰੱਖਣ ਉਪਰ ਕੋਈ ਪਾਬੰਦੀ ਨਹੀਂ ਹੈ। ਜ਼ੇਵਰਾਤ ਜੇਕਰ ਕੁਲ ਆਮਦਨ ਨਾਲ ਮੇਲ ਵੀ ਨਹੀਂ ਖਾਂਦੇ ਪਰ ਇਸ ਦੀ ਮਾਤਰਾ ਹੱਦ ਅੰਦਰ ਹੈ ਤਾਂ ਵੀ ਕੋਈ ਟੈਕਸ ਨਹੀਂ ਲੱਗੇਗਾ। ਵਿੱਤ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਪਹਿਲਾਂ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ ਨਵੇਂ ਆਮਦਨ ਕਰ ਸੋਧ ਕਾਨੂੰਨ ਤਹਿਤ ਲੋਕਾਂ ਨੂੰ ਜਾਇਜ਼ ਸੋਨਾ ਰੱਖਣ 'ਤੇ 85 ਫ਼ੀਸਦੀ ਤਕ ਦੇ ਟੈਕਸ ਦਾ ਭੁਗਤਾਨ ਨਹੀਂ ਕਰਨਾ ਪਏਗਾ। ਕੇਂਦਰ ਸਰਕਾਰ ਨੇ ਇਹ ਵੀ ਕਿਹਾ ਸੀ ਕਿ ਸੋਧਿਆ ਹੋਇਆ ਕਾਨੂੰਨ ਪੁਸ਼ਤੈਨੀ ਜਾਂ ਖੇਤੀ ਆਮਦਨ ਰਾਹੀਂ ਜਾਇਜ਼ ਢੰਗ ਨਾਲ ਖ਼ਰੀਦੇ ਸੋਨੇ 'ਤੇ ਲਾਗੂ ਨਹੀਂ ਹੋਏਗਾ। ਸੋਨਾ ਰੱਖਣ ਦੀ ਹੱਦ ਤੈਅ ਨਾ ਹੋਣ ਕਾਰਨ ਜਦੋਂ ਤੌਖ਼ਲੇ ਹੋਰ ਵੱਧ ਗਏ ਤਾਂ ਮੰਤਰਾਲੇ ਨੇ ਕੁਝ ਘੰਟਿਆਂ ਬਾਅਦ ਇਕ ਹੋਰ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮਦਨ ਦੇ ਦੱਸੇ ਗਏ ਵਸੀਲਿਆਂ ਤੋਂ ਸੋਨਾ ਰੱਖਣ ਦੀ ਕੋਈ ਹੱਦ ਨਹੀਂ ਹੈ। ਦੂਜੇ ਬਿਆਨ ਵਿਚ ਕਿਹਾ ਗਿਆ, "ਵਿਆਹੀ ਮਹਿਲਾ ਦੇ 500 ਗ੍ਰਾਮ ਤਕ ਦੇ ਸੋਨੇ ਦੇ ਗਹਿਣੇ ਅਤੇ ਹੋਰ ਜ਼ੇਵਰਾਤ, ਅਣਵਿਆਹੀ ਮੁਟਿਆਰ ਦੇ 250 ਗ੍ਰਾਮ ਅਤੇ ਪਰਿਵਾਰ ਦੇ ਹਰੇਕ ਮਰਦ ਮੈਂਬਰ ਦੇ 100-100 ਗ੍ਰਾਮ ਗਹਿਣਿਆਂ ਨੂੰ ਜ਼ਬਤ ਨਹੀਂ ਕੀਤਾ ਜਾਏਗਾ। ਮੁੱਢਲੇ ਤੌਰ 'ਤੇ ਇਹ ਭਾਵੇਂ ਕਰਦਾਤੇ ਦੇ ਆਮਦਨ ਬਿਉਰੇ ਨਾਲ ਮੇਲ ਖਾਂਦੇ ਹੋਣ ਜਾਂ ਨਹੀਂ।" ਸਰਕਾਰ ਨੇ ਕਿਹਾ ਕਿ ਉਨ੍ਹਾਂ ਛਾਪੇ ਮਾਰਨ ਵਾਲੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਹ ਪਰਿਵਾਰਕ ਰਹੁ-ਰੀਤਾਂ ਅਤੇ ਰਵਾਇਤਾਂ ਸਮੇਤ ਹੋਰ ਸਾਧਨਾਂ ਦੇ ਆਧਾਰ 'ਤੇ ਸੋਨੇ ਦੇ ਜ਼ੇਵਰ ਵੱਡੀ ਗਿਣਤੀ ਵਿਚ ਮਿਲਣ 'ਤੇ ਉਸ ਨੂੰ ਜ਼ਬਤ ਨਾ ਕਰਨ। ਇਸ ਤੋਂ ਪਹਿਲਾਂ ਕੇਂਦਰੀ ਡਾਇਰੈਕਟ ਟੈਕਸ ਬੋਰਡ (ਸੀਬੀਡੀਟੀ) ਨੇ ਇਨ੍ਹਾਂ ਅਫ਼ਵਾਹਾਂ ਨੂੰ ਖਾਰਜ ਕਰ ਦਿੱਤਾ ਕਿ ਸੋਧੇ ਗਏ ਕਾਨੂੰਨ ਵਿਚ ਗਹਿਣਿਆਂ 'ਤੇ ਵੀ ਟੈਕਸ ਲੱਗੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗਹਿਣਿਆਂ 'ਤੇ ਟੈਕਸ ਵਸੂਲਣ ਬਾਬਤ ਕੋਈ ਨਵੀਂ ਤਜਵੀਜ਼ ਪੇਸ਼ ਨਹੀਂ ਕੀਤੀ ਹੈ।



### ਬੈਂਕ ਖਾਤਿਆਂ ਵਿਚ ਤਨਖ਼ਾਹਾਂ, ਖੀਸੇ ਖਾਲੀ ਦੇ ਖਾਲੀ

**ਨਵੀਂ ਦਿੱਲੀ/ਚੰਡੀਗੜ੍ਹ/ਬਿਊਰੋ ਨਿਊਜ਼ :** ਨੋਟਬੰਦੀ ਤੋਂ ਬਾਅਦ ਤਨਖ਼ਾਹ ਮਿਲਣ ਦੇ ਪਹਿਲੇ ਦਿਨ ਪੰਜਾਬ, ਹਰਿਆਣਾ, ਚੰਡੀਗੜ੍ਹ ਸਮੇਤ ਪੂਰੇ ਦੇਸ਼ ਵਿਚ ਲੋਕਾਂ ਨੂੰ ਆਪਣੇ ਪੈਸੇ ਬੈਂਕਾਂ ਵਿਚੋਂ ਕਢਵਾਉਣ ਲਈ ਪਾਪੜ ਵੇਲਣੇ ਪਏ। ਬੈਂਕਾਂ ਅੱਗੇ ਲੰਬੀਆਂ ਕਤਾਰਾਂ ਵਿਚ ਖੜ੍ਹੇ ਰਹਿਣ ਤੋਂ ਬਾਅਦ ਵੀ ਬਹੁਤੀਆਂ ਥਾਵਾਂ 'ਤੇ ਲੋਕਾਂ ਨੂੰ ਨਕਦੀ ਨਹੀਂ ਮਿਲੀ। ਥੋੜ੍ਹੇ ਜਿਹੇ ਏਟੀਐਮ ਵਿਚੋਂ ਪੈਸੇ ਨਿਕਲ ਰਹੇ ਸਨ ਪਰ ਉਥੇ ਵੀ ਲਾਈਨਾਂ ਲੱਗੀਆਂ ਰਹੀਆਂ ਅਤੇ ਫਿਰ ਉਹ ਵੀ ਖਾਲੀ ਹੋ ਗਏ। ਆਰਬੀਆਈ ਤੋਂ ਪੈਸਾ ਮਿਲਣ ਦੇ ਕੁਝ ਘੰਟਿਆਂ ਅੰਦਰ ਹੀ ਕਈ ਬੈਂਕਾਂ ਵਿਚੋਂ ਨਕਦੀ ਮੁੱਕ ਗਈ। ਬੈਂਕ ਮੁਲਾਜ਼ਮਾਂ ਨੂੰ ਰੋਹ ਵਿਚ ਆਏ ਲੋਕਾਂ ਨਾਲ ਨਜਿੱਠਣ ਵਿਚ ਆਪਣਾ ਪੂਰਾ ਜ਼ੋਰ ਲਾਉਣਾ ਪਿਆ।

### ਦੋ-ਤਿੰਨ ਹਫ਼ਤਿਆਂ ਵਿੱਚ ਸਥਿਤੀ ਸੁਧਰੇਗੀ : ਕੇਂਦਰ

ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਬੰਦ ਹੋਏ ਪੰਜ ਸੌ ਤੇ ਹਜ਼ਾਰ ਦੇ ਨੋਟਾਂ ਦਾ ਵੱਡਾ ਹਿੱਸਾ ਬੈਂਕਾਂ ਵਿੱਚ ਜਮ੍ਹਾ ਹੋ ਗਿਆ ਹੈ ਅਤੇ ਦੋ-ਤਿੰਨ ਹਫ਼ਤਿਆਂ ਵਿੱਚ ਸਥਿਤੀ ਆਮ ਵਰਗੀ ਹੋ ਜਾਵੇਗੀ।

# ਕੀ ਵਜ਼ੀਰਾਂ ਦੇ ਗਹਿਣੇ ਜ਼ਬਤ ਕਰੇਗੀ ਮੋਦੀ ਸਰਕਾਰ ?

## *ਹਰਸਿਮਰਤ ਕੋਲ ਕਰੀਬ 6 ਕਰੋੜ ਦੇ ਗਹਿਣੇ*

**ਬਠਿੰਡਾ/ਬਿਊਰੋ ਨਿਊਜ਼ :**
ਮੋਦੀ ਸਰਕਾਰ ਵਲੋਂ ਸੋਨਾ ਰੱਖਣ ਦੀ ਤੈਅ ਕੀਤੀ ਹੱਦ ਨੇ ਇਹ ਵੀ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਹੁਣ ਵਜ਼ੀਰਾਂ ਦੇ ਗਹਿਣਿਆਂ 'ਤੇ ਰੋਕਾਂ ਲੱਗਣਗੀਆਂ। ਪੰਜਾਬ ਦੇ ਵਜ਼ੀਰਾਂ ਕੋਲ 4.19 ਕਰੋੜ ਦਾ ਸੋਨਾ ਹੈ, ਜਦੋਂਕਿ ਮਹਿਲਾ ਵਿਧਾਇਕਾਂ ਕੋਲ 2.80 ਕਰੋੜ ਦੇ ਗਹਿਣੇ ਹਨ। ਉਧਰ ਕੇਂਦਰੀ ਮਹਿਲਾ ਵਜ਼ੀਰਾਂ ਕੋਲ 8.11 ਕਰੋੜ ਦਾ ਸੋਨਾ ਹੈ, ਜਿਨ੍ਹਾਂ ਵਿੱਚੋਂ 6.02 ਕਰੋੜ ਦੇ ਗਹਿਣੇ ਇਕੱਲੇ ਹਰਸਿਮਰਤ ਕੌਰ ਬਾਦਲ ਕੋਲ ਹਨ। ਕੇਂਦਰ ਸਰਕਾਰ ਦੇ ਨਵੇਂ ਫ਼ੈਸਲੇ ਮਗਰੋਂ ਇਨ੍ਹਾਂ ਵਜ਼ੀਰਾਂ ਅਤੇ ਵਿਧਾਇਕਾਂ ਨੂੰ ਸੋਨੇ ਬਾਰੇ ਹਿਸਾਬ ਦੇਣਾ ਪਵੇਗਾ। ਹਾਲਾਂਕਿ ਇਨ੍ਹਾਂ ਵਜ਼ੀਰਾਂ ਨੇ ਚੋਣ ਲੜਨ ਸਮੇਂ ਸੋਨੇ ਦੇ ਵੇਰਵੇ ਨਸ਼ਰ ਕੀਤੇ ਹਨ ਪਰ ਹੁਣ ਇਨ੍ਹਾਂ ਨੂੰ ਸਬੂਤ ਜੁਟਾਉਣੇ ਪੈ ਸਕਦੇ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੇ ਵਜ਼ੀਰ ਤੋਤਾ ਸਿੰਘ ਅਤੇ ਅਜੀਤ ਸਿੰਘ ਕੋਹਾੜ ਕੋਲ ਸੋਨੇ ਦਾ ਕੋਈ ਗਹਿਣਾ ਨਹੀਂ ਹੈ। ਪੰਜਾਬ ਦੇ ਵਜ਼ੀਰਾਂ ਵਿੱਚੋਂ ਸਭ ਤੋਂ ਵੱਧ ਸੋਨਾ ਲੋਕ ਨਿਰਮਾਣ ਮੰਤਰੀ ਜਨਮੇਜਾ ਸਿੰਘ ਸੇਖੋਂ ਕੋਲ ਹੈ, ਜਿਸ ਦੀ ਕੀਮਤ ਕਰੀਬ 1.02 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਕੋਲ ਆਪਣਾ ਸੋਨਾ 22.70 ਲੱਖ ਦਾ ਹੈ ਅਤੇ ਬਾਕੀ ਸੋਨਾ ਪਤਨੀ ਦਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਸਿਰਫ਼ 3.42 ਲੱਖ ਰੁਪਏ ਦਾ ਸੋਨਾ ਹੈ, ਜਦੋਂਕਿ ਉਪ ਮੁੱਖ ਮੰਤਰੀ ਕੋਲ 6.02 ਕਰੋੜ ਦਾ ਸੋਨਾ ਹੈ। ਇਸ ਵਿੱਚੋਂ ਖ਼ੁਦ ਦਾ ਸੋਨਾ 7.25 ਲੱਖ ਦਾ ਹੈ ਅਤੇ ਬਾਕੀ ਗਹਿਣੇ ਉਨ੍ਹਾਂ ਦੀ ਪਤਨੀ ਦੇ ਹਨ। ਬਿਕਰਮ ਸਿੰਘ ਮਜੀਠੀਆ ਕੋਲ 50.70 ਲੱਖ ਅਤੇ ਆਦੇਸ਼ਪ੍ਰਤਾਪ ਸਿੰਘ ਕੈਰੋਂ ਕੋਲ 18 ਲੱਖ ਦਾ ਸੋਨਾ ਹੈ। ਸੁਰਜੀਤ ਕੁਮਾਰ ਜਿਆਣੀ ਕੋਲ 51 ਲੱਖ ਦਾ ਸੋਨਾ ਹੈ, ਜਿਸ ਵਿੱਚੋਂ ਡੇਢ ਕਿਲੋ ਸੋਨਾ ਉਨ੍ਹਾਂ ਦੀ ਪਤਨੀ ਦਾ ਹੈ।

ਵਜ਼ੀਰ ਚੁੰਨੀ ਲਾਲ ਭਗਤ ਕੋਲ 50 ਹਜ਼ਾਰ, ਸਿਕੰਦਰ ਸਿੰਘ ਮਲੂਕਾ ਕੋਲ 28.75 ਲੱਖ, ਸੁਰਜੀਤ ਰੱਖੜਾ ਕੋਲ 45.50 ਲੱਖ, ਪਰਮਿੰਦਰ ਢੀਂਡਸਾ ਕੋਲ 46.96 ਲੱਖ, ਡਾ. ਦਲਜੀਤ ਚੀਮਾ ਕੋਲ 23.50 ਲੱਖ ਤੇ ਅਨਿਲ ਜੋਸ਼ੀ ਕੋਲ 15 ਲੱਖ ਦਾ ਸੋਨਾ ਹੈ। ਪੰਜਾਬ ਦੀਆਂ ਮਹਿਲਾ ਵਿਧਾਇਕਾਂ ਵਿੱਚੋਂ ਸਭ ਤੋਂ ਵੱਧ ਸੋਨਾ ਡਾ. ਨਵਜੋਤ ਕੌਰ ਸਿੱਧੂ ਕੋਲ ਹੈ, ਜਿਸ ਦੀ ਕੀਮਤ 53 ਲੱਖ ਰੁਪਏ ਬਣਦੀ ਹੈ। ਦੂਜਾ ਨੰਬਰ ਵਨਿੰਦਰ ਕੌਰ ਲੂਬਾ ਦਾ ਹੈ, ਜਿਨ੍ਹਾਂ ਕੋਲ 50.97 ਲੱਖ ਦਾ ਸੋਨਾ ਹੈ। ਵਿਧਾਇਕ ਹਰਪ੍ਰੀਤ ਕੌਰ ਮੁਖਮੈਲਪੁਰ ਅਤੇ ਕਰਨ ਕੌਰ ਮੁਕਤਸਰ ਕੋਲ 42-42 ਲੱਖ ਦਾ ਸੋਨਾ ਹੈ। ਰਜਿੰਦਰ ਕੌਰ ਭੱਠਲ ਕੋਲ ਸਿਰਫ਼ ਪੰਜ ਲੱਖ ਦੇ ਗਹਿਣੇ ਹਨ, ਜਦੋਂਕਿ ਬੀਬੀ ਜਗੀਰ ਕੌਰ ਕੋਲ 20 ਲੱਖ ਰੁਪਏ ਦਾ ਸੋਨਾ ਹੈ। ਸਭ ਤੋਂ ਘੱਟ ਸੋਨਾ ਰਾਜਵਿੰਦਰ ਕੌਰ ਭਾਗੀਕੇ ਕੋਲ 1.96 ਲੱਖ ਅਤੇ ਸੀਮਾ ਦੇਵੀ ਕੋਲ 1.30 ਲੱਖ ਦਾ ਹੈ।

ਪ੍ਰਧਾਨ ਮੰਤਰੀ ਦਫ਼ਤਰ ਦੇ ਵੇਰਵਿਆਂ ਅਨੁਸਾਰ ਕੇਂਦਰੀ ਮਹਿਲਾ ਵਜ਼ੀਰਾਂ ਵਿੱਚੋਂ ਹਰਸਿਮਰਤ ਕੌਰ ਬਾਦਲ ਅੱਗੇ ਹੈ, ਜਦੋਂਕਿ ਮੇਨਕਾ ਗਾਂਧੀ ਕੋਲ 1.24 ਕਰੋੜ ਦਾ ਸੋਨਾ ਹੈ। ਮੇਨਕਾ ਗਾਂਧੀ ਕੋਲ 3.41 ਕਿਲੋ ਸੋਨਾ ਅਤੇ 85 ਕਿਲੋ ਚਾਂਦੀ ਹੈ। ਸਮ੍ਰਿਤੀ ਇਰਾਨੀ ਕੋਲ 12.36 ਲੱਖ ਦੇ ਗਹਿਣੇ ਹਨ ਅਤੇ ਸੁਸ਼ਮਾ ਸਵਰਾਜ ਕੋਲ 30.48 ਲੱਖ ਦੇ ਗਹਿਣੇ ਹਨ। ਉਮਾ ਭਾਰਤੀ ਕੋਲ 6 ਕਿਲੋ ਸੋਨੇ-ਚਾਂਦੀ ਦੇ ਬਰਤਨ ਅਤੇ ਗਹਿਣੇ ਹਨ, ਜਿਨ੍ਹਾਂ ਦੀ ਕੀਮਤ 35 ਲੱਖ ਰੁਪਏ ਹੈ। ਨਿਰਮਲਾ ਸੀਤਾਰਮਨ ਕੋਲ 7.87 ਲੱਖ ਦੇ ਗਹਿਣੇ ਹਨ।

# ਨੋਟਬੰਦੀ ਤੋਂ ਦੁਖੀ ਲੋਕਾਂ ਨੇ ਕੀਤਾ ਰੋਸ ਮੁਜ਼ਾਹਰਾ

ਜਗਰਾਉਂ/ਬਿਊਰੋ ਨਿਊਜ਼ : ਕਰੀਬ ਮਹੀਨਾ ਪਹਿਲਾਂ ਲਾਗੂ ਹੋਈ ਨੋਟਬੰਦੀ ਕਾਰਨ ਕਰੰਸੀ ਦੀ ਤੋਟ ਨਾਲ ਜੂਝ ਰਹੇ ਲੋਕ ਹੁਣ ਸੜਕਾਂ 'ਤੇ ਉੱਤਰਨ ਲੱਗੇ ਹਨ। ਕਈ ਦਿਨਾਂ ਤੋਂ ਕਤਾਰਾਂ ਵਿੱਚ ਲੱਗਣ ਦੇ ਬਾਵਜੂਦ ਲੋੜ ਅਨੁਸਾਰ ਪੈਸੇ ਨਾ ਮਿਲਣ ਅਤੇ ਬੈਂਕਾਂ ਵਿੱਚ ਨਕਦੀ ਨਾ ਹੋਣ ਕਾਰਨ ਇੱਥੇ ਲਾਜਪਤ ਰਾਏ ਰੋਡ 'ਤੇ ਸਥਿਤ ਭਾਰਤੀ ਸਟੇਟ ਬੈਂਕ ਦੀ ਮੁੱਖ ਸ਼ਾਖ਼ਾ ਅੱਗੇ ਵੱਖ ਵੱਖ ਧਿਰਾਂ ਦੀ ਅਗਵਾਈ ਵਿੱਚ ਲੋਕਾਂ ਨੇ ਧਰਨਾ ਦਿੱਤਾ। ਧਰਨਾਕਾਰੀ ਹੱਥਾਂ ਵਿੱਚ ਮੋਦੀ ਸਰਕਾਰ ਖ਼ਿਲਾਫ਼ ਲਿਖੇ ਨਾਅਰਿਆਂ ਵਾਲੇ ਬੈਨਰ ਚੁੱਕੀ ਝਾਂਸੀ ਚੌਕ ਤੋਂ ਬੈਂਕ ਅੱਗੇ ਪੁੱਜੇ। ਇਸ ਮੌਕੇ ਸੰਬੋਧਨ ਕਰਦਿਆਂ ਤ੍ਰਿਣਮੂਲ ਕਾਂਗਰਸ ਦੇ ਆਗੂ ਪ੍ਰੀਤਮ ਸਿੰਘ ਅਖਾੜਾ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਹੋਇਆ ਹੈ ਕਿ ਲੋਕ ਆਪਣੇ ਹੀ ਪੈਸੇ ਲੈਣ ਲਈ ਜੂਝ ਰਹੇ ਹਨ। ਇੱਕ ਪਾਸੇ ਵੱਡੇ ਸਨਅਤਕਾਰਾਂ ਦੇ ਕਈ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕਰ ਦਿੱਤੇ ਗਏ ਹਨ ਅਤੇ ਦੂਜੇ ਪਾਸੇ ਦੇਸ਼ ਦੇ ਸਾਧਾਰਨ ਲੋਕ ਆਪਣੇ ਹੀ ਪੈਸੇ ਲੈਣ ਲਈ ਕਤਾਰਾਂ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕ ਸਭਾ ਚੋਣਾਂ ਮੌਕੇ ਨਰਿੰਦਰ ਮੋਦੀ ਨੇ 100 ਦਿਨਾਂ ਅੰਦਰ ਵਿਦੇਸ਼ਾਂ ਵਿੱਚੋਂ ਕਾਲਾ ਧਨ ਲਿਆਉਣ ਅਤੇ ਹਰੇਕ ਦੇਸ਼ ਵਾਸੀ ਦੇ ਖਾਤੇ ਵਿੱਚ ਪੰਦਰਾਂ ਪੰਦਰਾਂ ਲੱਖ ਜਮ੍ਹਾਂ ਕਰਵਾਉਣ ਦਾ ਦਾਅਵਾ ਕੀਤਾ ਤੇ ਬਾਅਦ ਵਿੱਚ ਇਸ ਤੋਂ ਮੁਨਕਰ ਹੋ ਗਏ। ਉਨ੍ਹਾਂ ਕਿਹਾ ਕਿ ਦੇਸ਼ ਅੰਦਰਲੇ ਕੁਝ ਫ਼ੀਸਦ ਕਾਲੇ ਧਨ ਲਈ ਪੂਰਾ ਮੁਲਕ ਸੂਲੀ 'ਤੇ ਟੰਗਿਆ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਈ ਬੈਂਕ ਅਧਿਕਾਰੀ ਕਥਿਤ ਤੌਰ 'ਤੇ ਆਪਣੀ ਜਾਣਕਾਰਾਂ ਦੇ ਨੋਟ ਬਦਲ ਰਹੇ ਹਨ ਅਤੇ ਨਵੇਂ ਨੋਟ ਮੁਹੱਈਆ ਕਰਵਾ ਰਹੇ ਹਨ। ਸਰਪੰਚ ਰਾਜਵਿੰਦਰ ਸਿੰਘ ਹੈਪੀ ਨੇ ਕਿਹਾ ਕਿ ਨੋਟਬੰਦੀ ਕਾਰਨ ਲੋਕਾਂ ਦੇ ਕਾਰੋਬਾਰ ਤਬਾਹੀ ਦੇ ਕੰਢੇ ਹਨ ਅਤੇ ਵਿਆਹ-ਸ਼ਾਦੀਆਂ ਸਮੇਤ ਹੋਰ ਕੰਮ ਪ੍ਰਭਾਵਤ ਹੋ ਰਹੇ ਹਨ। ਇਸ ਮੌਕੇ ਸ਼ਰਨਦੀਪ ਸਿੰਘ ਬੈਨੀਪਾਲ, ਸਰਬਜੀਤ ਸਿੰਘ ਚਰੰਜੀ, ਚਰਨਜੀਤ ਸਿੰਘ ਜਗਜੀਤ ਸਿੰਘ ਜੱਗਾ, ਅਸ਼ੋਕ ਕੁਮਾਰ, ਬਿੱਟੂ ਜਗਰਾਉਂ ਤੇ ਜਤਿੰਦਰ ਸਿੰਘ ਹਾਜ਼ਰ ਸਨ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਹੋਰ ਸਚਾਈਆਂ ਵੀ ਹਨ ਕਾਸਤਰੋ ਦੀ ਇਨਕਲਾਬੀ ਸਖਸ਼ੀਅਤ ਦੀਆਂ

**ਸ. ਕਰਮਜੀਤ ਸਿੰਘ**
(ਮੋਬਾਈਲ : 9915091063)

*ਜਦੋਂ ਤੁਸੀ ਸੱਚੀਂ-ਮੁੱਚੀਂ ਵਾਲੀ ਬਰਾਬਰੀ ਨੂੰ ਧਰਤੀ ਉੱਤੇ ਉਤਾਰਣ ਦੀ ਸੌਂਹ ਹੀ ਖਾ ਲਈ ਹੋਵੇ ਤਾਂ ਸਮਾਜ ਵਿਚ ਇਹੋ ਜਿਹੇ ਵਰਗ ਵੱਡੀ ਗਿਣਤੀ ਵਿਚ ਹੁੰਦੇ ਹਨ ਜਿਨ੍ਹਾਂ ਦੀ ਮਾਨਸਿਕਤਾ ਅਚਨਚੇਤ ਹੋ ਰਹੀ ਇਹੋ ਜਿਹੀ ਸਮਾਜਿਕ ਉੱਥਲ਼ ਪੁੱਥਲ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਕਿਉਂਕਿ "ਵੰਡ ਕੇ ਛਕਣ" ਦਾ ਸਿਧਾਂਤ ਅਜੇ ਉਨ੍ਹਾਂ ਦੇ ਜਿਸਮੋ-ਰੂਹ ਦਾ ਹਿੱਸਾ ਨਹੀਂ ਬਣਿਆ ਹੁੰਦਾ। ਕਾਸਤਰੋ ਨੇ ਇਨ੍ਹਾਂ ਗਾੜ੍ਹੇ ਹਨੇਰਿਆਂ ਨੂੰ ਚੀਰਿਆ ਸੀ।*



ਰਾਜਨੀਤਿਕ ਝੱਖੜਾਂ ਨਾਲ ਕਈ ਵਾਰ ਇਕੱਲਾ ਵੀ ਟੱਕਰਾਂ ਲੈਣ ਵਾਲਾ 20ਵੀਂ ਸਦੀ ਦਾ ਰੰਗਲਾ ਇਨਕਲਾਬੀ ਹੁਣ ਸਾਡੇ



ਵਿਚ ਨਹੀਂ ਰਿਹਾ। ਫੀਦਲ ਕਾਸਤਰੋ ਦੀ ਇਨਕਲਾਬੀ ਸਖਸ਼ੀਅਤ ਲਈ ਪੂਰਾ ਪੂਰਾ ਨਿਆਂ ਕਰਨ ਵਾਸਤੇ ਸ਼ਬਦਾਂ ਦਾ ਅਲੋਪ ਹੋ ਜਾਣਾ ਸੁਭਾਵਕ ਹੈ ਕਿਉਂਕਿ ਥਾਂ-ਥਾਂ ਖਿਲਰੇ ਅਤੇ ਖਿਲਾਰੇ ਗਏ ਕੰਡਿਆਂ ਵਿਚੋਂ ਉਸ ਨੇ ਆਪਣੇ ਅਤੇ ਕਿਊਬਾ ਦੇ ਲੋਕਾਂ ਲਈ ਜਿਵੇਂ ਰਾਹ ਬਣਾਇਆ ਅਤੇ ਜਿਵੇਂ ਆਖਰ ਨੂੰ ਮੰਜ਼ਿਲ 'ਤੇ ਪਹੁੰਚਿਆ, ਉੱਥੇ ਸਾਰੇ ਸ਼ਬਦ ਅਹਿਸਾਸ ਦੇ ਖਜ਼ਾਨੇ ਵਿਚੋਂ ਹੀ ਸ਼ਰਧਾਂਜਲੀ ਤਲਾਸ਼ ਕਰ ਸਕਦੇ ਹਨ। ਤੁਰਕੀ ਦੇ ਮਹਾਨ ਲੇਖਕ ਮਹਿਮਦ ਮੁਰਾਦ ਇਲਦਾਨ ਇਸ ਤਰ੍ਹਾਂ ਦੇ ਅਹਿਸਾਸ ਨੂੰ ਜੋ ਸ਼ਬਦ ਦਿੰਦੇ ਹਨ, ਉਹ ਹੀ ਕਾਸਤਰੋ ਨਾਲ ਇਨਸਾਫ ਕਰ ਸਕਦੇ ਹਨ। ਇਸ ਲੇਖਕ ਮੁਤਾਬਕ, "ਕਿਸੇ ਛੋਟੇ ਜਿਹੇ ਪਿੰਡ ਵਿਚ ਰਹਿੰਦਾ ਕੋਈ ਵੱਡਾ ਬੰਦਾ ਇਉਂ ਸਮਝੋ ਜਿਵੇਂ ਇਕ ਛੋਟੀ ਝੀਲ ਵਿਚ ਵੱਡਾ ਜਹਾਜ਼ ਚਲ ਰਿਹਾ ਹੋਵੇ। ਆਓ ਆਪਾਂ ਇਹੋ ਜਿਹੇ ਜਹਾਜ਼ ਨੂੰ ਵੱਡੇ ਸਮੁੰਦਰਾਂ ਵਿਚ ਲੈ ਜਾਈਏ।" ਸਾਰੀ ਦੁਨੀਆ ਨੇ ਵੇਖਿਆ ਕਿ ਇਹ ਕਾਸਤਰੋ ਇਨਕਲਾਬ ਦੀ ਖੁਸ਼ਬੋ, ਤਾਕਤ ਅਤੇ ਪ੍ਰਭਾਵ ਨੂੰ ਸਾਰੀ ਦੁਨੀਆ ਵਿਚ ਲੈ ਗਿਆ। ਇਕ ਵਾਰ ਜ਼ਰਾ ਨਕਸ਼ੇ ਨੂੰ ਨੀਝ ਲਾ ਕੇ ਵੇਖੋ ਤੇ ਧਿਆਨ ਉਸ ਖਿੱਤੇ ਵੱਲ ਲੈ ਕੇ ਜਾਓ ਜਿਸ ਨੂੰ ਭੂਗੋਲ ਵਿਗਿਆਨੀ ਦੱਖਣੀ ਅਮਰੀਕਾ ਕਹਿੰਦੇ ਹਨ। ਇਸ ਖਿੱਤੇ ਵਿਚ ਇਕ ਛੋਟਾ ਜਿਹਾ ਮੁਲਕ ਹੈ ਕਿਉਬਾ ਪਰ ਰਹਿਣ ਵਾਲੇ ਲੋਕ ਵੱਡੇ ਦਿਲਾਂ ਵਾਲੇ ਅਤੇ ਆਪਣੀ ਧੁੰਨ ਦੇ ਪੱਕੇ। ਇਨ੍ਹਾਂ ਹੀ ਦ੍ਰਿੜ ਇਰਾਦੇ ਵਾਲੇ ਲੋਕਾਂ ਵਿਚੋਂ ਹੀ ਕਾਸਤਰੋ ਵੱਡਾ ਹੋਇਆ ਅਤੇ ਇਤਿਹਾਸਕਾਰ ਤੇ ਉੱਘਾ ਪੱਤਰਕਾਰ ਰਿਚਰਡ ਗੋਟ ਠੀਕ ਹੀ ਕਹਿੰਦਾ ਹੈ ਕਿ ਇਹ ਅਸਾਧਾਰਨ ਰਾਜਨੀਤਿਕ ਮਨੁੱਖ "ਵਿਸ਼ਵ ਦਾ ਨਾਇਕ" ਹੋ ਨਿਬੜਿਆ ਜਿਸ ਨੂੰ 20ਵੀਂ ਸਦੀ ਦਾ ਗੈਰੀਬਾਰਡੀ ਕਿਹਾ ਜਾ ਸਕਦਾ ਹੈ। ਇਹ ਉਹੋ ਗੈਰੀਬਾਰਡੀ ਸੀ ਜਿਸ ਦੀ ਜ਼ਿੰਦਗੀ ਕਾਸਤਰੋ ਵਾਂਗ ਹੀ ਬੇਸ਼ੁਮਾਰ ਘੁੰਮਣਘੇਰੀਆਂ ਅਤੇ ਵਾਵਰੋਲਿਆਂ ਵਿਚੋਂ ਲੰਘੀ ਸੀ। ਪਰ ਉਸ ਨੇ ਬਚਪਨ ਵਿਚ ਹੀ ਸੌਂਹ ਖਾ ਲਈ ਸੀ ਕਿ ਇਟਲੀ ਨੂੰ ਇਕ ਕਰਕੇ ਹੀ ਇਸ ਦੁਨੀਆ ਨੂੰ ਅਲਵਿਦਾ ਕਹਾਂਗਾ ਅਤੇ ਹੋਇਆ ਵੀ ਇੰਝ ਹੀ। ਪਰ ਚਲੋ ਇਟਲੀ ਤਾਂ ਵੱਡਾ ਮੁਲਕ ਸੀ ਜਿਸ ਦਾ ਪਿਛਲਾ ਇਤਿਹਾਸ ਦੋ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣਾ ਹੈ ਪਰ ਕਿਊਬਾ ਤਾਂ ਇਕ ਛੋਟਾ ਜਿਹਾ ਮੁਲਕ ਹੈ, ਜਿਹੜਾ ਕੋਲੰਬਸ ਨੇ 1492 ਈ. ਵਿਚ ਹੀ ਲੱਭਿਆ। ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸ ਦੇ ਗੁਆਂਢ ਵਿਚ ਇਕ ਇਹੋ ਜਿਹਾ ਵੱਡਾ ਰਾਜਨੀਤਿਕ ਮਗਰਮੱਛ ਅਮਰੀਕਾ ਸੀ ਅਤੇ ਕਿਸੇ ਦੀ ਕੀ ਮਜਾਲ ਸੀ ਕਿ ਦੱਖਣੀ ਅਮਰੀਕਾ ਖਿੱਤੇ ਦੇ ਕੀੜੇ ਮਕੌੜਿਆਂ ਵਰਗੇ ਮੁਲਕ ਉਸ ਦੀ ਵਾਅ ਵੱਲ ਵੀ ਵੇਖ ਸਕਣ। ਪਰ ਇਹ ਕਾਸਤਰੋ ਹੀ ਸੀ ਜਿਸ ਨੇ ਕਦੇ ਵੀ ਉਸ ਦੀ ਧੋਂਸ ਨਹੀਂ ਸੀ ਮੰਨੀ ਤੇ ਇਹ ਠੰਢੀ-ਤੱਤੀ ਜੰਗ 60 ਸਾਲ ਤਕ ਚਲਦੀ ਰਹੀ। ਉਸ ਉੱਤੇ 600 ਤੋਂ ਵੀ ਉਪਰ ਸਿੱਧੇ ਅਤੇ ਅਸਿੱਧੇ ਹਮਲੇ ਹੋਏ ਪਰ ਹਰ ਵਾਰ ਉਹ ਬਚਦਾ ਰਿਹਾ। ਉਸ ਦੀ ਰਾਜਨੀਤਿਕ ਚੜ੍ਹਤ ਨਾਲ ਜੁੜੀਆਂ ਘਟਨਾਵਾਂ ਤਾਂ ਅਖਬਾਰਾਂ ਵਿਚ ਇਨ੍ਹੀਂ ਦਿਨੀਂ ਛੱਪ ਹੀ ਰਹੀਆਂ ਹਨ, ਪਰ ਉਸ ਦੀ ਸ਼ਖਸੀਅਤ ਵਿਚ ਹੋਰ ਵੀ ਕਈ ਦਿਲਚਸਪ ਸਚਾਈਆਂ ਹਨ ਜੋ ਅੱਜ ਦੇ ਸਿਆਸਤਦਾਨਾਂ ਅਤੇ ਸਮਾਜ ਵਿਗਿਆਨੀਆਂ ਲਈ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਰਾਜਨੀਤਿਕ ਕਦਰਾਂ ਕੀਮਤਾਂ ਦਾ ਗਰਾਫ਼ ਨਿਵਾਣਾਂ ਵੱਲ ਜਾ ਰਿਹਾ ਹੈ। ਅਮਰੀਕਾ ਵਿਚ ਟਰੰਪ, ਰੂਸ ਵਿਚ ਪੁਤਿਨ ਅਤੇ ਭਾਰਤ ਵਿਚ ਮੋਦੀ ਦੀ ਰਾਜਨੀਤਿਕ ਬੱਲੇ-ਬੱਲੇ ਦੇ ਕੁਝ ਇਹੋ ਜਿਹੇ ਰੰਗ ਨਜ਼ਰ ਆਉਂਦੇ ਹਨ ਜਿਸ ਨਾਲ ਇਉਂ ਜਾਪਦਾ ਹੈ ਜਿਵੇਂ ਸੰਸਾਰ ਤੇਜ਼ੀ ਨਾਲ ਕਿਸੇ ਅੰਨ੍ਹੀ ਗਲੀ ਵੱਲ ਵੱਧ ਰਿਹਾ ਹੈ। ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇ ਛੇਤੀ ਹੀ ਫਰਾਂਸ, ਬਰਤਾਨੀਆ ਅਤੇ ਹੋਰ ਮੁਲਕਾਂ ਉੱਤੇ ਵੀ ਇਹੋ ਜਿਹੇ ਰੰਗ ਚੜ੍ਹ ਜਾਣਗੇ। ਫੀਦਲ ਕਾਸਤਰੋ ਨੂੰ ਭਾਵੇਂ ਅਸੀਂ ਪਰਮ ਮਨੁੱਖ ਦਾ ਦਰਜਾ ਨਹੀਂ ਦੇ ਸਕਦੇ ਪਰ ਫੇਰ ਵੀ ਉਸ ਦੇ ਜੀਵਨ ਦਾ ਸਭ ਤੋਂ ਵੱਡਾ ਸੁਪਨਾ ਸੀ ਕਿ ਸਮਾਜ ਦੇ ਸਾਰੇ ਵਰਗਾਂ ਵਿਚ ਹਰ ਪੱਖ ਤੋਂ ਅਤੇ ਵਿਸ਼ੇਸ਼ ਕਰਕੇ ਆਰਥਿਕ ਪੱਖ ਤੋਂ ਬਰਾਬਰੀ ਲਿਆਂਦੀ ਜਾਵੇ। ਇਸ ਹਕੀਕਤ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਸੱਚੀਂ-ਮੁੱਚੀਂ ਦੀ ਬਰਾਬਰੀ ਨਾ ਹੀ ਸਾਬਕਾ ਸੋਵੀਅਤ ਯੂਨੀਅਨ ਵਿਚ ਲਿਆਂਦੀ ਜਾ ਸਕੀ ਅਤੇ ਨਾ ਹੀ ਚੀਨ ਇਸ ਆਦਰਸ਼ਕ ਮੰਜ਼ਿਲ ਨੂੰ ਸਰ ਕਰਨ ਦਾ ਦਾਅਵਾ ਕਰ ਸਕਦਾ ਹੈ। ਰੂਸ ਨੇ ਬਰਾਬਰੀ ਦਾ ਨਾਅਰਾ ਬੁਲੰਦ ਕੀਤਾ ਸੀ ਜਿਸ ਦਾ ਫਰਾਂਸ ਦੇ ਇਨਕਲਾਬ ਵਿਚ ਵੱਡਾ ਰੋਲ ਸੀ ਪਰ ਉਹ ਇਨਕਲਾਬ ਵੀ ਬਰਾਬਰੀ ਦਾ ਸੁਪਨਾ ਲਾਗੂ ਨਾ ਕਰ ਸਕਿਆ। ਪਰ ਇਕ ਕਰੋੜ 10 ਲੱਖ ਦੀ ਅਬਾਦੀ ਵਾਲਾ ਕਿਊਬਾ ਐਨੀਆਂ ਭਿਆਨਕ ਰੁਕਾਵਟਾਂ ਤੇ ਮੁਸ਼ਕਲਾਂ ਦਾ ਟਾਕਰਾ ਕਰਦਿਆਂ ਕਰੀਬ-ਕਰੀਬ 'ਸੱਚੀ-ਮੁੱਚੀਂ' ਵਾਲੀ ਬਰਾਬਰੀ ਕਿਵੇਂ ਲਿਆ ਸਕਿਆ, ਇਹ ਸਮਾਜਵਾਦੀ ਅਤੇ ਸਰਮਾਏਦਾਰ ਹਕੂਮਤਾਂ ਲਈ ਵੱਡੀ ਚੁਣੌਤੀ ਵੀ ਹੈ ਅਤੇ ਖੋਜ ਦਾ ਵਿਸ਼ਾ ਵੀ ਹੈ।

• ਅੱਜ ਸਿਹਤ 'ਤੇ ਵਿਦਿਆ ਉੱਤੇ ਵਪਾਰੀਆਂ ਦਾ ਕਬਜ਼ਾ ਹੈ। ਇਨ੍ਹਾਂ ਅੱਤ ਮਹਿੰਗੇ ਖੇਤਰਾਂ ਵਿਚ ਕਿਸੇ ਗਰੀਬ ਦਾ ਪੜ੍ਹ ਸਕਣਾ ਜਾਂ ਇਲਾਜ ਕਰਵਾ ਸਕਣਾ ਏਨਾ ਅਸਾਨ ਨਹੀਂ ਹੈ। ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਕਿਊਬਾ ਦੀ ਰਾਜਧਾਨੀ ਹਵਾਨਾ ਵਿਚ ਸਮੁੰਦਰ ਦੇ ਕਿਨਾਰੇ ਇਕ ਮੈਡੀਕਲ ਕਾਲਜ ਹੈ ਜੋ ਇਕੱਲੇ ਕਿਊਬਾ ਦੇ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਸਰਬੱਤ ਦੇ ਭਲੇ ਦੇ ਆਦਰਸ਼ ਅਤੇ "ਸਭੈ ਸਾਂਝੀਵਾਲ ਸਦਾਇਨੁ" ਨੂੰ ਅਮਲ ਵਿਚ ਉਤਾਰਦਿਆਂ ਸਾਰੀ ਦੁਨੀਆ ਦੇ ਗਰੀਬ ਵਿਦਿਆਰਥੀਆਂ ਲਈ ਹੈ, ਜਿੱਥੇ 110 ਮੁਲਕਾਂ ਦੇ 20,000 ਵਿਦਿਆਰਥੀ ਡਾਕਟਰੀ ਦੀ ਸਿੱਖਿਆ ਲੈਂਦੇ ਹਨ। ਕੋਈ ਫੀਸ ਨਹੀਂ, ਰਿਹਾਇਸ਼ ਮੁਫਤ ਹੈ, ਰੋਟੀ-ਪਾਣੀ ਮੁਫਤ ਹੈ, ਵਿਦਿਆਰਥੀਆਂ ਨੂੰ ਜੇਬ ਖਰਚਾ ਵੀ ਮਿਲਦਾ ਹੈ ਤੇ ਪਾਉਣ ਲਈ ਕੱਪੜੇ ਵੀ। ਹਾਲਤ ਏਥੋਂ ਤਕ ਪਹੁੰਚ ਗਈ ਕਿ ਅਮਰੀਕਾ ਤੋਂ ਵੀ ਗਰੀਬ ਵਿਦਿਆਰਥੀ ਏਥੇ ਹੀ ਪੜ੍ਹਨਾ ਪਸੰਦ ਕਰਦੇ ਹਨ। ਕਿਊਬਾ ਦੇ ਲੋਕਾਂ ਦੀ ਔਸਤ ਉਮਰ 78 ਸਾਲ ਹੈ ਜਦਕਿ ਗੁਆਂਢ ਵਿਚ ਹੀ ਪੈਂਦੇ ਹੈਤੀ ਨਾਂ ਦੇ ਮੁਲਕ ਵਿਚ ਲੋਕ 48 ਸਾਲ ਤਕ ਪਹੁੰਚ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੰਦੇ ਹਨ। ਇਹ ਅੰਕੜੇ ਸਰਕਾਰੀ ਨਹੀਂ ਸਗੋਂ ਸੰਯੁਕਤ ਰਾਸ਼ਟਰ ਵਲੋਂ ਦਿੱਤੇ ਗਏ ਹਨ।

• ਤੁਸੀਂ ਜਾਦੂ ਦੀ ਛੜੀ ਨਾਲ ਆਪਣੇ ਸੁਪਨਿਆਂ ਨੂੰ ਹਕੀਕਤ ਵਿਚ ਨਹੀਂ ਬਦਲ ਸਕਦੇ। ਮਹਾਨ ਲੋਕਾਂ ਨੂੰ, ਪਰ ਉਹ ਮਹਾਨ ਹੋਣ ਸਹੀ, ਉਨ੍ਹਾਂ ਨੂੰ ਵੀ ਰਾਤਾਂ ਨੂੰ ਜਾਗਣਾ ਪੈਂਦਾ ਹੈ। ਕਾਸਤਰੋ ਦੇਰ ਰਾਤ ਤਕ ਜਾਗਦਾ ਸੀ। ਇਹ ਮਿਸਾਲ ਸ਼ਾਇਦ ਹੀ ਕਿਤੇ ਮਿਲੇਗੀ ਕਿ ਕਾਸਤਰੋ ਸਵੇਰੇ ਤਿੰਨ ਵਜੇ ਦੇ ਕਰੀਬ ਸੌਂਦਾ ਸੀ। ਬਰਤਾਨਵੀ ਇਤਿਹਾਸਕਾਰ ਅਲੈਕਸ ਵੋਨ ਜ਼ੈਲਮਨ ਮੰਨਦਾ ਹੈ ਕਿ ਕਾਸਤਰੋ ਕਈ ਵਾਰ ਬੇਤਰਸ ਤੇ ਕਠੋਰ ਹੋ ਜਾਂਦਾ ਸੀ ਪਰ ਜਿਨ੍ਹਾਂ ਹਾਲਤਾਂ ਦਾ ਉਹ ਸਾਹਮਣਾ ਕਰ ਰਿਹਾ ਸੀ ਉਨ੍ਹਾਂ ਹਾਲਤਾਂ ਵਿਚ ਕਠੋਰ ਹੋਣਾ ਸੁਭਾਵਕ ਸੀ ਪਰ ਵੱਡੀ ਗੱਲ ਇਹ ਸੀ ਕਿ ਉਹ ਖਾਸ ਬੰਦਿਆਂ ਦੇ ਨਾਲ ਨਾਲ ਆਮ ਬੰਦਿਆਂ ਨੂੰ ਮਿਲਣ ਤੇ ਉਨ੍ਹਾਂ ਵਿਚ ਘੁਲ-ਮਿਲ ਜਾਣ ਨੂੰ ਵਧੇਰੇ ਪਸੰਦ ਕਰਦਾ ਸੀ।

**ਉਸ ਦੇ ਇਹ ਸ਼ਬਦ ਯਾਦ ਰੱਖਣ ਵਾਲੇ ਹਨ ਕਿ ਰਾਜਨੀਤੀ, ਇਨਕਲਾਬ ਅਤੇ ਵਿਚਾਰ ਮਰਦੇ ਦਮ ਤਕ ਉਸ ਦੇ ਅੰਦਰ ਹਰ ਪਲ ਜਗਦੇ ਰਹਿਣਗੇ। ਉਸ ਦੇ ਮੂੰਹੋਂ ਨਿਕਲੇ ਇਹ ਤਿੰਨ ਕੀਮਤੀ ਸ਼ਬਦ 21ਵੀਂ ਸਦੀ ਦੇ ਭਟਕ ਰਹੇ ਸਿਆਸਤਦਾਨਾਂ ਲਈ ਮਾਰਗਦਰਸ਼ਕ ਬਣ ਸਕਦੇ ਹਨ।**

• ਉਹ ਤਕਰੀਰ ਦਾ ਧਨੀ ਸੀ ਤੇ ਆਪਣੀ ਤਕਰੀਰ ਨਾਲ ਲੋਕਾਂ ਨੂੰ ਖਿੱਚ ਲੈਂਦਾ ਸੀ। ਉਹ ਘੰਟਿਆਂ ਬੱਧੀ ਬੋਲ ਸਕਦਾ ਸੀ। ਸ਼ੈਕਸਪੀਅਰ ਦੇ ਮਸ਼ਹੂਰ ਨਾਟਕ 'ਜੂਲੀਅਸ ਸੀਜ਼ਰ' ਵਿਚ ਜਰਨੈਲ ਐਂਟਨੀ ਆਪਣੀ ਤਕਰੀਰ ਨਾਲ ਹੀ ਪਾਸਾ ਪਲਟ ਦਿੰਦਾ ਹੈ। ਪਰ ਉਹ ਤਾਂ ਇਕ ਨਾਟਕ ਹੀ ਸੀ ਜਿਸ ਵਿਚ ਮਿੱਥ ਤੇ ਹਕੀਕਤ ਦੋਵੇਂ ਹੀ ਸ਼ਾਮਲ ਸਨ। ਪਰ ਕਾਸਤਰੋ ਸੱਚਮੁੱਚ ਦਾ ਦਿਲਕਸ਼ ਬੁਲਾਰਾ ਸੀ। ਏਥੇ ਹੀ ਬਸ ਨਹੀਂ ਉਸ ਦੀ ਤਕਰੀਰ ਵਿਚ ਇਤਿਹਾਸ, ਸਾਹਿਤ, ਫਿਲਮਾਂ, ਖਬਰਾਂ, ਫੌਜੀ ਹੁਨਰ, ਦਰਖਤ ਅਤੇ ਕਿਤਾਬਾਂ ਦਾ ਵੀ ਰੌਣਕ ਮੇਲਾ ਲਗਦਾ ਸੀ। ਭਾਸ਼ਣ ਵੀ ਜੁਬਾਨੀ ਹੀ ਹੁੰਦੇ ਸਨ। ਫਿਰ ਵੀ ਉਸ ਨੇ ਆਪਣੇ ਆਲੇ-ਦੁਆਲੇ ਇਹੋ ਜਿਹਾ ਮਾਹੌਲ ਪੈਦਾ ਨਹੀਂ ਹੋਣ ਦਿੱਤਾ ਜਿਸ ਨਾਲ ਲੋਕ ਉਸ ਦੀ ਪੂਜਾ ਕਰਨ ਲੱਗ ਪੈਣ। ਚਾਪਲੂਸੀ ਕਰਨ ਵਾਲਿਆਂ ਨੂੰ ਉਹ ਬੜੀ ਛੇਤੀ ਪਛਾਣ ਲੈਂਦਾ ਸੀ ਕਿ ਉਹ ਕਿਸ ਇਰਾਦੇ ਨਾਲ ਬੋਲ ਰਹੇ ਹਨ। ਇਕ ਰਾਜਨੀਤਿਕ ਵਿਗਿਆਨੀ ਪਾਲ ਸੋਂਡਰਲ ਨੇ ਵੀ ਇਸ ਗੱਲ ਦੀ ਗਵਾਹੀ ਦਿੱਤੀ ਹੈ।

› ਕਾਸਤਰੋ ਨਾ ਤਾਂ ਪੱਕਾ ਨਾਸਤਿਕ ਸੀ ਤੇ ਨਾ ਹੀ ਪੱਕਾ ਆਸਤਿਕ। ਮਾਰਕਸਵਾਦ ਫਿਲਾਸਫੀ ਉੱਤੇ ਉਸ ਦੀ ਪਕੜ ਕਹਿੰਦੇ ਕਹਾਉਂਦੇ ਸਿਧਾਂਤਕਾਰਾਂ ਵਾਲੀ ਨਹੀਂ ਸੀ ਅਤੇ ਨਾ ਹੀ ਉਹ ਧਰਮ ਨੂੰ ਉਸ ਤਰ੍ਹਾਂ ਮੰਨਦਾ ਸੀ ਜਿਵੇਂ ਕਿ ਧਾਰਮਿਕ ਲੋਕ ਮੰਨਦੇ ਹਨ। ਵੈਸੇ ਉਸ ਨੂੰ ਬਚਪਨ ਵਿਚ ਹੀ ਇਸਾਈ ਮੱਤ ਦੀ ਦੀਖਿਆ ਦਿੱਤੀ ਗਈ ਸੀ ਪਰ ਬਾਅਦ ਵਿਚ ਯੂਨੀਵਰਸਿਟੀ ਵਿਚ ਕਾਨੂੰਨ ਦੀ ਪੜ੍ਹਾਈ ਕਰਦਿਆਂ ਉਸ ਦਾ ਧਰਮ ਦੇ ਬਾਹਰੀ ਸਰੂਪਾਂ ਤੋਂ ਯਕੀਨ ਉੱਠ ਗਿਆ ਸੀ। ਬਸ ਉਹ ਤਾਂ ਇਨਸਾਫ ਦੀ ਗੱਲ ਕਰਦਾ ਸੀ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਨਿਰਮਲ ਸਰੂਪ ਵਿਚ ਵਿਸ਼ਵਾਸ ਰੱਖਦਾ ਸੀ। ਇਹ ਜਾਣਕਾਰੀ ਦਿਲਚਸਪ ਹੋਵੇਗੀ ਕਿ 20 ਸਤੰਬਰ 2015 ਨੂੰ ਕਾਸਤਰੋ ਦੀ ਮੁਲਾਕਾਤ ਪੋਪ ਫਰਾਂਸੀਸ ਨਾਲ ਹਵਾਨਾ ਵਿਚ ਹੀ ਹੋਈ। ਕਾਸਤਰੋ ਨੇ ਪੋਪ ਨੂੰ ਇਕ ਕਿਤਾਬ ਭੇਟ ਕੀਤੀ ਜਿਸ ਦਾ ਸਿਰਲੇਖ ਸੀ, "ਫਿਦੇਲ ਤੇ ਧਰਮ"। ਇਹ ਕਿਤਾਬ 23 ਘੰਟੇ ਲੰਬੀਆਂ ਮੁਲਾਕਾਤਾਂ ਉੱਤੇ ਆਧਾਰਤ ਸੀ। ਉਸ ਨੇ ਪੋਪ ਨਾਲ ਦੁਨੀਆ ਦੇ ਖਰਾਬ ਹੋਏ ਵਾਤਾਵਰਣ ਬਾਰੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਸ਼ਾਇਦ ਇਹ ਜਾਣਕਾਰੀ ਵੀ ਦਿਲਚਸਪ ਹੋਵੇਗੀ ਕਿ 1991 ਵਿਚ ਉਸ ਦੇ ਇਕੋ ਇਕ ਗੂੜ੍ਹੇ ਸਾਥੀ ਸੋਵੀਅਤ ਯੂਨੀਅਨ ਦੇ ਡਿਗਣ ਪਿਛੋਂ ਜਦੋਂ ਉਹ ਇਕੱਲਾ ਹੀ ਰਹਿ ਗਿਆ ਸੀ ਤਾਂ ਉਸ ਸਮੇਂ ਉਸ ਨੇ ਵਾਤਾਵਰਣ ਦੇ ਮੁੱਦੇ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ। ਉਸ ਨੇ ਪੋਪ ਨਾਲ ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਵੀ ਗੱਲਾਂ ਕੀਤੀਆਂ। ਕਾਸਤਰੋ ਨੇ ਜਜ਼ਬਿਆਂ ਵਿਚ ਭਿੱਜੇ ਲਹਿਜ਼ੇ ਵਿਚ ਪੋਪ ਨੂੰ ਯਾਦ ਕਰਵਾਇਆ ਕਿ ਜਿਹੜੇ ਆਪਣੇ ਲੋਕਾਂ ਲਈ ਸੰਜੀਦਾ ਤੇ ਇਮਾਨਦਾਰੀ ਨਾਲ ਸੰਘਰਸ਼ ਕਰਦੇ ਹਨ ਉਹ ਭਾਵੇਂ ਰੱਬ ਨੂੰ ਮੰਨਦੇ ਹੋਣ ਤੇ ਭਾਵੇਂ ਨਾ ਮੰਨਦੇ ਹੋਣ, ਉਹ ਹੀ ਅਸਲੀ ਇਨਸਾਨ ਹੁੰਦੇ ਹਨ। ਉਸ ਨੇ ਪੋਪ ਅੱਗੇ ਤਰਕ ਪੇਸ਼ ਕੀਤਾ ਕਿ ਯਸੂ ਮਸੀਹ ਨੇ ਆਪਣੇ ਨਾਲ ਜਿਹੜੇ 12 ਸਾਥੀਆਂ ਨੂੰ ਚੁਣਿਆ ਉਹ ਗਰੀਬ ਤੇ ਸਾਧਾਰਨ ਲੋਕ ਸਨ। ਕਮਿਊਨਿਸਟਾਂ ਦੇ ਮੁਹਾਵਰੇ ਵਿਚ ਉਹ ਅੱਜ ਦੇ ਪਰੋਲੇਤਾਰੀ ਯਾਨੀ ਕਿਰਤੀ ਲੋਕ ਸਨ। ਇਕ ਹੋਰ ਥਾਂ 'ਤੇ ਕਾਸਤਰੋ ਨੇ ਯਸੂ ਮਸੀਹ ਨੂੰ ਸੱਚਾ ਕਾਮਿਊਨਿਸਟ ਆਖਿਆ। ਸ਼ਾਇਦ ਅਸੀਂ ਇਹ ਐਲਾਨ ਕਰ ਸਕਦੇ ਹਾਂ ਕਿ ਪਰੋਲੇਤਾਰੀ ਸਿਸਟਮ ਨੂੰ ਅਮਲੀ ਰੂਪ ਵਿਚ ਬਾਦਸ਼ਾਹਤ ਦਾ ਰੁਤਬਾ ਜੇ ਕਿਤੇ ਦਿੱਤਾ ਗਿਆ ਤਾਂ ਮਿਸਾਲ ਲਈ ਕਿਊਬਾ ਨੂੰ ਹੀ ਯਾਦ ਰੱਖਿਆ ਜਾਵੇਗਾ। ਸ਼ਾਇਦ ਇਹੋ ਕਾਰਨ ਸੀ ਕਿ ਉਸ ੀ ਇਕ ਭੈਣ ਜੂਨੈਤਾ ਕਾਸਤਰੋ ਵੀ ਉਸ ਨੂੰ ਛੱਡ ਕੇ ਅਮਰੀਕਾ ਚਲੀ ਗਈ ਸੀ ਕਿਉਂਕਿ ਖੁੱਲ੍ਹੇ ਖਰਚਿਆਂ ਦੀ ਮੌਜ ਕਾਸਤਰੋ ਨਹੀਂ ਸੀ ਦੇ ਸਕਦਾ। ਉਸ ਦੀ ਇਕ ਧੀ ਵੀ ਨਾਰਾਜ਼ ਹੋ ਕੇ ਚਲੀ ਗਈ। ਉਹ ਅਤੇ ਹੋਰ ਅਨੇਕਾਂ ਉਸ ਦੇ ਵਿਰੁੱਧ ਬੋਲਦੇ ਰਹਿੰਦੇ ਸਨ ਪਰ ਕਾਸਤਰੋ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਸੀ ਕਰਦਾ।

› ਕਿਹਾ ਜਾਂਦਾ ਹੈ ਕਿ ਕਾਸਤਰੋ ਇਕ ਤਾਨਾਸ਼ਾਹ ਸੀ, ਕਿ ਉਹ ਅੱਤ ਦਾ ਬੇਰਹਿਮ ਸੀ, ਕਿ ਉਸ ਦੇ ਰਾਜ ਵਿਚ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋਈ, ਕਿ ਉਸ ਦੀ ਦਹਿਸ਼ਤ ਕਾਰਨ ਹਜ਼ਾਰਾਂ ਲੋਕਾਂ ਨੇ ਅਮਰੀਕਾ ਤੇ ਹੋਰਨੀ ਥਾਈਂ ਰਾਜਨੀਤਿਕ ਸ਼ਰਣ ਲਈ। ਇਹੋ ਜਿਹੇ ਦੋਸ਼ ਕਿਸੇ ਹੱਦ ਤਕ ਠੀਕ ਵੀ ਹਨ। ਇਹ ਸੱਚ ਹੈ ਕਿ ਅਮਰੀਕਾ ਦੇ ਇਕ ਸੂਬੇ ਵਿਚ ਰਾਜਸੀ ਸ਼ਰਨ ਲੈਣ ਵਾਲਿਆਂ ਦਾ ਇਕ ਕਸਬਾ ਵੀ ਹੈ ਜਿਸ ਨੂੰ ਕਿਊਬਾ ਦੀ ਰਾਜਧਾਨੀ ਹਵਾਨਾ ਦੇ ਨਾਂ 'ਤੇ "ਨਿੱਕਾ ਹਵਾਨਾ" ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਨੇ ਕਾਸਤਰੋ ਦੀ ਮੌਤ ਉੱਤੇ ਖੁਸ਼ੀ ਵਿਚ ਭੰਗੜੇ ਵੀ ਪਾਏ। ਪਰ ਜਦੋਂ ਤੁਸੀ ਸੱਚੀਂ-ਮੁੱਚੀਂ ਵਾਲੀ ਬਰਾਬਰੀ ਨੂੰ ਧਰਤੀ ਉੱਤੇ ਉਤਾਰਣ ਦੀ ਸੌਂਹ ਹੀ ਖਾ ਲਈ ਹੋਵੇ ਤਾਂ ਸਮਾਜ ਵਿਚ ਇਹੋ ਜਿਹੇ ਵਰਗ ਵੱਡੀ ਗਿਣਤੀ ਵਿਚ ਹੁੰਦੇ ਹਨ ਜਿਨ੍ਹਾਂ ਦੀ ਮਾਨਸਿਕਤਾ ਅਚਨਚੇਤ ਹੋ ਰਹੀ ਇਹੋ ਜਿਹੀ ਸਮਾਜਿਕ ਉੱਥਲ਼ ਪੁੱਥਲ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਕਿਉਂਕਿ "ਵੰਡ ਕੇ ਛਕਣ" ਦਾ ਸਿਧਾਂਤ ਅਜੇ ਉਨ੍ਹਾਂ ਦੇ ਜਿਸਮੋ-ਰੂਹ ਦਾ ਹਿੱਸਾ ਨਹੀਂ ਬਣਿਆ ਹੁੰਦਾ। ਕਾਸਤਰੋ ਨੇ ਇਨ੍ਹਾਂ ਗਾੜ੍ਹੇ ਹਨੇਰਿਆਂ ਨੂੰ ਚੀਰਿਆ ਸੀ। ਕੀ ਸਿਹਤ ਤੇ ਉੱਚੀਆਂ ਪੜ੍ਹਾਈਆਂ ਦੀ ਗੱਲ ਭਲਾ ਅੱਜ ਦੇ ਜ਼ਮਾਨੇ ਵਿਚ ਮੁਫਤ ਕਿਤੇ ਮਿਲੇਗੀ ? ਇਹ ਦੋਵੇਂ ਬਰਕਤਾਂ ਯਾਨੀ ਸਿਹਤ ਤੇ ਵਿਦਿਆ, ਤਨ ਤੇ ਮਨ ਦੋਵਾਂ ਨੂੰ ਰੌਸ਼ਨ ਕਰਦੀਆਂ ਹਨ ਅਤੇ ਦੁਨੀਆ ਅੱਜ ਇਸੇ ਤੋਂ ਹੀ ਵਾਂਝੀ ਹੈ। ਕਿੰਨੇ ਕੁ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਹਨ ਜੋ ਕਿਤਾਬਾਂ ਨੂੰ ਪਿਆਰ ਕਰਦੇ ਹਨ। ਪਰ ਕਾਸਤਰੋ ਨੂੰ ਕਿਤਾਬਾਂ ਨਾਲ ਪਿਆਰ ਸੀ, ਵੱਡੀਆਂ ਫਿਲਮਾਂ ਵੇਖਣ ਦਾ ਸ਼ੌਂਕ ਸੀ, ਬੂਟਿਆਂ ਨੂੰ ਮਿੱਟੀ ਤੋਂ ਬਿਨਾਂ ਹੀ ਉਗਾਉਣ ਦਾ ਸ਼ੌਂਕ ਸੀ, ਵੰਨ-ਸੁਵੰਨੇ ਵਧੀਆ ਖਾਣੇ ਬਣਾਉਣੇ ਪਸੰਦ ਸਨ, ਬਾਸਕਿਟਬਾਲ ਤੇ ਬੇਸਬਾਲ ਖੇਡਣ ਦਾ ਸ਼ੌਂਕ ਸੀ ਅਤੇ ਰੋਜ਼ਾਨਾ ਕਸਰਤ ਕਰਨੀ ਉਸ ਦੇ ਜੀਵਨ ਦਾ ਹਿੱਸਾ ਸੀ। 'ਬੁੱਢਾ ਆਦਮੀ ਤੇ ਸਮੁੰਦਰ' ਦਾ ਨਾਇਕ ਤੇ ਉਸ ਮਹਾਨ ਨਾਵਲ ਦਾ ਲੇਖਕ ਉਸ ਨੂੰ ਪਸੰਦ ਸੀ। ਪਰ "100 ਸਾਲਾਂ ਦਾ ਇਕਲਾਪਾ" ਨਾਵਲ ਦੇ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਨਾਲ ਉਸ ਨੂੰ ਇਸ ਹੱਦ ਤਕ ਪਿਆਰ ਹੋ ਗਿਆ ਸੀ ਕਿ ਉਹ ਇਹ ਕਹਿਣੋ ਨਹੀਂ ਰਹਿ ਸਕਿਆ ਕਿ ਜੇ ਮੈਨੂੰ ਅਗਲਾ ਜਨਮ ਮਿਲਿਆ ਤਾਂ ਮੈਂ ਇਕ ਸਿਆਸੀ ਆਗੂ ਬਣਨ ਦੀ ਥਾਂ ਮਾਰਕੁਏਜ਼ ਵਰਗਾ ਲੇਖਕ ਬਣਨਾ ਚਾਹਾਂਗਾ। ਉਸ ਦੇ ਇਹ ਸ਼ਬਦ ਯਾਦ ਰੱਖਣ ਵਾਲੇ ਹਨ ਕਿ ਰਾਜਨੀਤੀ, ਇਨਕਲਾਬ ਅਤੇ ਵਿਚਾਰ ਮਰਦੇ ਦਮ ਤਕ ਉਸ ਦੇ ਅੰਦਰ ਹਰ ਪਲ ਜਗਦੇ ਰਹਿਣਗੇ। ਉਸ ਦੇ ਮੂੰਹੋਂ ਨਿਕਲੇ ਇਹ ਤਿੰਨ ਕੀਮਤੀ ਸ਼ਬਦ 21ਵੀਂ ਸਦੀ ਦੇ ਭਟਕ ਰਹੇ ਸਿਆਸਤਦਾਨਾਂ ਲਈ ਮਾਰਗਦਰਸ਼ਕ ਬਣ ਸਕਦੇ ਹਨ।

ਵਿਚਾਰ ਆਪੋ ਆਪਣੇ

# ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ

ਸਰਵਜੀਤ ਸਿੰਘ ਸੈਕਰਾਮੈਂਟੋ

**ਜੇ ਭਾਈ ਨੰਦ ਲਾਲ ਜੀ ਵੱਲੋਂ ਲਿਖੀ ਪੰਗਤੀ ਵਿਚ ਇਕ ਸ਼ਬਦ ਬਦਲੀ ਕਰਨ ਲਈ ਭਗਵੰਤ ਮਾਨ ਦੋਸ਼ੀ ਹੈ ਤਾਂ ਭਾਈ ਪ੍ਰਹਿਲਾਦ ਸਿੰਘ ਦੀ ਪੰਗਤੀ ਨੂੰ ਬਦਲ ਕੇ ਲਿਖਣ ਕਾਰਨ ਗਿਆਨੀ ਗਿਆਨ ਸਿੰਘ ਬਾਰੇ ਕੀ ਖ਼ਿਆਲ ਹੈ? ਗਿਆਨੀ ਗਿਆਨ ਸਿੰਘ ਵੱਲੋਂ, ਪ੍ਰਹਿਲਾਦ ਸਿੰਘ ਜੀ ਦੀ ਪੰਗਤੀ "ਗੁਰੂ ਖ਼ਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ" ਨੂੰ ਬਦਲ ਕੇ ਲਿਖੀ ਪੰਗਤੀ, "ਗੁਰੂ ਗ੍ਰੰਥ ਜੂ ਮਾਨੀਓ ਪ੍ਰਗਟ ਗੁਰਾਂ ਕੀ ਦੇਹ" ਕਾਰਨ ਹੀ ਅੰਨ੍ਹੀ ਸ਼ਰਧਾ ਵੱਸ ਕਈ ਗੁਰਦੁਆਰਿਆਂ ਦੀਆਂ ਕਮੇਟੀਆਂ ਵੱਲੋਂ, ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ, ਗੁਰੂ ਦੀ ਦੇਹ ਮੰਨ ਕੇ, ਠੰਢੇ-ਤੱਤੇ ਪੱਖਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਜਿਸ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਣ ਦੀਆਂ ਘਟਨਾਵਾਂ ਨਿੱਤ ਵਾਪਰਦੀਆਂ ਹਨ। ਕੀ ਸਿੰਘ ਸਾਹਿਬ ਆਪਣੀ 12 ਦਸੰਬਰ ਦੀ ਮੀਟਿੰਗ ਵਿਚ ਇਸ ਪਾਸੇ ਵੀ ਧਿਆਨ ਦੇਣਗੇ ਜਾਂ ਆਪਣੇ ਰਿਜ਼ਕ ਦਾਤਿਆਂ ਨੂੰ ਖ਼ੁਸ਼ ਕਰਨ ਲਈ ਭਗਵੰਤ ਮਾਨ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਅਸਫਲ ਕੋਸ਼ਿਸ਼ ਕਰਕੇ, ਜੱਗ ਹਸਾਈ ਕਰਵਾਉਣਗੇ?**

ਪਿਛਲੇ ਕਈ ਦਿਨਾਂ ਤੋਂ ਚਰਚਾ ਦਾ ਵਿਸ਼ਾ ਬਣੀ ਇਹ ਪੰਗਤੀ, "ਰਾਜ ਕਰੇਗਾ ਖ਼ਾਲਸਾ" ਜਿਸ ਬਾਰੇ ਪੰਜਾਬੀ ਪਾਰਟੀ ਦੇ ਬੁਲਾਰੇ ਮਨਜਿੰਦਰ



ਸਿੰਘ ਸਿਰਸਾ ਦਾ ਬਿਆਨ ਆਇਆ ਹੈ, "ਭਗਵੰਤ ਮਾਨ ਵੱਲੋਂ ਗੁਰਬਾਣੀ ਦੇ ਸ਼ਬਦ ਨਾਲ ਖਿਲਵਾੜ, ਨੀਚ ਕਿਰਦਾਰ ਦਾ ਪ੍ਰਗਟਾਵਾ"। ਭਗਵੰਤ ਮਾਨ ਨੂੰ ਅਗਿਆਨੀ ਦੱਸਣ ਵਾਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਖ਼ੁਦ ਇਹ ਵੀ ਨਹੀਂ ਪਤਾ ਕਿ ਇਹ ਪੰਗਤੀ ਗੁਰਬਾਣੀ ਨਹੀਂ ਹੈ। ਇਸ ਚਰਚਾ ਦਾ ਆਰੰਭ ਭਾਰਤੀ ਜਨਤਾ ਪਾਰਟੀ ਦੇ ਕੌਮੀ ਸਕੱਤਰ ਆਰ.ਪੀ. ਸਿੰਘ ਵੱਲੋਂ ਕੀਤਾ ਗਿਆ ਹੈ। ਭਗਵੰਤ ਮਾਨ ਨੇ ਕਈ ਸਾਲ ਪਹਿਲਾਂ ਕਿਸੇ ਸਟੇਜ 'ਤੇ ਇਕੱਤਰ ਹੋਏ ਕਲਾਕਾਰਾਂ ਦੇ ਇਕੱਠ ਵਿਚ, "ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨ ਕੋਇ" ਨੂੰ ਵਿਗਾੜ ਕੇ "ਰਾਜ ਕਰੇਗਾ ਖ਼ਾਲਸਾ, ਮਰਾਸੀ ਰਹੇ ਨ ਕੋਇ" ਉਚਾਰਿਆ ਸੀ। ਇਸ ਕਾਰਨ ਉਸ ਦਾ ਹਿਰਦਾ ਵਲੂੰਧਰਿਆ ਗਿਆ ਹੈ। ਆਰ. ਪੀ. ਸਿੰਘ ਨੇ ਗਿਆਨੀ ਗੁਰਬਚਨ ਸਿੰਘ ਜੀ ਨੂੰ ਲਿਖਤੀ ਸ਼ਿਕਾਇਤ ਅਤੇ ਸਬੂਤ ਵਜੋਂ ਇਕ ਸੀ ਡੀ ਦੇ ਕੇ ਅਪੀਲ ਕੀਤੀ ਕਿ ਭਗਵੰਤ ਮਾਨ ਵੱਲੋਂ ਕੀਤੀ ਗਈ ਇਸ ਅਵੱਗਿਆ ਲਈ ਉਸ ਖ਼ਿਲਾਫ਼ ਗੁਰਮਤਿ ਅਨੁਸਾਰ ਕਾਰਵਾਈ ਕੀਤੀ ਜਾਵੇ। ਗਿਆਨੀ ਗੁਰਬਚਨ ਸਿੰਘ ਨੇ ਇਸ ਸ਼ਿਕਾਇਤ ਬਾਰੇ ਕਿਹਾ ਕਿ ਇਸ 'ਤੇ ਪੰਜ ਸਿੰਘ ਸਾਹਿਬ ਦੀ 12 ਦਸੰਬਰ ਨੂੰ ਹੋ ਰਹੀ ਮੀਟਿੰਗ ਵਿਚ ਵਿਚਾਰ ਕੀਤੀ ਜਾਵੇਗੀ। ਭਗਵੰਤ ਮਾਨ 'ਤੇ ਇਹ ਦੋਸ਼ ਵੀ ਹੈ ਕਿ ਉਸ ਨੇ ਜਾਤੀ ਸੂਚਕ ਸ਼ਬਦ ਦੀ ਵਰਤੋਂ ਕੀਤੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਕਈ ਸਾਲ ਪੁਰਾਣੀ ਵੀਡੀਓ ਵੇਖ ਕੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਸਕੱਤਰ ਦਾ ਹਿਰਦਾ ਤਾਂ ਛਲਨੀ ਹੋ ਗਿਆ ਹੈ ਪਰ ਜਿਸ ਲਈ ਜਾਤੀ ਸੂਚਕ ਸ਼ਬਦ ਵਰਤਿਆ ਗਿਆ ਹੈ; ਭਾਵ ਸਰਦੂਲ ਸਿਕੰਦਰ ਨੇ ਤਾਂ ਕਦੇ ਕੋਈ ਇਤਰਾਜ਼ ਨਹੀਂ ਕੀਤਾ। ਉਂਜ ਜੇ ਫ਼ੋਟੋ ਨੂੰ ਧਿਆਨ ਨਾਲ ਵੇਖੀਏ ਤਾਂ ਭਾਰਤੀ ਜਨਤਾ ਪਾਰਟੀ ਦਾ ਇਹ ਨੇਤਾ, ਸਿੱਖ ਰਹਿਤ ਮਰਿਆਦਾ ਮੁਤਾਬਕ ਖ਼ੁਦ ਹੀ ਤਨਖ਼ਾਹੀਆ ਹੈ। ਅਸਲ ਦੋਸ਼ੀ ਤਾਂ ਆਰ.ਪੀ. ਸਿੰਘ ਅਤੇ ਮਨਜਿੰਦਰ ਸਿੰਘ ਸਿਰਸਾ ਹਨ ਜੋ ਕਿਸੇ ਕਵੀ ਦੀ ਰਚਨਾ ਨੂੰ ਗੁਰਬਾਣੀ ਦੱਸ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪ ਕੇ ਮੁਫ਼ਤ ਵੰਡੀ ਜਾਂਦੀ ਸਿੱਖ ਰਹਿਤ ਮਰਯਾਦਾ ਵਿਚ ਵੀ ਇਹ ਪੰਗਤੀਆਂ ਪੜ੍ਹਨ ਦੀ ਹਦਾਇਤ ਨਹੀਂ ਕੀਤੀ ਗਈ। ਅੱਜ ਵੀ ਤੁਸੀਂ ਹਰਿਮੰਦਰ ਸਾਹਿਬ ਤੋਂ ਅਰਦਾਸ ਸੁਣ ਸਕਦੇ ਹੋ। ਇਹ ਪੰਗਤੀਆਂ ਨਹੀਂ ਪੜ੍ਹੀਆਂ ਜਾਂਦੀਆਂ। ਆਪੂ ਬਣੇ ਸੰਤ ਸਮਾਜ ਵੱਲੋਂ ਅਪ੍ਰੈਲ 1994 ਈ. ਵਿਚ ਬਣਾਈ ਗਈ ਰਹਿਤ ਮਰਯਾਦਾ ਵਿਚ ਇਹ ਪੰਗਤੀਆਂ ਪੜ੍ਹਨ ਲਈ ਲਿਖਿਆ ਗਿਆ ਹੈ। ਇਹ ਦੋਹਰੇ ਪੰਨਾ 5 'ਤੇ ਹੇਠ ਲਿਖੇ ਅਨੁਸਾਰ ਦਰਜ ਹੈ।

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ।
ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ।
ਖ਼ੁਆਰ ਹੋਇ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ।

ਇਸ ਵਿਚ ਪਹਿਲੀਆਂ ਚਾਰ ਪੰਗਤੀਆਂ (ਦੋ ਦੋਹਰੇ) ਗਿਆਨੀ ਗਿਆਨ ਸਿੰਘ ਦੀਆਂ ਅਤੇ ਆਖ਼ਰੀ ਦੋ ਪੰਗਤੀਆਂ (ਇਕ ਦੋਹਰਾ) ਭਾਈ ਨੰਦ ਲਾਲ ਜੀ ਦੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਦੋ ਦੋਹਰੇ ਵੀ ਕਈ ਵਾਰ ਸੁਣਨ ਨੂੰ ਮਿਲਦੇ ਹਨ।

ਵਾਹਿਗੁਰੂ ਨਾਮ ਜਹਾਜ਼ ਹੈ ਚੜ੍ਹੇ ਸੋ ਉਤਰੇ ਪਾਰ।
ਜੋ ਸ਼ਰਧਾ ਕਰ ਸੇਂਵਦੇ ਗੁਰ ਪਾਰ ਉਤਾਰਨ ਹਾਰ।
ਖੰਡਾ ਜਾ ਕੇ ਹਾਥ ਮੇਂ ਕਲਗੀ ਸੋਹੇ ਸੀਸ।
ਸੋ ਹਮਰੀ ਰਖਸ਼ਾ ਕਰੇ ਕਲਗੀਧਰ ਜਗਦੀਸ਼।

ਕਿਉਂਕਿ ਪੰਥ ਪ੍ਰਮਾਣਤ ਰਹਿਤ ਮਰਯਾਦਾ ਵਿਚ ਦੋਹਰੇ ਪੜ੍ਹਨ ਲਈ ਕੋਈ ਹਦਾਇਤ ਨਹੀਂ ਕੀਤੀ ਹੋਈ, ਇਸ ਕਾਰਨ ਉਪਰੋਕਤ ਦੋਹਰਿਆਂ ਵਿਚੋਂ ਕਿਹੜੇ ਦੋਹਰੇ ਪੜ੍ਹਨੇ ਹਨ, ਇਹ ਅਰਦਾਸੀਏ ਸਿੰਘ ਹੀ 'ਤੇ ਨਿਰਭਰ ਕਰਦਾ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਇਕ ਸਵਾਲ ਦੇ ਜਵਾਬ ਵਿਚ ਲਿਖੇ ਗਏ ਪੱਤਰ ਨੰ: 36672, ਮਿਤੀ 3-8-73 ਈ. ਵਿਚ ਇਸ ਸਬੰਧੀ ਦਰਜ ਹੈ, "ਆਪ ਜੀ ਦੀ ਪੱਤਰਕਾ ਮਿਤੀ 6-7-1973 ਦੇ ਸਬੰਧ ਵਿਚ ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ:

1. "ਰਾਜ ਕਰੇਗਾ ਖ਼ਾਲਸਾ" ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨੁਕੂਲ ਹੈ, ਕਿਉਂਕਿ ਦੋਹਰੇ ਪੜ੍ਹਨੇ ਪੰਥਕ ਫ਼ੈਸਲਾ ਹੈ। ਇਸ ਫ਼ੈਸਲੇ 'ਤੇ ਸ਼ੰਕਾ ਨਹੀਂ ਕਰਨੀ ਚਾਹੀਦੀ"। (ਦਸਮ ਗ੍ਰੰਥ ਬਾਰੇ ਚੋਣਵੇਂ ਲੇਖ, ਪੰਨਾ 50)



ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਿੱਖ ਰਹਿਤ ਮਰਯਾਦਾ ਵਿਚ ਦੋਹਰੇ ਪੜ੍ਹਨ ਦਾ ਕੋਈ ਜ਼ਿਕਰ ਨਹੀਂ ਹੈ ਤਾਂ ਇਹ ਪੰਥਕ ਫ਼ੈਸਲਾ ਕਿਵੇਂ ਹੋਇਆ? ਕੀ ਪੰਥ ਨੇ ਇਹ ਫ਼ੈਸਲਾ 1945 ਈ. ਤੋਂ ਪਿੱਛੋਂ (1973 ਈ. ਤੋਂ ਪਹਿਲਾ) ਕੀਤਾ ਹੈ? ਜੇ ਅਜੇਹਾ ਹੋਇਆ ਹੈ ਤਾਂ ਇਸ ਫ਼ੈਸਲੇ ਨੂੰ ਰਹਿਤ ਮਰਯਾਦਾ ਵਿਚ ਦਰਜ ਕਿਉਂ ਨਹੀਂ ਕੀਤਾ ਗਿਆ?

ਆਓ ਇਨ੍ਹਾਂ ਪੰਗਤੀਆਂ ਦੀ ਪੈੜ ਵੇਖੀਏ।

ਦਮਦਮੀ ਟਕਸਾਲ ਦੀ ਇਕ ਕਿਤਾਬ, 'ਗੁਰਬਾਣੀ ਪਾਠ ਦਰਪਣ' ਵਿਚ ਇਹ ਦੋਹਰੇ ਹੇਠ ਲਿਖੇ ਅਨੁਸਾਰ ਹਨ;

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ।1।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ।2।
ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ।
ਖ਼ੁਆਰ ਹੋਇ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ।3।

ਇਹ ਤਿੰਨ ਸ੍ਰੀ ਮੁਖਵਾਕ ਪਾਤਿਸ਼ਾਹੀ ਦਸਵੀਂ ਜੀ ਦੇ ਹਨ ਬਾਕੀ ਦੇ ਦੋਹਰੇ ਗਿਆਨੀ ਗਿਆਨ ਸਿੰਘ ਜੀ ਦੇ ਹਨ। (ਗੁਰਬਾਣੀ ਪਾਠ ਦਰਪਣ ਪੰਨਾ 153)

ਸਰਦਾਰ ਕਪੂਰ ਸਿੰਘ ਜੀ ਵੀ ਇਸ ਦੋਹਰੇ ਨੂੰ 'ਮੁਖਵਾਕ' ਹੀ ਮੰਨਦੇ ਹਨ, "ਜਿਹੜਾ ਦੋਹਰਾ ਗੁਰੂ ਗੋਬਿੰਦ ਸਿੰਘ ਜੀ ਦੇ 1708 ਈ. ਵਿਚ ਜੋਤੀ-ਜੋਤ ਸਮਾਉਣ ਤੋਂ ਲੈ ਕੇ ਹੁਣ ਤਕ ਸਿੱਖ ਹਰ ਰੋਜ਼ ਆਪਣੇ ਸੁਤੰਤਰ ਇਕੱਠਾਂ ਵਿਚ ਉਚਾਰਦੇ ਆਏ ਹਨ ਅਤੇ ਜਿਹੜਾ ਦੋਹਰਾ 'ਸ੍ਰੀ ਮੁਖਵਾਕ' ਭਾਵ ਗੁਰੂ ਸਾਹਿਬ ਦੇ ਨਿੱਜੀ ਮੁਖਾਰਬਿੰਦ ਤੋਂ ਉਚਾਰਨ ਹੋਏ ਅਸਲੀ ਪਵਿੱਤਰ ਸ਼ਬਦ ਹਨ:

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ।
ਖਵਾਰ ਹੋਇ ਸਭ ਮਿਲੈਂਗੇ ਬਚੈ ਸ਼ਰਨ ਜੋ ਹੋਇ"।

(ਰਾਜ ਕਰੇਗਾ ਖ਼ਾਲਸਾ ਅਤੇ ਹੋਰ ਨਿਬੰਧ, ਪੰਨਾ 144) ਯਾਦ ਰਹੇ ਸਰਦਾਰ ਕਪੂਰ ਸਿੰਘ ਜੀ ਦਾ ਇਹ ਲੇਖ ਧਰਮ ਪ੍ਰਚਾਰ ਕਮੇਟੀ ਵੱਲੋਂ ਵੀ ਅੰਗਰੇਜ਼ੀ ਵਿਚ ਛਾਪਿਆ ਗਿਆ ਹੈ।

ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਦੀ ਅਸਲ ਲਿਖਤ;

ਤਥਾ ਹੀ ਸ੍ਰੀ ਮੁੱਖ ਵਾਕਯ ਪਾਤਸ਼ਾਹੀ ੧੦
ਦੋਹਰਾ
ਨਾਨਕ ਗੁਰੂ ਗੋਬਿੰਦ ਸਿੰਘ, ਪੂਰਨ ਹਰਿ ਅਵਤਾਰ।
ਜਗਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਜਾਰ।89।
ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।90।
ਗੁਰੂ ਗ੍ਰੰਥ ਜੂ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ।91।
ਦਰਸਯੋ ਚਹਿ ਸਤਿਗੁਰੂ ਜੋ ਸੈ ਦਰਸੇ ਗੁਰ ਗ੍ਰੰਥ।
ਪਢੈ ਸੁਨੈ ਸਵਾਰਥ ਲਹੈ ਪਰਮਾਰਥ ਕੋ ਪੰਥ।92।
ਵਾਹਿਗੁਰੂ ਗ੍ਰੰਥ ਜੀ ਉਭੈ ਜਹਾਜ਼ ਉਦਾਰ।
ਸਰਧਾ ਕਰ ਜੋ ਸੇਵ ਹੈ ਸੋ ਉਤਰੈਂ ਭਵ ਪਾਰ।93।
(ਪੰਥ ਪ੍ਰਕਾਸ਼)

ਅਜੇਹਾ ਹੀ ਇਕ ਦੋਹਰਾ ਭਾਈ ਦਯਾ ਸਿੰਘ ਵੱਲੋਂ ਲਿਖੇ ਰਹਿਤਨਾਮੇ ਵਿਚ ਵੀ ਦਰਜ ਹੈ;

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ
ਗ੍ਰੰਥ ਪੰਥ ਗੁਰੂ ਮਾਨਿਏ ਤਾਰੇ ਸਕਲ ਕੁਲਾਨ।
(ਰਹਿਤਨਾਮੇ ਪੰਨਾ 71)

ਦੋ ਦੋਹਰੇ ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤ ਨਾਮੇ ਵਿਚ ਵੀ ਹੇਠ ਲਿਖੇ ਮੁਤਾਬਕ ਦਰਜ ਹਨ:

ਗੁਰੂ ਖ਼ਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ
ਜੋ ਸਿਖ ਮੋ ਮਿਲਬੇ ਚਹਿਹ, ਖੋਜ ਇਨਹੁ ਮਹਿ ਲੇਹ।25।
ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ।30। (ਰਹਿਤਨਾਮੇ, ਪੰਨਾ 67)

ਭਾਈ ਪ੍ਰਹਿਲਾਦ ਸਿੰਘ ਜੀ ਦੇ ਇਹ ਦੋਹਰੇ ਗੁਰਮਤਿ ਦੀ ਕਸਵੱਟੀ 'ਤੇ ਪੂਰੇ ਢੁੱਕਦੇ ਹਨ। ਦੇਹ ਰੂਪ ਵਿਚ ਤਾਂ ਖ਼ਾਲਸਾ ਪੰਥ ਹੈ ਨਾ ਕਿ ਗੁਰੂ ਗ੍ਰੰਥ। ਗਿਆਨੀ ਗਿਆਨ ਸਿੰਘ ਵੱਲੋਂ ਭਾਈ ਪ੍ਰਹਿਲਾਦ ਸਿੰਘ ਜੀ ਦੇ ਇਕ ਦੋਹਰੇ ਨੂੰ ਬਦਲ ਕੇ ਲਿਖਿਆ ਗਿਆ ਹੈ। ਜੇ ਭਾਈ ਨੰਦ ਲਾਲ ਜੀ ਵੱਲੋਂ ਲਿਖੀ ਪੰਗਤੀ ਵਿਚ ਇਕ ਸ਼ਬਦ ਬਦਲੀ ਕਰਨ ਲਈ ਭਗਵੰਤ ਮਾਨ ਦੋਸ਼ੀ ਹੈ ਤਾਂ ਭਾਈ ਪ੍ਰਹਿਲਾਦ ਸਿੰਘ ਦੀ ਪੰਗਤੀ ਨੂੰ ਬਦਲ ਕੇ ਲਿਖਣ ਕਾਰਨ ਗਿਆਨੀ ਗਿਆਨ ਸਿੰਘ ਬਾਰੇ ਕੀ ਖ਼ਿਆਲ ਹੈ? ਗਿਆਨੀ ਗਿਆਨ ਸਿੰਘ ਵੱਲੋਂ, ਪ੍ਰਹਿਲਾਦ ਸਿੰਘ ਜੀ ਦੀ ਪੰਗਤੀ "ਗੁਰੂ ਖ਼ਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ" ਨੂੰ ਬਦਲ ਕੇ ਲਿਖੀ ਪੰਗਤੀ, "ਗੁਰੂ ਗ੍ਰੰਥ ਜੂ ਮਾਨੀਓ ਪ੍ਰਗਟ ਗੁਰਾਂ ਕੀ ਦੇਹ" ਕਾਰਨ ਹੀ ਅੰਨ੍ਹੀ ਸ਼ਰਧਾ ਵੱਸ ਕਈ ਗੁਰਦੁਆਰਿਆਂ ਦੀਆਂ ਕਮੇਟੀਆਂ ਵੱਲੋਂ, ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ, ਗੁਰੂ ਦੀ ਦੇਹ ਮੰਨ ਕੇ, ਠੰਢੇ-ਤੱਤੇ ਪੱਖਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਜਿਸ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਣ ਦੀਆਂ ਘਟਨਾਵਾਂ ਨਿੱਤ ਵਾਪਰਦੀਆਂ ਹਨ। ਕੀ ਸਿੰਘ ਸਾਹਿਬ ਆਪਣੀ 12 ਦਸੰਬਰ ਦੀ ਮੀਟਿੰਗ ਵਿਚ ਇਸ ਪਾਸੇ ਵੀ ਧਿਆਨ ਦੇਣਗੇ ਜਾਂ ਆਪਣੇ ਰਿਜ਼ਕ ਦਾਤਿਆਂ ਨੂੰ ਖ਼ੁਸ਼ ਕਰਨ ਲਈ ਭਗਵੰਤ ਮਾਨ ਨੂੰ ਬਲੀ ਦਾ ਬੱਕਰਾ ਬਣਾਉਣ ਦੀ ਅਸਫਲ ਕੋਸ਼ਿਸ਼ ਕਰਕੇ, ਜੱਗ ਹਸਾਈ ਕਰਵਾਉਣਗੇ?

---

# ਉਹ ਬੱਚੇ ਬਚਾਏ ਜਾ ਸਕਦੇ ਸਨ...

ਪੱਤਰਲੇਖਾ ਚੈਟਰਜੀ

**ਹੈਰਾਨੀਜਨਕ ਹੈ ਕਿ ਲੱਖਾਂ ਭਾਰਤੀ ਇਲਾਜ 'ਤੇ ਹੋਣ ਵਾਲੇ ਖ਼ਰਚੇ ਕਾਰਨ ਕਰਜ਼ੇ 'ਚ ਡੁੱਬ ਜਾਂਦੇ ਹਨ। ਇਸ ਦੇ ਬਾਵਜੂਦ ਲੋਕ ਰਾਜਨੀਤਿਕ ਆਗੂਆਂ ਅਤੇ ਸਰਕਾਰ 'ਤੇ ਸਿਹਤ ਸੁਰੱਖਿਆ ਨੂੰ ਆਪਣੀ ਪਹੁੰਚ 'ਚ ਹੋਰ ਸਸਤਾ ਬਣਾਉਣ ਲਈ ਪੂਰਾ ਦਬਾਬ ਨਹੀਂ ਬਣਾ ਪਾਉਂਦੇ।**



ਇਹ ਕਿਸੇ ਘੁਟਾਲੇ ਤੋਂ ਘੱਟ ਨਹੀਂ। ਯੂਨੀਸੇਫ ਦੀ ਤਾਜ਼ਾ ਰਿਪੋਰਟ ਅਨੁਸਾਰ ਸਾਲ 2015 ਵਿਚ ਦੱਖਣ ਏਸ਼ੀਆ ਵਿੱਚ ਆਪਣੇ ਜਨਮ ਤੋਂ ਸਿਰਫ 28 ਦਿਨਾਂ ਅੰਦਰ ਜਿਹੜੇ 10 ਲੱਖ ਬੱਚੇ ਮਾਰੇ ਗਏ, ਉਨ੍ਹਾਂ ਵਿਚੋਂ 7 ਲੱਖ ਬੱਚੇ ਸਿਰਫ ਭਾਰਤ ਦੇ ਸਨ। ਸਿਰਫ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੇ ਹਾਲਾਤ ਹੀ ਭਾਰਤ ਤੋਂ ਮਾੜੇ ਹਨ। ਦੁਨੀਆ ਭਰ 'ਚ ਹੋਣ ਵਾਲੀਆਂ ਨਵਜਨਮੇ ਬੱਚਿਆਂ ਦੀਆਂ ਮੌਤਾਂ 'ਚੋਂ ਇਕ ਚੌਥਾਈ ਜਾਂ 25 ਫੀਸਦੀ ਮੌਤਾਂ ਭਾਰਤ ਵਿਚ ਹੁੰਦੀਆਂ ਹਨ। ਇਸ ਤੋਂ ਵੱਧ ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਅਜਿਹਾ ਸਿਰਫ ਪਿਛਲੇ ਸਾਲ ਹੀ ਨਹੀਂ ਹੋਇਆ, ਸਗੋਂ ਕਈ ਸਾਲਾਂ ਤੋਂ ਇਹੀ ਸਥਿਤੀ ਬਣੀ ਹੋਈ ਹੈ। ਦੁਖਦ ਹੈ ਕਿ ਇਨ੍ਹਾਂ ਮੌਤਾਂ ਨੂੰ ਰੋਕਿਆ ਜਾ ਸਕਦਾ ਸੀ।

ਪਿਛਲੇ ਦੋ ਦਹਾਕਿਆਂ ਤੋਂ ਜਿਹੜੇ ਦੇਸ਼ ਨੇ ਲਗਾਤਾਰ ਆਰਥਿਕ ਵਿਕਾਸ ਦਰਜ ਕੀਤਾ ਹੈ ਅਤੇ ਇੱਕ ਮਹਾਂਸ਼ਕਤੀ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ ਨਵਜਨਮੇ ਬੱਚਿਆਂ ਦੀਆਂ ਇਨ੍ਹਾਂ ਮੌਤਾਂ ਨੂੰ ਰੋਕਣ ਵਿਚ ਕਿਉਂ ਅਸਫਲ ਰਿਹਾ? ਅਜਿਹਾ ਨਹੀਂ ਹੈ ਕਿ ਇਸ ਲਈ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਅਸਲ ਵਿਚ ਇਹ ਪੂਰੀ ਤਰ੍ਹਾਂ ਨਾਕਾਫੀ ਸਾਬਤ ਹੋਏ ਹਨ। ਇਸ ਪਿੱਛੇ ਕਈ ਕਾਰਨ ਹਨ। ਨਾ ਤਾਂ ਭਾਰਤ ਦੇ ਸਿਆਸੀ ਵਰਗ ਅਤੇ ਨਾ ਹੀ ਨੀਤੀਆਂ ਨੂੰ ਪ੍ਰਭਾਵਤ ਕਰਨ ਵਾਲੇ ਲੋਕਾਂ ਦੀ ਮੁਢਲੀ ਸਹੂਲਤ 'ਚ ਸਿਹਤ ਸੇਵਾ ਹੈ। ਇਸ ਲਈ ਭਾਰਤ 'ਚ ਵੱਡੀ ਗਿਣਤੀ 'ਚ ਔਰਤਾਂ ਨੂੰ ਜਣੇਪੇ ਸਮੇਂ ਮੁਢਲੀਆਂ ਸਹੂਲਤਾਂ ਨਹੀਂ ਮਿਲਦੀਆਂ। ਇਸ ਦਾ ਸਭ ਤੋਂ ਵੱਧ ਨੁਕਸਾਨ ਗਰੀਬ ਪਰਿਵਾਰਾਂ ਜਾਂ ਗਰੀਬ ਸੂਬਿਆਂ ਦੇ ਪਰਿਵਾਰਾਂ ਨੂੰ ਚੁੱਕਣਾ ਪੈਂਦਾ ਹੈ।

ਭਾਰਤ 'ਚ ਸ਼ਾਇਦ ਹੀ ਕਦੇ ਅਮਰੀਕਾ ਜਾਂ ਬਰਤਾਨੀਆ ਵਾਂਗ ਸਿਹਤ ਸੁਰੱਖਿਆ ਚੋਣ ਮੁੱਦਾ ਬਣਦੀ ਹੈ। ਇਹ ਹੈਰਾਨੀਜਨਕ ਹੈ ਕਿ ਲੱਖਾਂ ਭਾਰਤੀ ਇਲਾਜ 'ਤੇ ਹੋਣ ਵਾਲੇ ਖ਼ਰਚੇ ਕਾਰਨ ਕਰਜ਼ੇ 'ਚ ਡੁੱਬ ਜਾਂਦੇ ਹਨ। ਇਸ ਦੇ ਬਾਵਜੂਦ ਲੋਕ ਰਾਜਨੀਤਿਕ ਆਗੂਆਂ ਅਤੇ ਸਰਕਾਰ 'ਤੇ ਸਿਹਤ ਸੁਰੱਖਿਆ ਨੂੰ ਆਪਣੀ ਪਹੁੰਚ ਵਿਚ ਹੋਰ ਸਸਤਾ ਬਣਾਉਣ ਲਈ ਪੂਰਾ ਦਬਾਅ ਨਹੀਂ ਬਣਾ ਪਾਉਂਦੇ। ਮੌਜੂਦਾ ਹਾਲਾਤ ਨੂੰ ਹੀ ਵੇਖ ਲਓ। 500 ਅਤੇ 1000 ਰੁਪਏ ਦੇ ਨੋਟਾਂ ਨੂੰ ਗੈਰ-ਮਾਨਤਾ ਪ੍ਰਾਪਤ ਐਲਾਨੇ ਜਾਣ ਮਗਰੋਂ ਪੈਦਾ ਹੋਏ ਮਾਹੌਲ ਕਾਰਨ ਜਦੋਂ ਮੋਦੀ ਸਰਕਾਰ 'ਤੇ ਲੋਕਾਂ ਦਾ ਦਬਾਅ ਬਣਿਆ ਤਾਂ ਉਸ ਨੇ ਕੁੱਝ ਅਜਿਹੇ ਕਦਮ ਚੁੱਕੇ, ਜਿਸ ਨੇ ਵਿਆਹ ਨੂੰ ਹਾਦਸਾ ਬਣਾ ਦਿੱਤਾ। ਜਿਨ੍ਹਾਂ ਪਰਿਵਾਰਾਂ ਵਿਚ ਵਿਆਹ ਜਾਂ ਹੋਰ ਰਸਮਾਂ ਹਨ, ਉਨ੍ਹਾਂ ਨੂੰ ਢਾਈ ਲੱਖ ਰੁਪਏ ਕਢਵਾਉਣ ਦੀ ਛੋਟ ਦੇ ਦਿੱਤੀ ਹੈ। ਪਰ ਉਨ੍ਹਾਂ ਪਰਿਵਾਰਾਂ ਬਾਰੇ ਸੋਚੋ, ਜਿੱਥੇ ਇਹ ਹਾਦਸਾ ਜਾਂ ਐਮਰਜੈਂਸੀ ਹਾਲਤ ਵਿਆਹ ਕਾਰਨ ਨਹੀਂ, ਸਗੋਂ ਕਿਸੇ ਬਿਮਾਰੀ ਕਾਰਨ ਹਨ। ਅਜਿਹੇ ਲੋਕ ਦਸੰਬਰ ਤਕ 500 ਰੁਪਏ ਅਤੇ 1000 ਰੁਪਏ ਦੀ ਵਰਤੋਂ ਕਰ ਸਕਦੇ ਹਨ, ਪਰ ਉਹ ਵੀ ਸਰਕਾਰੀ ਹਸਪਤਾਲ ਵਿਚ ਜਾਣ। ਇਹ ਛੋਟ ਨਿੱਜੀ ਹਸਪਤਾਲ 'ਚ ਇਲਾਜ ਕਰਵਾਉਣ ਵਾਲਿਆਂ ਲਈ ਨਹੀਂ ਹੈ। ਜੇ ਆਸਪਾਸ ਕੋਈ ਹਸਪਤਾਲ ਨਾ ਹੋਵੇ ਜਾਂ ਫਿਰ ਸਰਕਾਰ ਹਸਪਤਾਲ ਵਿਚ ਭੀੜ ਵੱਧ ਹੋਵੇ ਤਾਂ ਕੀ ਹੋਵੇਗਾ, ਜਦੋਂ ਅਜਿਹੇ ਪਰਿਵਾਰਾਂ ਕੋਲ ਕ੍ਰੈਡਿਟ ਜਾਂ ਡੈਬਿਟ ਕਾਰਡ ਨਾ ਹੋਣ?

ਪੁਣੇ ਦੇ ਇਕ ਹਸਪਤਾਲ ਵਿਚ ਇਕ ਨਵਜਨਮੀ ਬੱਚੀ ਦੀ ਮੌਤ ਹੋ ਗਈ, ਕਿਉਂਕਿ ਕਥਿਤ ਤੌਰ 'ਤੇ ਇਕ ਪ੍ਰਸਿੱਧ ਹਸਪਤਾਲ ਨੇ ਗੈਰ-ਕਾਨੂੰਨੀ ਐਲਾਨੇ ਗਏ ਇਨ੍ਹਾਂ ਨੋਟਾਂ ਰਾਹੀਂ ਭੁਗਤਾਨ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ, ਜਿਸ ਕਾਰਨ ਉਸ ਨੂੰ ਇਲਾਜ 'ਚ ਦੇਰੀ ਹੋਈ ਅਤੇ ਉਸ ਦੀ ਮੌਤ ਹੋ ਗਈ। ਅਜਿਹਾ ਹੀ ਬੁਲੰਦ ਸ਼ਹਿਰ 'ਚ ਹੋਇਆ, ਜਿੱਥੇ ਇੱਕ ਹਸਪਤਾਲ ਵਿਚ ਇੱਕ ਬੱਚੇ ਦੀ ਮੌਤ ਹੋ ਗਈ, ਕਿਉਂਕਿ ਉਸ ਦੇ ਮਾਪਿਆਂ ਕੋਲ ਪੁਰਾਣੇ ਨੋਟ ਸਨ। ਹਾਲਾਂਕਿ ਸਰਕਾਰ ਦੇ ਸਮਰਥਕਾਂ ਨੇ ਅਜਿਹੇ ਦੋਸ਼ਾਂ ਨੂੰ ਗਲਤ ਕਰਾਰ ਦਿੱਤਾ ਹੈ।

ਅਸੀਂ ਸਾਰੇ ਕਾਲੇ ਧਨ ਨੂੰ ਲੈ ਕੇ ਪ੍ਰੇਸ਼ਾਨ ਹਾਂ। ਕਾਲੇ ਧਨ ਨੂੰ ਖ਼ਤਮ ਕਰਨ ਲਈ ਸਰਕਾਰ ਵੱਲੋਂ ਚੁੱਕੇ ਗਏ ਕਦਮ ਨੂੰ ਲੈ ਕੇ ਅਸੀਂ ਸਾਰੇ ਖ਼ੁਸ਼ ਵੀ ਹਾਂ। ਪਰ ਇਹ ਕਿਉਂ ਮੁੱਦਾ ਨਹੀਂ ਬਣਦਾ ਕਿ ਕਈ ਲੋਕਾਂ ਦੀ ਮੌਤ ਇਸ ਲਈ ਹੋ ਗਈ, ਕਿਉਂਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਇਲਾਜ ਦੇ ਬਿਲਾਂ ਦੀ ਅਦਾਇਗੀ ਨਹੀਂ ਕਰ ਸਕੇ?

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਪੰਜਵਾਂ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਪੁਲੀਸ ਦਾ ਰੋਲ...

ਪਹਿਲੀ ਨਵੰਬਰ ਸਵੇਰੇ ਚਾਰ ਵਜੇ ਸ਼ਹਿਰ ਦੇ ਸਾਰੇ ਥਾਣੇ ਇੰਚਾਰਜਾਂ ਦੀ ਮੀਟਿੰਗ ਬੁਲਾਈ ਗਈ। ਇਸ ਬੈਠਕ ਵਿਚ ਨਿਰਦੇਸ਼ ਦਿੱਤੇ ਗਏ ਜੋ ਗੁਪਤ ਰੱਖੇ ਗਏ, ਪਰ ਪੁਲੀਸ ਦੇ ਰੁਖ਼ ਤੇ ਹਰਕਤਾਂ ਤੋਂ ਸਪਸ਼ਟ ਸੀ ਕਿ ਉਨ੍ਹਾਂ ਨੂੰ 'ਲੁੱਟ ਦੀ ਖੁੱਲ੍ਹੀ ਛੋਟ' ਹੈ। ਹਰ ਥਾਂ ਤੋਂ ਪੁਲੀਸ ਸਟੇਸ਼ਨਾਂ ਨੂੰ ਫ਼ੋਨ ਰਾਹੀਂ ਸੰਪਰਕ ਕਰਕੇ ਮਦਦ ਮੰਗੀ ਗਈ, ਪਰ ਜਾਣ ਬੁੱਝ ਕੇ ਕੋਤਾਹੀ ਕੀਤੀ ਗਈ। ਸਗੋਂ ਮੈਂ ਆਪ ਫ਼ੋਨ ਕੀਤਾ ਤਾਂ ਆਵਾਜ਼ ਆਈ... "ਅਭੀ ਮਰੇ ਤੋਂ ਨਹੀਂ ਹੋ ਨਾ... ਜਬ ਮਰਨੇ ਲਗੋਗੇ ਤਬ ਬਤਾਨਾ...।"

ਇਸ ਸਾਰੇ ਕਾਂਡ ਵਿਚ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਰਿਹਾ। ਚੌਰਾਹਿਆਂ ਵਿਚ ਜਿਹੜੇ ਦੋ ਚਾਰ ਪੁਲਸੀਏ ਹੈ ਵੀ ਸਨ, ਉਹ ਆਪ ਉਕਸਾ ਰਹੇ ਸਨ... ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਤੀਹ ਚਾਲੀ ਗਜ਼ ਦੀ ਦੂਰੀ 'ਤੇ ਕੱਟ-ਵੱਢ ਹੋ ਰਹੀ ਸੀ (ਅਸ਼ੋਕ ਨਗਰ, ਸਾਕੇਤ ਨਗਰ) ਪਰ ਕਿਸੇ ਵੀ ਥਾਂ 'ਤੇ ਪੁਲੀਸ ਨੇ ਲਾਠੀ, ਡੰਡਾ ਜਾ ਬਲ ਪ੍ਰਯੋਗ ਨਹੀਂ ਕੀਤਾ। ਇਸ ਰਵੱਈਏ ਨੇ ਬਹੁਤ ਸਾਰੇ ਅਜਿਹੇ ਲੋਕਾਂ ਨੂੰ ਨਿਰਉਤਸਾਹਿਤ ਕੀਤਾ ਜਿਹੜੇ ਸਿੱਖਾਂ ਦੀ ਮਦਦ ਕਰਨਾ ਚਾਹ ਰਹੇ ਸਨ। ਸਗੋਂ ਕਈ ਥਾਵਾਂ 'ਤੇ ਤਾਂ ਬਚਾਉਣ ਵਾਲੇ ਲੋਕਾਂ ਨੂੰ ਪੁਲੀਸ ਨੇ ਧਮਕਾਇਆ ਤੇ ਡੰਡੇ ਵੀ ਵਰ੍ਹਾਏ।

31 ਅਕਤੂਬਰ ਲਗਭਗ 35 ਥਾਵਾਂ 'ਤੇ ਅਗਜ਼ਨੀ, ਲੁੱਟ ਤੇ ਕੱਟ-ਵੱਢ ਦੀਆਂ ਘਟਨਾਵਾਂ ਵਾਪਰੀਆਂ। ਉਸੇ ਰਾਤ ਗੋਬਿੰਦਪੁਰੀ ਤੇ ਸੈਂਟਰਲ ਸਟੇਸ਼ਨ 'ਤੇ ਗੱਡੀਆਂ ਵਿਚ ਵੀ ਲੁੱਟ ਤੇ ਮਾਰਕਾਟ ਹੋਈ ਤੇ ਜਿਉਂਦੇ ਸਾੜੇ ਗਏ, ਜਿਹੜੇ ਬਾਅਦ ਵਿਚ ਪੁਲੀਸ ਗੱਡੀਆਂ ਵਿਚ ਭਰ ਕੇ ਲੈ ਗਈ, ਤੇ ਜਿਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ ਤੇ ਨਾ ਹੀ ਉਹ ਕਿਸੇ ਗਿਣਤੀ ਵਿਚ ਆਏ।

ਇਸ ਸਭ ਘੱਲੂਘਾਰੇ ਤੇ ਕਤਲੇਆਮ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਨੇ ਹਾਲਾਤ ਕਾਬੂ ਵਿਚ ਹੋਏ ਦੱਸੇ ਤੇ ਕਰਫ਼ਿਊ ਲਾਉਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ।

ਇਕ ਨਵੰਬਰ ਕਰਫ਼ਿਊ ਦੇ ਐਲਾਨ ਹੋਣ ਪਿੱਛੋਂ ਵੀ ਪੁਲੀਸ ਦੀਆਂ ਅੱਖਾਂ ਸਾਹਮਣੇ ਦੁਕਾਨਾਂ ਦੇ ਸ਼ਟਰ ਤੋੜ ਕੇ ਲੁੱਟ ਕੀਤੀ ਗਈ ਤੇ ਕਰੋੜਾਂ ਰੁਪਇਆਂ ਦਾ ਕਾਰੋਬਾਰ ਸੁਆਹ ਕਰ ਦਿੱਤਾ ਗਿਆ। ਗੁਮਟੀ ਵਿਚ ਪ੍ਰੀਤ ਸਾਹਨੀ ਹਾਊਸ ਦਾ ਸ਼ਟਰ ਆਪ ਪੁਲੀਸ ਤੇ ਗੁੰਡਿਆਂ ਨੇ ਤੋੜਿਆ ਤੇ ਲੱਖਾਂ ਰੁਪਇਆਂ ਦਾ ਮਾਲ ਵੈਨ ਵਿਚ ਭਰ ਕੇ ਲੈ ਗਏ। ਇਸੇ ਤਰ੍ਹਾਂ ਹਰ ਥਾਂ ਤੋਂ ਆਪਣੀ ਪਸੰਦ ਦੀਆਂ ਚੀਜ਼ਾਂ ਉਨ੍ਹਾਂ ਚੁਣ ਕੇ ਬਾਕੀ ਲੁੱਟਣ ਦੀ ਇਜਾਜ਼ਤ ਦੇ ਦਿੱਤੀ।

ਪਾਂਡੋ ਨਗਰ ਇੰਦਰਜੀਤ ਸਿੰਘ ਦੇ ਘਰ 'ਤੇ ਜਦ ਹਮਲਾ ਹੋਇਆ ਤਾਂ ਸੂਚਨਾ ਦੇਣ 'ਤੇ ਪੁਲੀਸ ਆਈ। ਸਰਦਾਰ ਜੀ ਨੇ ਪੁਲੀਸ ਨੂੰ ਕਿਹਾ ਕਿ ਪੈਸੇ ਲੈ ਲਓ ਤੇ ਸਾਨੂੰ ਸੁਰੱਖਿਆ ਦਿਓ....।" ਪੁਲੀਸ ਨੂੰ ਵੇਖ ਕੇ ਭੀੜ ਪਿੱਛੇ ਹੱਟ ਗਈ, ਪਰ ਪੁਲੀਸ ਅਫ਼ਸਰ ਨੇ ਸਰਦਾਰ ਜੀ ਨੂੰ ਕਿਹਾ ਕਿ ਦਾੜ੍ਹੀ ਕੇਸ ਕੱਟ ਦਿਓ ਤਾਂ ਜਾਨ ਬਚ ਸਕਦੀ ਹੈ। ਇੰਦਰਜੀਤ ਸਿੰਘ ਦੇ ਮਨ੍ਹਾ ਕਰਨ 'ਤੇ ਉਸ ਨੇ ਭੀੜ ਨੂੰ ਇਸ਼ਾਰਾ ਕੀਤਾ ਤਾਂ ਭੀੜ ਵੇਖਦਿਆਂ ਹੀ ਵੇਖਦਿਆਂ ਕੋਠੀ 'ਤੇ ਟੁੱਟ ਕੇ ਪੈ ਗਈ... ਬੰਬ ਮਾਰ ਕੇ ਘਰ ਤਬਾਹ ਕਰ ਦਿੱਤਾ। ਸਾਰੇ ਘਰ ਵਿਚ ਅੱਗ ਲੱਗ ਲਈ। ਸਾਰੇ ਜੀਅ ਕੋਠੇ 'ਤੇ ਚੜ੍ਹ ਕੇ ਮੌਤ ਦੀ ਉਡੀਕ ਕਰਨ ਲੱਗੇ ਕਿ ਏਨੇ ਨੂੰ ਫ਼ੌਜ ਆ ਗਈ। ਇਨ੍ਹਾਂ ਦੇ ਗੁਆਂਢੀਆਂ ਨੇ ਬਹੁਤ ਮਦਦ ਕੀਤੀ ਤੇ ਪਹਿਲਾਂ ਆਪਣੇ ਘਰ ਵਿਚ ਪਨਾਹ ਵੀ ਦਿੱਤੀ, ਪਰ ਜਦੋਂ ਉਨ੍ਹਾਂ ਨੂੰ ਵੀ ਮਾਰਨ ਦੀਆਂ ਧਮਕੀਆਂ ਦਿੱਤੀਆਂ ਤਾਂ ਇਹ ਵਾਪਸ ਆਪਣੇ ਮਕਾਨ ਵਿਚ ਆ ਗਏ। ਇਹ ਕਾਨਪੁਰ ਦੇ ਬਹੁਤ ਧਨਾਢ ਲੋਕਾਂ ਵਿਚੋਂ ਸਨ। ਆਰਮੀ ਨੇ ਬਲਦੀ ਅੱਗ ਵਿਚੋਂ ਸਾਰੇ ਟੱਬਰ ਨੂੰ ਕੱਢ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਇਸੇ ਤਰ੍ਹਾਂ ਕਈ ਲੋਕਾਂ ਨੂੰ ਘਰੋਂ ਬਚਾਉਣ ਦੇ ਪੁਲੀਸ ਨੇ ਤੀਹ ਹਜ਼ਾਰ ਰੁਪਏ ਤਕ ਲਏ।

ਕਰਫ਼ਿਊ ਭਾਵੇਂ ਸ਼ਾਮੀ ਪੰਜ ਵਜੇ ਐਲਾਨ ਦਿੱਤਾ ਗਿਆ ਸੀ ਪਰ ਫ਼ੌਜ ਸਵੇਰੇ ਆ ਚੁੱਕੀ ਹੋਈ ਸੀ, ਜਿਸ ਨੂੰ ਕਿਸੇ ਕਿਸਮ ਦੇ ਬਲਵੇ ਨੂੰ ਦਬਾਉਣ ਦੇ ਹੁਕਮ ਨਹੀਂ ਸਨ ਦਿੱਤੇ ਗਏ। ਫ਼ੌਜ ਪੁਲੀਸ ਦਾ ਮੂੰਹ ਵੇਖ ਰਹੀ ਸੀ ਤੇ ਪੁਲੀਸ ਥਾਂ ਥਾਂ ਤਮਾਸ਼ੇ ਕਰਵਾ ਰਹੀ ਸੀ। ਪਹਿਲੀ ਤਾਰੀਖ਼ ਦਾ ਪੂਰਾ ਦਿਨ ਤੇ ਰਾਤ ਸਾਰੇ ਕਾਨਪੁਰ ਵਿਚ ਪੁਲੀਸ ਤੇ ਫ਼ੌਜ ਦੀ ਮੌਜੂਦਗੀ ਵਿਚ ਇਹ ਸਾਰਾ ਖ਼ੂਨੀ ਸਾਕਾ ਵਾਪਰਿਆ। ਕਈ ਥਾਵਾਂ 'ਤੇ ਆਰਮੀ ਨੇ ਬਿਨਾਂ ਗੋਲੀ ਚਲਾਏ ਬੇਦੋਸ਼ੇ ਲੋਕਾਂ ਨੂੰ ਬਚਾਇਆ, ਕਿਉਂਕਿ ਦੰਗਾਈਆਂ 'ਤੇ ਗੋਲੀ ਚਲਾਉਣ ਦਾ ਉਨ੍ਹਾਂ ਨੂੰ ਹੁਕਮ ਨਹੀਂ ਸੀ।



ਭਿਆਨਕ ਗ਼ਰੀਬੀ ਤੇ ਤੰਗੀ ਤੁਰਸ਼ੀ ਵਿਚ ਜਿਊਣ ਵਾਲੇ ਲੋਕਾਂ ਨੂੰ ਇਸ ਤਰ੍ਹਾਂ ਅਪਰਾਧੀ ਵਰਗ ਨੇ ਸਹਿਜੇ ਹੀ ਆਪਣੀ ਤਾਕਤ ਬਣਾ ਲਿਆ। ਜਿਨ੍ਹਾਂ ਦੀਆਂ ਝੁੱਗੀਆਂ ਸਾਮਾਨ ਨਾਲ ਭਰ ਗਈਆਂ, ਉਨ੍ਹਾਂ ਲਈ ਅੰਦਰ ਬਹਿਣ ਦਾ ਥਾਂ ਵੀ ਨਾ ਬਚਣ ਕਰਕੇ ਉਨ੍ਹਾਂ ਸ਼ਨੀਲ ਦੀਆਂ ਰਜਾਈਆਂ ਬਾਹਰ ਰੱਖੇ ਸਾਮਾਨ ਉੱਤੇ ਲੇਟ ਕੇ ਉੱਤੇ ਵਲ੍ਹੇਟ ਲਈਆਂ ਤੇ ਸਖ਼ਤ ਸਰਦੀ ਦੀਆਂ ਰਾਤਾਂ ਕੱਟੀਆਂ।

ਭਾਵੇਂ ਇਹ ਸੁੱਖ ਉਨ੍ਹਾਂ ਨੂੰ ਬਹੁਤੇ ਦਿਨ ਨਹੀਂ ਮਿਲ ਸਕਿਆ, ਕਿਉਂਕਿ ਜਦ ਫ਼ੌਜ ਆਈ ਤੇ ਉਸ ਨੇ ਵਾਗਡੋਰ ਆਪਣੇ ਹੱਥਾਂ ਵਿਚ ਲਈ ਤਾਂ ਇਨ੍ਹਾਂ ਲੋਕਾਂ ਦੀਆਂ ਬਸਤੀਆਂ ਤੇ ਘਰਾਂ ਵਿਚ ਜਾ ਕੇ ਸਾਮਾਨ ਬਾਹਰ ਕੱਢਿਆ ਤੇ ਬੰਦੂਕਾਂ ਦੇ ਬੱਟ ਮਾਰ ਮਾਰ ਕੇ ਹੱਡੀਆਂ ਤੋੜ ਸੁੱਟੀਆਂ। ਉਹ ਚੀਕਦੇ ਰਹੇ "ਪਹਿਲੇ ਤੋਂ ਖ਼ੁਦ ਲਟਨੇ ਕੋ ਕਹਾ, ਔਰ ਅਬ ਮਾਰਤੇ ਹੋ ?"

ਭਾਅਦ ਵਿਚ ਚੋਣਾਂ ਵੇਲੇ ਇਨ੍ਹਾਂ ਲੋਕਾਂ ਨੇ ਆਪਣੀਆਂ ਬਸਤੀਆਂ ਦੇ ਬਾਹਰ ਵੱਡੇ ਵੱਡੇ ਬੈਨਰ ਲਾਏ ਕਿ "ਹਮ ਤੋਂ ਚੋਰ, ਡਾਕੂ, ਲੁਟੇਰੇ ਹੈਂ। ਹਮ ਸੇ ਵੋਟ ਨਾ ਮਾਂਗਾ ਜਾਏ।"



ਤਾਰਨ ਗੁਜਰਾਲ
ਫ਼ੋਨ 98557-19660

ਕਿਉਂਕਿ ਪ੍ਰਸ਼ਾਸਨ ਨੇ ਸਾਰਾ ਦੋਸ਼ ਇਨ੍ਹਾਂ ਲੋਕਾਂ ਸਿਰ ਮੜ੍ਹ ਕੇ ਆਪਣੇ ਆਪ ਨੂੰ ਪਾਕ ਦਾਮਨ ਦੱਸਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ...

ਇਨ੍ਹਾਂ ਲੋਕਾਂ ਦਾ ਐਨਾ ਕੁ ਹੀ ਜ਼ੋਰ ਚੱਲ ਸਕਿਆ।

ਬਾਅਦ ਵਿਚ ਤਿੰਨ ਨਵੰਬਰ ਜਦੋਂ ਸ਼ਹਿਰ ਦਾ ਚਾਰਜ ਫ਼ੌਜ ਨੇ ਲੈ ਲਿਆ ਤਾਂ ਕਈ ਥਾਵਾਂ 'ਤੇ ਪੁਲੀਸ ਦੀਆਂ ਕੋਝੀਆਂ ਕਰਤੂਤਾਂ ਨੂੰ ਵੇਖ ਕੇ ਉਨ੍ਹਾਂ ਸਿਪਾਹੀਆਂ ਨੂੰ ਕੁੱਟਿਆ। ਗੋਬਿੰਦ ਨਗਰ ਕੈਂਪ ਵਿਚ ਪੁਲੀਸ ਕਰਮਚਾਰੀਆਂ ਨੂੰ ਲਿਜਾ ਕੇ, ਉਨ੍ਹਾਂ ਦੀ ਵਰਦੀ ਉਤਾਰ ਕੇ ਲੋਕਾਂ ਦੇ ਸਾਹਮਣੇ ਕੁੱਟਿਆ ਤੇ ਬੇਇੱਜ਼ਤ ਕੀਤਾ। ਪਰ ਐਨੇ ਵੱਡੇ ਕਾਂਡ ਵਿਚ, ਜਿਸ ਦੀ ਪੁਲੀਸ ਪੂਰੀ ਤਰ੍ਹਾਂ ਜ਼ਿੰਮੇਵਾਰ ਰਹੀ ਇਹ ਘਟਨਾ ਬਹੁਤ ਛੋਟੀ ਜਾਪਦੀ ਹੈ।

ਸਭ ਤੋਂ ਦੁਖਦਾਈ ਗੱਲ ਇਹ ਰਹੀ ਕਿ ਡੀ.ਐਮ. ਸ੍ਰੀ ਬਰਜਿੰਦਰ ਨੇ ਇਹ ਸਾਕਾ ਹੋਣ ਦਿੱਤਾ। ਕਰਨਲ ਸਿੱਧੂ ਤੇ ਉਸ ਦੇ ਪਰਿਵਾਰ ਨੂੰ ਉਸ ਨੇ ਆਪਣੀ ਅੱਖੀਂ ਮੌਤ ਵਿਚ ਘਿਰੇ ਹੋਏ ਵੇਖਿਆ। ਤਿੰਨ ਟਰੱਕ ਫ਼ੌਜੀ ਜਵਾਨਾਂ ਦੇ ਲੈ ਕੇ ਉਹ ਉਨ੍ਹਾਂ ਦੇ ਘਰ ਤਕ ਵੀ ਗਏ ਤੇ ਮੋਰਚਾ ਜਮਾਇਆ। ਭੀੜ ਦੂਰ ਵੀ ਹੱਟ ਗਈ। ਬਰਜਿੰਦਰ ਨੇ ਛੱਤ 'ਤੇ ਖੜ੍ਹੇ ਹਰਨੇਕ ਸਿੰਘ ਸਿੱਧੂ ਨੂੰ ਆਵਾਜ਼ ਦਿੱਤੀ ਕਿ ਹੇਠਾਂ ਆ ਜਾਣ, ਪਰ ਉਸ ਨੇ ਕਿਹਾ ਕਿ ਗੱਡੀ ਗੇਟ ਕੋਲ ਲੈ ਆਓ ਤੇ ਕੁਝ ਜਵਾਨ ਵੀ ਭੇਜੋ ਜੋ ਸਾਨੂੰ ਐਸਕੌਟ ਕਰਕੇ ਗੱਡੀਆਂ ਤੱਕ ਲੈ ਜਾਣ, ਪਰ ਬਰਜਿੰਦਰ ਨੇ ਉੱਤੇ ਜਾਣ ਤੋਂ ਤੇ ਬੰਦੇ ਭੇਜਣ ਤੋਂ ਅਸਮਰਥਤਾ ਜ਼ਾਹਰ ਕੀਤੀ ਤੇ ਫ਼ੌਜ ਲੈ ਕੇ ਵਾਪਸ ਚਲੇ ਗਏ।

ਉਸੇ ਵੇਲੇ ਦੋ ਬੱਸਾਂ ਤੇ ਇਕ ਮੰਤਰੀ ਦੇ ਭਤੀਜੇ ਨੇ ਹਥਿਆਰਬੰਦ ਡਾਕੂ ਲਿਆਂਦੇ, ਜਿਨ੍ਹਾਂ ਪੂਰੇ ਪਰਿਵਾਰ ਨੂੰ ਬੜੀ ਬੇਦਰਦੀ ਨਾਲ ਕਤਲ ਕੀਤਾ। ਟੈਂਕਰਾਂ ਨੂੰ ਅੱਗ ਲਾ ਕੇ ਸਭ ਕੁਝ ਤਬਾਹ ਕਰ ਦਿੱਤਾ।

ਏਸੇ ਤਰ੍ਹਾਂ ਆਰਡੀਨੈਂਸ ਫ਼ੈਕਟਰੀ ਵਿਚ ਘਿਰੇ ਜ਼ਖ਼ਮੀ ਸਿੱਖ ਕਰਮਚਾਰੀਆਂ ਨੂੰ ਸਵੇਰੇ ਚਾਰ ਵਜੇ ਦੇ ਕਰੀਬ ਫ਼ੌਜ ਦੇ ਟਰੱਕ ਨੇ ਦਾਦਾ ਨਗਰ ਦੇ ਪੁਲ 'ਤੇ ਇਹ ਕਹਿ ਕੇ ਛੱਡ ਦਿੱਤਾ, ਕਿ ਸਾਡਾ ਏਥੇ ਤੱਕ ਹੀ ਇਖ਼ਤਿਆਰ ਹੈ, ਅੱਗੋਂ ਆਪਣਾ ਰਸਤਾ ਆਪ ਜਾਣੋ।

ਜ਼ਿਲ੍ਹੇ ਦੇ ਸਭ ਤੋਂ ਵੱਡੇ ਉਰਸਿਲਾ ਹਸਪਤਾਲ ਤੇ ਹੈਲੇਟ ਹਸਪਤਾਲ ਵਿਚ ਜ਼ਖ਼ਮੀਆਂ ਨੂੰ ਵੇਲੇ ਸਿਰ ਠੀਕ ਡਾਕਟਰੀ ਸਹਾਇਤਾ ਨਾ ਮਿਲਣਾ ਅਤੇ ਰਾਜ ਸਰਕਾਰ ਵੱਲੋਂ ਹਸਪਤਾਲ ਦੇ ਸਾਹਮਣੇ ਅਜਿਹੀ ਹਿੰਸਕ ਭੀੜ ਨੂੰ ਨਾ ਰੋਕਣ ਦੀਆਂ ਸ਼ਿਕਾਇਤਾਂ ਆਈਆਂ। ਹਸਪਤਾਲਾਂ ਵਿਚ ਮਰੀਜ਼ ਵੀ ਜ਼ਖ਼ਮੀ ਸਿੱਖਾਂ ਨੂੰ ਮਾਰਨ ਦੌੜੇ। ਕੁਝ ਕੁ ਡਾਕਟਰ ਤੇ ਨਰਸਾਂ ਤੋਂ ਛੁੱਟ ਬਹੁਤ ਹੀ ਘੱਟ ਡਾਕਟਰ ਨਰਸਾਂ ਨੇ ਇਨ੍ਹਾਂ ਦੁਖਿਆਰਿਆਂ ਦੀ ਮਦਦ ਕੀਤੀ। ਬਹੁਤ ਸਾਰੇ ਹਸਪਤਾਲ ਮਰਨ ਵਾਲੇ ਉਨ੍ਹਾਂ ਦੀ ਲਾਪਰਵਾਹੀ ਤੇ ਦਵਾਈਆਂ ਨਾ ਮਿਲਣ ਕਰਕੇ ਹੀ ਮਰੇ।

ਰਾਜ ਸਰਕਾਰ ਨੇ ਨੌਂ ਨਵੰਬਰ ਤੱਕ ਸਿਰਫ਼ 65 ਮੌਤਾਂ ਹੀ ਮੰਨੀਆਂ। ਸੱਚ ਤਾਂ ਇਹ ਹੈ ਕਿ ਇਸ ਨਸਲਕੁਸ਼ੀ ਦੇ ਪਹਿਲੇ ਦੋ ਦਿਨਾਂ ਵਿਚ ਹੀ ਇਸ ਤੋਂ ਦੂਣੇ ਤਿਗਣੇ ਲੋਕੀ ਮਾਰੇ ਜਾ ਚੁੱਕੇ ਸਨ। ਸਾਡੀ ਸੂਚੀ ਵਿਚ ਬਹੁਤ ਸਾਰੇ ਨਾਮ ਪਤੇ ਤਾਂ ਦਰਜ਼ ਹਨ ਪਰ ਉੱਥੋਂ ਦੀ ਅਹਿਮ ਅਖ਼ਬਾਰ 'ਦੈਨਿਕ ਜਾਗਰਣ' ਅਨੁਸਾਰ 'ਜਾਜਮਾਊ' ਗੰਗਾ ਦੇ ਪੁਲ ਤੋਂ ਪੁਲੀਸ ਵੱਲੋਂ ਰਾਤੀਂ ਲਾਸ਼ਾਂ ਸੁੱਟਣ ਦੀਆਂ ਖ਼ਬਰਾਂ ਹਨ।

ਸਾਡੀ ਪੀ.ਯੂ.ਸੀ.ਐਲ. ਦੀ ਟੀਮ ਨੇ ਮਲਾਹਾਂ ਨਾਲ ਗੱਲਬਾਤ ਕਰਕੇ ਇਸ ਸਚਾਈ ਦੀ ਤਸਦੀਕ ਵੀ ਕੀਤੀ। ਇਸ ਤੋਂ ਇਲਾਵਾ ਵੀ ਕਈ ਲਾਸ਼ਾਂ ਚਾਰ ਦਿਨਾਂ ਤੱਕ ਲਾਵਾਰਸ ਪਈਆਂ ਰਹੀਆਂ, ਭਾਵੇਂ ਡੀ ਐਮ ਦਾ ਬਿਆਨ ਸੀ ਕਿ ਦੋ ਨਵੰਬਰ ਤੋਂ ਬਾਅਦ ਕੋਈ ਲੁੱਟ ਜਾਂ ਹੱਤਿਆ ਨਹੀਂ ਹੋਈ... ਪਰ ਵਿਜੇ ਨਗਰ ਚੌਕ ਵਿਚ ਦੋ ਤਾਰੀਖ਼ ਸਵੇਰੇ ਦੋ ਮੁੰਡਿਆਂ ਨੂੰ ਬੁਰੀ ਤਰ੍ਹਾਂ ਕੁੱਟ ਕੁੱਟ ਕੇ ਸਾੜਿਆ ਗਿਆ।

ਫ਼ੌਜ ਵੱਲੋਂ ਲੋਕਾਂ ਨੂੰ ਘਰਾਂ ਵਿਚੋਂ ਸੁਰੱਖਿਅਤ ਕੱਢ ਕੇ ਲਿਜਾਉਣ ਪਿੱਛੋਂ ਵੀ ਬਹੁਤ ਸਾਰੇ ਘਰਾਂ ਨੂੰ ਲੁੱਟਿਆ ਗਿਆ, ਸਗੋਂ ਕਰਫ਼ਿਊ ਦੇ ਦਰਮਿਆਨ ਇਹ ਕਾਰਾ ਪੁਲੀਸ ਨੇ ਆਪ ਕੀਤਾ ਜਾਂ ਕਰਵਾਇਆ।

ਭਾਅਦ ਵਿਚ ਪੁਲੀਸ ਕਮਿਸ਼ਨਰ ਸ਼ਹਿਰ ਨੇ ਇਕ ਪੱਤਰਕਾਰ ਸੰਮੇਲਨ ਵਿਚ ਫ਼ੌਜ 'ਤੇ ਇਲਜ਼ਾਮ ਲਾਇਆ ਕਿ ਸੈਨਾ ਦੇ ਜਵਾਨ ਆਮ ਆਦਮੀ ਅਤੇ ਪੁਲੀਸ ਨਾਲ ਵਧੀਕੀਆਂ ਕਰ ਰਹੇ ਸਨ। ਪੁਲੀਸ ਦੇ ਅਤਿਆਚਾਰ ਦਾ ਸਬੂਤ ਇਕ ਰਾਤ ਲਈ ਲੋਕਾਂ ਦੀ ਜਾਨ ਬਚਾਉਣ ਦੇ ਹਜ਼ਾਰਾਂ ਰੁਪਏ ਰਿਸ਼ਵਤ ਲੈਣ ਦੀਆਂ ਖ਼ਬਰਾਂ ਆਮ ਸਨ। ਸਗੋਂ ਪੀ ਏ ਸੀ ਲਾਈਨ ਦੇ ਸਾਹਮਣੇ ਜਦੋਂ ਐਲਾਨ ਕੀਤਾ ਗਿਆ ਕਿ ਲੁੱਟਿਆ ਹੋਇਆ ਮਾਲ ਬਾਹਰ ਕੱਢ ਦਿੱਤਾ ਜਾਵੇ, ਤਾਂ ਤਲਾਸ਼ੀ ਨਹੀਂ ਲਈ ਜਾਵੇਗੀ। ਇਸ ਤੇ ਪੀ ਏ ਪੀ ਦੀਆਂ ਗਾਰਦਾਂ ਵਿਚੋਂ ਵੀ ਬਹੁਤਾ ਵੱਡਾ ਢੇਰ ਲੁੱਟੇ ਹੋਏ ਮਾਲ ਦਾ ਲੱਗ ਗਿਆ। ਏਸੇ ਤਰ੍ਹਾਂ ਗੋਬਿੰਦ ਨਗਰ ਵਿਚੋਂ ਵੀ ਮਾਲ ਨਾਲ ਭਰੇ ਟਰੱਕ ਨੂੰ ਪੁਲੀਸ ਦੇ ਕਬਜ਼ੇ ਵਿਚੋਂ ਫ਼ੌਜੀ ਜੁਆਨਾਂ ਨੇ ਫੜਿਆ। ਇਕ ਟਰੱਕ ਬਾਰੇ ਅਖ਼ਬਾਰਾਂ ਵਿਚ ਖ਼ਬਰ ਹੋਣ 'ਤੇ ਪੁਲੀਸ ਮੁਖੀ ਨੇ ਬਿਆਨ ਦਿੱਤਾ ਕਿ ਇਹ ਮਾਲ ਲੁੱਟਿਆ ਨਹੀਂ ਸਗੋਂ ਬਰਾਮਦ ਕੀਤਾ ਗਿਆ ਸੀ। ਇਸ ਸਵਾਲ 'ਤੇ ਵੀ ਪੁਲੀਸ ਅਤੇ ਫ਼ੌਜ ਵਿਚ ਝੜਪ ਹੋਈ।

ਖਾਨਪੁਰ ਵਿਚ ਸਿੱਖਾਂ ਨੂੰ ਲੁੱਟਣ ਦੀ ਸਕੀਮ ਤਿੰਨ ਜੂਨ 1984 ਨੂੰ ਫ਼ੌਜ ਦੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਵੇਸ਼ ਕਰਨ ਵੇਲੇ ਘੜੀ ਗਈ। ਚਾਰ ਜੂਨ ਕਾਨਪੁਰ ਦੇ ਸਿੱਖਾਂ ਨੇ ਦਰਬਾਰ ਸਾਹਿਬ ਵਿਚ ਫ਼ੌਜ ਦੇ ਦਾਖ਼ਲੇ ਦੇ ਰੋਸ ਵਜੋਂ ਆਪਣੀਆਂ ਦੁਕਾਨਾਂ ਬੰਦ ਰੱਖੀਆਂ ਤੇ ਸੋਗ ਮਨਾਇਆ। ਇਸ ਤੋਂ ਉਲਟ ਕਾਂਗਰਸ ਆਈ ਅਤੇ ਕੱਟੜਪੰਥੀ ਹਿੰਦੂਆਂ ਨੇ ਮਠਿਆਈਆਂ ਵੰਡੀਆਂ ਤੇ ਜਸ਼ਨ ਮਨਾਏ। ਸਿੱਖਾਂ ਦੀਆਂ ਬੰਦ ਦੁਕਾਨਾਂ ਅੱਗੇ ਉਹ ਭੰਗੜੇ ਪਾਉਂਦੇ ਮੁੰਡਿਆਂ ਦੀਆਂ ਤਸਵੀਰਾਂ ਵੀ ਦੈਨਿਕ ਅਖ਼ਬਾਰਾਂ ਨੇ ਸੁਰੱਖਿਆ ਦੇ ਕੇ ਛਾਪੀਆਂ।

ਉਸ ਵੇਲੇ ਤਾਂ ਪੀ ਏ ਸੀ ਅਤੇ ਰਾਜ ਸਰਕਾਰ ਪੁਲੀਸ ਦੇ ਦਖ਼ਲ ਕਰਕੇ ਦੰਗਾ ਹੁੰਦਿਆਂ ਹੁੰਦਿਆਂ ਰਹਿ ਗਿਆ, ਤੇ ਇਸ ਗਲ ਦੀ ਆਮ ਚਰਚਾ ਵੀ ਸੀ। ਲੁਟੇਰਿਆਂ ਨੇ ਤਾਂ ਉਸੇ ਵੇਲੇ ਦੁਕਾਨਾਂ ਤਾੜ ਵੀ ਲਈਆਂ ਸਨ ਅਤੇ ਮੌਕੇ ਦੀ ਭਾਲ ਵਿਚ ਸਨ, ਪਰ ਘੱਟ ਗਿਣਤੀ ਵਾਲਿਆਂ ਸਿੱਖਾਂ ਦੇ ਸਬਰ ਨੇ ਦੰਗਾ ਨਾ ਹੋਣ ਵਿਚ ਸਰਕਾਰ ਦੀ ਬਹੁਤ ਮਦਦ ਕੀਤੀ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕੁਝ ਨੌਜੁਆਨ ਗਰਮ ਖ਼ੂਨ ਵਾਲੇ ਸਿੱਖ ਮੁੰਡੇ ਗੁਮਟੀ ਗੁਰਦੁਆਰੇ ਦੇ ਬਾਨੀ 'ਸੰਤ ਬਾਬਾ ਮੋਹਨ' ਜੀ ਕੋਲੋਂ ਐਹੋ ਜਿਹੇ ਅਨਸਰਾਂ ਨੂੰ ਸੋਧਣ ਲਈ ਇਜਾਜ਼ਤ ਮੰਗਣ ਗਏ ਤਾਂ ਉਨ੍ਹਾਂ ਬੜੀ ਸਖ਼ਤੀ ਨਾਲ ਸਿੱਖ ਮੁੰਡਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਜਿਹੀ ਕਾਰਵਾਈ ਕਰਨ ਤੋਂ ਹੋੜਿਆ। ਉਹ ਸਭ ਲਹੂ ਦਾ ਘੁੱਟ ਪੀ ਕੇ ਰਹਿ ਗਏ, ਜਿਸ ਨੂੰ ਸ਼ਰਾਰਤੀ ਲੋਕਾਂ ਨੇ ਸਿੱਖਾਂ ਦੀ ਕਮਜ਼ੋਰੀ ਕਹਿ ਕੇ ਨਸ਼ਰ ਕੀਤਾ। ਸ਼ਹਿਰ ਕਾਂਗਰਸ ਦੇ ਨੇਤਾਵਾਂ ਨੇ ਸਰਕਾਰ ਤੇ ਸਿੱਖ ਪ੍ਰਤੀਨਿਧੀਆਂ 'ਤੇ ਇਹ ਦਬਾਅ ਪਾਇਆ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਸਾਕੇ 'ਤੇ ਰੋਸ ਨਾ ਕਰਨ ਸਗੋਂ ਪੰਜਾਬ ਖ਼ਿਲਾਫ਼ ਅੰਦੋਲਨ ਕਰਕੇ ਭਿੰਡਰਾਂਵਾਲੇ ਵਿਰੁੱਧ ਬਿਆਨਬਾਜ਼ੀ ਕਰਨ।

ਇਕ ਵਾਰ ਫਿਰ ਨਰੇਸ਼ ਚੰਦਰ ਚਤੁਰਵੇਦੀ ਨੇ "ਸ਼ਾਂਤੀ ਵ ਪੁਨਰਵਾਸ ਸਮਿਤੀ' ਦੀ ਪਹਿਲੀ ਬੈਠਕ ਵਿਚ ਸਿੱਖਾਂ ਦੀ ਨਿੰਦਿਆ ਕਰਦਿਆਂ ਹੋਇਆਂ ਉਨ੍ਹਾਂ 'ਤੇ ਇੰਦਰਾ ਗਾਂਧੀ ਦੀ ਮੌਤ 'ਤੇ ਸੋਗ ਨਾ ਮਨਾ ਕੇ ਖ਼ੁਸ਼ੀਆਂ ਮਨਾਉਣ ਦਾ ਦੋਸ਼ ਲਾਇਆ ਤੇ ਇਸ ਤਰ੍ਹਾਂ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। 'ਦੈਨਿਕ ਜਾਗਰਣ' ਨੇ ਵੀ ਇਸ ਤਰ੍ਹਾਂ ਦੀ ਖ਼ਬਰ ਛਾਪੀ ਕਿ ਇਸ ਘਟਨਾ ਤੋਂ ਬਾਅਦ ਕਚਹਿਰੀ ਦੇ ਸਾਹਮਣੇ ਮਠਿਆਈਆਂ ਵੰਡੀਆਂ ਗਈਆਂ। ਇਸ ਸਬੰਧ ਵਿਚ ਚੇਤਨਾ ਰੈਸਟੋਰੈਂਟ, ਜੋ ਕਚਹਿਰੀ ਦੇ ਸਾਹਮਣੇ ਹੈ, ਮਠਿਆਈਆਂ ਵੰਡੀਆਂ ਗਈਆਂ।

ਫਿਰ ਸੱਚ ਇਹ ਹੈ ਕਿ 31 ਅਕਤੂਬਰ ਜਿਸ ਵੇਲੇ ਮਿਠਾਈ ਵੰਡਣ ਦੀ ਗੱਲ ਕਹੀ ਗਈ, ਚੇਤਨਾ ਰੈਸਟੋਰੈਂਟ ਦਾ ਮਾਲਕ ਮੱਖਣ ਸਿੰਘ ਸਮਿਤੀ ਦੀ ਬੈਠਕ ਵਿਚ ਹਿੱਸਾ ਲੈਣ ਗਿਆ ਹੋਇਆ ਸੀ।

ਉਸ ਦਾ ਰੈਸਟੋਰੈਂਟ ਲੁੱਟ ਕੇ ਸਾੜ ਦਿੱਤਾ ਗਿਆ। ਕਚਹਿਰੀ ਦੇ ਵਕੀਲ, ਗੁਆਂਢੀ ਦੁਕਾਨਦਾਰ ਤੇ ਆਂਢ ਗੁਆਂਢ ਤੋਂ ਸਾਡੀ ਟੀਮ ਨੂੰ ਇਕ ਵੀ ਬੰਦਾ ਅਜਿਹਾ ਨਹੀਂ ਮਿਲਿਆ ਜਿਸ ਨੇ ਆਪਣੀ ਅੱਖੀਂ ਮਠਿਆਈਆਂ ਵੰਡੀਂਦੀਆਂ ਵੇਖੀਆਂ ਹੋਣ ਜਾਂ ਵੰਡੀ ਹੋਈ ਮਠਿਆਈ ਖਾਧੀ ਹੀ ਹੋਵੇ। ਕੁਲਦੀਪ ਸਕਸੈਨਾ ਤੇ ਰਾਜਾ ਰਘੂਨਾਥ ਸਿੰਘ, ਜਿਨ੍ਹਾਂ ਦੇ ਘਰ ਕਚਹਿਰੀ ਦੇ ਸਾਹਮਣੇ ਹੀ ਹਨ, ਨੇ ਦੱਸਿਆ ਕਿ ਉਨ੍ਹਾਂ ਨੇ ਸ਼ਰਾਰਤੀ ਭੀੜ ਨੂੰ ਪਹਿਲੀ ਵਾਰ ਤਾਂ ਰੋਕ ਲਿਆ, ਪਰ ਦੂਜੇ ਦਿਨ ਪਹਿਲੀ ਨਵੰਬਰ ਨੂੰ ਕਚਹਿਰੀ ਬੰਦ ਹੋਣ ਕਰਕੇ ਉਨ੍ਹਾਂ ਮਨਚਾਹੀ ਲੁੱਟ ਤੇ ਅਗਜ਼ਨੀ ਕੀਤੀ।

ਬਾਕੀ ਸਫ਼ਾ 32 'ਤੇ

## ਨਰਿੰਦਰ ਮੋਦੀ ਲਈ ਮਰਿਆਦਾ ‘ਨਰਮ’ ਪਰ ਸਟੀਫਨ ਹਾਰਪਰ ਲਈ ‘ਸਖਤ’

**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ:** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ੍ਰੀ ਦਰਬਾਰ ਸਾਹਿਬ ਫੇਰੀ, ਸਿਰ ’ਤੇ ਟੋਪੀ ਪਹਿਨੀ ਹੋਣ ’ਤੇ ਸਿਰੋਪਾਉ ਦਿੱਤੇ ਜਾਣ ਕਰੜੀ ਨਿਖੇਧੀ ਕਰਦਿਆਂ ਅੰਤਰ ਰਾਸ਼ਟਰੀ ਸਿੱਖ ਪ੍ਰਚਾਰਕ ਭਾਈ ਬਲਵੀਰ ਸਿੰਘ ‘ਚੰਗਿਆੜਾ’ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਾਰਮਿਕ ਮੁਖੀਆਂ ਵਾਸਤੇ ਇਹ ਗੱਲ ਅਤਿਅੰਤ ਮੰਦਭਾਗੀ ਹੈ ਕਿ ਉਹ ਗੁਰਦੁਆਰਿਆਂ ਵਿਚ ਨਤਮਸਤਕ ਹੋਣ ਆਏ ਅਤਿਥੀਆਂ ਨੂੰ ਸਿਰੋਪਾ ਦੇਣ ਵੇਲੇ ਸਿਆਸੀ ਮੁਲਾਹਜ਼ੇਦਾਰੀਆਂ ਪਾਲਦੇ ਹਨ ਅਤੇ ਅਜਿਹਾ ਕਰਦਿਆਂ ਮਰਿਆਦਾ ਨੂੰ ਵੀ ਮਨਮਰਜ਼ੀ ਨਾਲ ਕਦੇ ‘ਨਰਮ’ ਤੇ ਕਦੇ ‘ਸਖ਼ਤ’ ਕਰ ਲੈਂਦੇ ਹਨ।

ਭਾਈ ਬਲਵੀਰ ਸਿੰਘ ‘ਚੰਗਿਆੜਾ’ ਨੇ ਅਜਿਹੀ ਹੀ ਕੁਤਾਹੀ ਦੀ ਇੱਕ ਹੋਰ ਉਦਾਹਰਣ ਦਿੰਦਿਆਂ ਕਿਹਾ ਕਿ ਬੀਤੇ ਦਿਨੀਂ 25 ਨਵੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿਰੋਪਾ ਦਿੱਤੇ ਜਾਣਾ ਵੀ ਗਲਤ ਕਾਰਵਾਈ ਹੈ। ਉਨ੍ਹਾਂ ਇਸ ਸਬੰਧੀ ਟਿੱਪਣੀ ਕਰਦਿਆਂ ਕਿਹਾ ਕਿ 2015 ਵਿਚ ਅਹੁਦਾ ਤਿਆਗ ਗਏ ਸਟੀਫਨ ਹਾਰਪਰ ਜਦੋਂ ਬਤੌਰ ਕੈਨੇਡੀਅਨ ਪ੍ਰਧਾਨ ਮੰਤਰੀ ਸ਼ਰਧਾ ਸਤਿਕਾਰ ਸਹਿਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਆਏ ਸਨ ਤਾਂ ਉਨ੍ਹਾਂ ਨੂੰ ਤਖ਼ਤ ਸਾਹਿਬ ਵਿਖੇ ਸਿਰੋਪਾ ਦੇਣੋ ਇਹ ਕਹਿ ਕੇ ਇਨਕਾਰ ਕਰ ਦਿੱਤਾ ਗਿਆ ਸੀ ਕਿ ਇੱਥੇ ਕਿਸੇ ਪੂਰਨ ਗੁਰਸਿੱਖ ਵਿਅਕਤੀ ਨੂੰ ਹੀ ਸਿਰੋਪਾ ਦੇਣ ਦੀ ਮਰਿਆਦਾ ਹੈ। ਨਾਲ ਇਹ ਵੀ ਕਿਹਾ ਗਿਆ ਸੀ ਕਿ ਇੱਥੇ ਕਿਸੇ ਪੰਡਿਤ ਜਾਂ ਗੈਰ ਸਿੱਖ ਨੂੰ ਵੀ ਸਿਰੋਪਾ ਨਹੀਂ ਦਿੱਤਾ ਜਾਂਦਾ।

ਵੈਨਕੂਵਰ ਨਿਵਾਸੀ ਸ੍ਰੀ ਚੰਗਿਆੜਾ, ਜੋ ਇਨ੍ਹੀਂ ਦਿਨੀਂ ਪੰਜਾਬ ਯਾਤਰਾ ’ਤੇ ਹਨ, ਨੇ ਇਸ ਪੱਤਰਕਾਰ ਨਾਲ ਫੋਨ ’ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਹਾਲਾਂਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਉਣ ਵਾਲੇ ਸ੍ਰੀ ਸਟੀਫਨ ਹਾਰਪਰ ਪਹਿਲੇ ਵਿਦੇਸ਼ੀ ਪ੍ਰਧਾਨ ਮੰਤਰੀ ਸਨ, ਜੋ ਕਿ ਖਾਲਸੇ ਦੇ ਪ੍ਰਗਟ ਸਥਾਨ ’ਤੇ ਵੱਡੀ ਉਤਸੁਕਤਾ ਨਾਲ ਪਹੁੰਚੇ ਸਨ। ਪਰ ਉਨ੍ਹਾਂ ਨੂੰ ‘ਚੱਲਦੀ ਮਰਿਆਦਾ’ ਦਾ ਪਾਲਣ ਕਰਦਿਆਂ ਤਖ਼ਤ ਸਾਹਿਬ ਤੋਂ ਬਾਹਰ ਹੀ ਪੌੜੀਆਂ ਥੱਲੇ ਟੇਬਲ ਲਾ ਕੇ ਸਿਰੋਪਾ ਦਿੱਤਾ ਗਿਆ ਸੀ।

ਸੰਤ ਫਤਹਿ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਵੇਲਿਆਂ ਤੋਂ ਹੀ ਅਕਾਲੀ ਦਲ ਦੇ ਸਰਗਰਮ ਵਰਕਰ ਰਹੇ ਅਤੇ ਲੰਮਾ ਅਰਸਾ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਰਹੇ ਜਥੇਦਾਰ ਚੰਗਿਆੜਾ ਨੇ ਐਸ.ਜੀ.ਪੀ.ਸੀ. ਦੇ ਮੌਜੂਦਾ ਆਗੂਆਂ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਜੀ ਨੂੰ ਸਵਾਲ ਕੀਤਾ ਹੈ ਕਿ ਉਨ੍ਹਾਂ ਸ੍ਰੀ ਮੋਦੀ ਨੂੰ ਸਿਰੋਪਾ ਦੇਣ ਵੇਲੇ ਸਖ਼ਤ ਮਰਿਆਦਾ ਨੂੰ ‘ਨਰਮ’ ਕਿਹੜੀ ਮਜਬੂਰੀ ਵਿਚ ਕਰ ਲਿਆ ਸੀ? ਸਾਹਿਤਕ ਮੱਸ ਰੱਖਦੇ ਭਾਈ ਚੰਗਿਆੜਾ ਨੇ ‘ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ ਸੇ’ ਵਾਲਾ ਸ਼ਿਅਰ ਬੋਲਦਿਆਂ ਭਾਰੀ ਦੁੱਖ ਪ੍ਰਗਟਾਇਆ ਕਿ ਅੱਜ ਸਿੱਖੀ ਜਾਂ ਪੰਥ ਨੂੰ ਉਨਾ ਖਤਰਾ ਬਾਹਰੋਂ ਨਹੀਂ ਜਿੰਨਾ ‘ਆਪਣਿਆਂ’ ਤੋਂ ਹੀ ਹੈ। ਵੱਖ ਵੱਖ ਇਤਿਹਾਸਕ ਗੁਰਧਾਮਾ ਦੀ ਯਾਤਰਾ ਕਰ ਚੁੱਕੇ ਸ੍ਰੀ ਚੰਗਿਆੜਾ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਦੁਆਰਿਆਂ ਵਿਚ ਸ਼ਰਧਾਲੂਆਂ ਦੀ ਰਿਹਾਇਸ਼ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਧੁਨਿਕ ਸਰਾਵਾਂ ਉਸਾਰੀਆਂ ਗਈਆਂ ਹਨ। ਪਰ ਬਹੁਤੀ ਥਾਈਂ ਵਿਰਾਸਤੀ ਇਤਿਹਾਸਕ ਦਿੱਖ ਨੂੰ ਸਾਂਭਣ ਵਿਚ ਪ੍ਰਬੰਧਕ ਨਾਕਾਮ ਰਹੇ ਹਨ। ਮੌਜੂਦਾ ਕਥਿਤ ਪੰਥਕ ਆਗੂਆਂ ’ਤੇ ਉਨ੍ਹਾਂ ਇਹ ਰੋਸਾ ਵੀ ਜ਼ਾਹਰ ਕੀਤਾ ਕਿ ਪੰਥ ਦੀ ਸ਼ਾਹ-ਰਗ ਮੰਨੀ ਜਾਂਦੀ ਢਾਡੀ ਕਲਾ ਨੂੰ ਇਨ੍ਹਾਂ ਤਿਲਾਂਜਲੀ ਹੀ ਦੇ ਛੱਡੀ ਹੈ ਅਤੇ ਪੰਥਕ ਸਟੇਜਾਂ ਉਤੇ ਵੀ ਲੱਚਰ ਪੁਣੇ ਨੂੰ ਤਰਜੀਹ ਦੇਣੀ ਸ਼ੁਰੂ ਕੀਤੀ ਹੋਈ ਹੈ ਜੋ ਕਿ ਘੋਰ ਚਿੰਤਾ ਦਾ ਵਿਸ਼ਾ ਹੈ।

# ‘ਸਿਆਸੀ ਮੁਫਾਦਾਂ ਲਈ ਬਾਦਲ ਹਕੂਮਤ ਵਲੋਂ ਚਾਪਲੂਸੀ ਦੇ ਹੱਦ ਬੰਨੇ ਟੱਪਣ ਦਾ ਹਿਸਾਬ ਕੌਮ ਜ਼ਰੂਰ ਲਵੇਗੀ’

**ਟੋਰਾਂਟੋ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਹੈ ਕਿ ਅੰਮ੍ਰਿਤਸਰ ਵਿਖੇ ਹਾਰਟ ਆਫ ਏਸ਼ੀਆ ਨਾਮੀ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਘਾਨੀ ਦੇ ਦਰਬਾਰ ਸਾਹਿਬ ਪਹੁੰਚਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਾਪਲੂਸੀ ਦੀਆਂ ਹੱਦਾਂ-ਬੰਨ੍ਹੇ ਟੱਪ ਦਿੱਤੀਆਂ ਜਿਸ ਨਾਲ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ। ਇਸ ਤੋਂ ਅੱਗੇ ਵਧਦਿਆਂ ਉਸ ਵੇਲੇ ਦੋਵੇਂ ਆਗੂ ਕੱਪੜੇ ਨਾਲ ਸਿਰ ਕੱਜਣ ਦੀ ਬਜਾਏ ਆਪਣੀਆਂ ਟੋਪੀ ਸਮੇਤ ਦਰਬਾਰ ਸਾਹਿਬ ਅੰਦਰ ਅੰਦਰ ਮੱਥਾ ਟੇਕਣ ਗਏ ਜਿਥੇ ਦੋਵਾਂ ਨੂੰ ਦਰਬਾਰ ਸਾਹਿਬ ਅੰਦਰ ਸਿਰੋਪਾਉ ਦਿੱਤੇ ਗਏ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਵਲੋਂ ਸ਼੍ਰੋਮਣੀ



ਕਮੇਟੀ ਦੇ ਪ੍ਰਸ਼ਾਸਨ ਦੀ ਨਿਖੇਧੀ ਕਰਦਿਆਂ ਸਵਾਲ ਕੀਤਾ ਜਾਂਦਾ ਹੈ ਕਿ ਜਿਹੜੀ “ਡਾਂਗਾਂਵਾਲੀ ਟਾਸਕ ਫੋਰਸ” ਸਿੱਖਾਂ ਤੇ ਡਾਂਗ ਵਰ੍ਹਾ ਰਹੀ ਹੁੰਦੀ ਹੈ, ਉਹ ਉਸ ਵੇਲੇ ਕਿਥੇ ਸੀ ਜਦੋਂ ਦਰਬਾਰ ਸਾਹਿਬ ਅੰਦਰ ਮੋਦੀ ਅਤੇ ਘਾਨੀ ਜੁੱਤੀਆਂ ਸਮੇਤ ਆਪਣੀ ਗਾਰਦ ਨਾਲ ਪ੍ਰਕਰਮਾ ਵਿੱਚ ਘੁੰਮ ਰਹੇ ਸਨ ਅਤੇ ਦਰਬਾਰ ਸਾਹਿਬ ਅੰਦਰ ਮੱਥਾ ਟੇਕਣ ਗਏ ਸਨ। ਕੀ ਇਹ ਮਰਯਾਦਾ ਦੀ ਘੋਰ ਬੇਅਦਬੀ ਨਹੀਂ ਸੀ ਰਹੀ ਸੀ? ਮੋਦੀ ਦੀ ਦਰਬਾਰ ਸਾਹਿਬ ਆਮਦ ਵੇਲੇ ਸੰਗਤਾਂ ਨੂੰ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ; ਚਿੱਟੇ ਕਮੀਜ਼ਾਂ ਵਿਚ ਪੰਜਾਬ ਪੁਲੀਸ ਅਤੇ ਦਿੱਲੀ ਦੀ ਏਜੰਸੀਆਂ ਪੂਰੀ ਪਰਕਰਮਾ ਵਿਚ ਹਾਜ਼ਰ ਸਨ ਅਤੇ ਅਮਨਦੀਪ ਸਿੰਘ ਨਿਊਯਾਰਕ, ਰੇਸ਼ਮ ਸਿੰਘ ਕੈਲੀਫੋਰਨੀਆ (ਗੈਰ ਹਾਜ਼ਰ), ਹਰਦੀਪ ਸਿੰਘ ਲੋਹਾਖੇੜਾ ਅਸਟਰੇਲੀਆ, ਜਗਰਾਜ ਸਿੰਘ ਮੱਦੋਕੇ, ਦਲਵਿੰਦਰ ਸਿੰਘ ਘੁੰਮਣ, ਤਰਲੋਚਨ ਸਿੰਘ ਨਾਰਵੇ ਅਤੇ ਗੁਰਇਕਬਾਲ ਸਿੰਘ ਸਵੀਡਨ ਵਲੋਂ ਜਾਰੀ ਪ੍ਰੈੱਸ ਨੋਟ ਵਿੱਚ ਕਿਹਾ ਗਿਆ ਹੈ ਕਿ ਬਾਦਲ ਲਾਣੇ ਵਲੋਂ ਆਪਣੇ ਸਿਆਸੀ ਗਰਜਾਂ ਵੱਸ ਪੈ ਕੇ ਕੀਤੀ ਜਾ ਰਹੇ ਸਿਧਾਂਤਾਂ ਦੇ ਘਾਣ ਦਾ ਪੰਥ ਇੱਕ ਦਿਨ ਲੇਖਾ ਜੋਖਾ ਕਰੇਗਾ।

## ਬਾਕੀਆਂ

### ਸਿਆਸੀ ਹਿੱਤਾਂ ਲਈ ‘ਟੋਪੀ’ ਨੂੰ ‘ਸਿਰੋਪਾ’

ਹਰਸਿਮਰਤ ਕੌਰ ਬਾਦਲ ਨੂੰ ਸਿਰੋਪਾਉ ਦਿੱਤੇ। ਨਰਿੰਦਰ ਮੋਦੀ ਨੇ ਸਿਰ ’ਤੇ ਉੱਨ ਦੀ ਟੋਪੀ ਪਾਈ ਹੋਈ ਸੀ ਜਦੋਂ ਕਿ ਅਸ਼ਰਫ ਗਨੀ ਰਵਾਇਤੀ ਪਠਾਣੀ ਟੋਪੀ ਨਾਲ ਲੈਸ ਸਨ। ਵੀ.ਪੀ. ਬਦਨੌਰ, ਵੀ.ਕੇ. ਸਿੰਘ, ਵਿਜੈ ਸਾਂਪਲਾ ਸਮੇਤ ਇਸ ਕਾਫਲੇ ਨਾਲ ਚਲ ਰਹੇ ਵੱਡੀ ਗਿਣਤੀ ਗੈਰ ਸਿੱਖ ਸੁਰੱਖਿਆ ਅਧਿਕਾਰੀਆਂ ਅਤੇ ਸਟਾਫ ਨੇ ਸਿਰਾਂ ਉਤੇ ਚਿੱਟੇ ਪਟਕੇ ਬੰਨ੍ਹੇ ਹੋਏ ਸਨ। ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਪ੍ਰਬੰਧਕਾਂ ਵਲੋਂ ਸਿਰ ’ਤੇ ਕਿਸੇ ਕਿਸਮ ਦੀ ਟੋਪੀ ਪਹਿਨ ਕੇ ਪਰਕਰਮਾ ਵਿੱਚ ਹੀ ਦਾਖਲ ਨਹੀਂ ਹੋਣ ਦਿੱਤਾ ਜਾਂਦਾ। ਅਜਿਹੀ ਰਵਾਇਤ ਦੇ ਹੁੰਦਿਆਂ ਸਿਰ ’ਤੇ ਟੋਪੀ ਪਹਿਨੀ ਨਰਿੰਦਰ ਮੋਦੀ ਨੂੰ ਦਰਬਾਰ ਸਾਹਿਬ ਅੰਦਰ ਸਿਰੋਪਾਉ ਦੇਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੁਰਜੀਤ ਸਿੰਘ ਕਾਲਾਬੂਲਾ ਨੇ ਕਿਹਾ ਹੈ ਕਿ ਦਸਤਾਰ ਸਿੱਖ ਦੇ ਸਿਰ ਦਾ ਤਾਜ ਹੈ ਤੇ ਇਹ ਸਰਦਾਰੀ ਹਾਸਲ ਕਰਨ ਹਿੱਤ ਅਨਗਿਣਤ ਸ਼ਹਾਦਤਾਂ ਦਿੱਤੀਆਂ ਗਈਆਂ ਪਰ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਦਲ ਦੇ ਆਗੂਆਂ ਨੇ ਇਸ ਦਸਤਾਰ ਨੂੰ ਵੀ ਮਹਿਜ਼ ਵੋਟਾਂ ਬਟੋਰਨ ਦਾ ਸਾਧਨ ਹੀ ਬਣਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਦਲ (ਬਾਦਲ) ਵਾਲੇ ਜਦੋਂ ਵੀ ਮੌਕਾ ਮਿਲੇ ਹਰ ਗੈਰ ਸਿੱਖ ਆਗੂ ਦੇ ਸਿਰ ’ਤੇ ਦਸਤਾਰ ਬੰਨ੍ਹਵਾ ਕੇ ਉਸ ਦੇ ਸਿੱਖ ਹਿਤੈਸ਼ੀ ਹੋਣ ਦਾ ਪ੍ਰਭਾਵ ਦਿੰਦੇ ਹਨ ਪਰ ਦਰਬਾਰ ਸਾਹਿਬ ਦੀ ਮਰਿਆਦਾ ਦਾ ਮਾਣ ਰੱਖਣ ਖਾਤਰ ਨਰਿੰਦਰ ਮੋਦੀ ਨੂੰ ਸਿਰ ’ਤੇ ਪਟਕਾ ਜਾਂ ਰੁਮਾਲ ਬੰਨਣ ਲਈ ਵੀ ਪ੍ਰੇਰ ਨਹੀਂ ਸਕੇ। ਕਾਲਾਬੂਲਾ ਨੇ ਤਾੜਨਾ ਕੀਤੀ ਹੈ ਕਿ ਸਿੱਖ ਕੌਮ ਦੇ ਕੇਂਦਰੀ ਅਸਥਾਨ ਦੀ ਮਰਿਆਦਾ ਨਾਲ ਖਿਲਵਾੜ ਕਰਨਾ ਕੌਮ ਦੇ ਵਡੇਰੇ ਹਿੱਤਾਂ ਵਿੱਚ ਨਹੀਂ ਹੈ ਤੇ ਇਸ ਦਾ ਖਮਿਆਜ਼ਾ ਬਾਦਲਾਂ ਨੂੰ ਭੁਗਤਣਾ ਹੀ ਪਵੇਗਾ।

ਇਹ ਵੀ ਜ਼ਿਕਰਯੋਗ ਹੈ ਕਿ ਸ਼ਨਿਚਰਵਾਰ ਰਾਤੀਂ ਨਰਿੰਦਰ ਮੋਦੀ ਦੇ ਨਾਲ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਪੰਜਾਬ ਦੇ ਕੈਬਨਿਟ ਮੰਤਰੀ ਅਨਿਲ ਜੋਸ਼ੀ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਕੇ.ਜੇ.ਐਸ. ਚੀਮਾ, ਉਪ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਪੀ.ਐਸ.ਔਜਲਾ, ਵਿਸ਼ੇਸ਼ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਪੁਲੀਸ ਕਮਿਸ਼ਨਰ ਲੋਕ ਨਾਥ ਆਂਗਰਾ ਅਤੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਮੁੱਖ ਸਕੱਤਰ ਹਰਚਰਨ ਸਿੰਘ, ਕਾਰਜਕਾਰਨੀ ਮੈਂਬਰ ਰਾਮ ਸਿੰਘ, ਮੈਂਬਰ ਮਨਜੀਤ ਸਿੰਘ, ਰਜਿੰਦਰ ਸਿੰਘ ਮਹਿਤਾ ਅਤੇ ਬਾਵਾ ਸਿੰਘ ਗੁਮਾਨਪੁਰਾ ਤੇ ਕਮੇਟੀ ਦੇ ਉੱਚ ਅਧਿਕਾਰੀ ਵੀ ਮੌਜੂਦ ਸਨ। ਵਰਨਣਯੋਗ ਹੈ ਕਿ 3 ਦਸੰਬਰ ਦੀ ਰਾਤ ਤਕਰੀਬਨ 8.30 ਵਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਫਗਾਨ ਰਾਸ਼ਟਰਪਤੀ ਅਸ਼ਰਫ ਘਨੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਹਰਮਿਸਰਤ ਕੌਰ ਬਾਦਲ ਸਮੇਤ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਤਕਰੀਬਨ ਸਾਰੇ ਭਾਰਤੀ ਚੈਨਲਾਂ ’ਤੇ ਇਸ ਫੇਰੀ ਨੂੰ ਲਾਈਵ ਦਿਖਾਇਆ ਜਾ ਰਿਹਾ ਸੀ। ਕੁਝ ਚਿਰ ਬਾਅਦ ਹੀ ਲੋਕਾਂ ਨੇ ਆਪਣੇ ਫੋਨ ’ਤੇ ਵੀਡੀਓ ਰਿਕਾਰਡ ਕਰਕੇ ਸੋਸ਼ਲ ਮੀਡੀਆ ’ਤੇ ਪਾਉਣੀ ਸ਼ੁਰੂ ਕਰ ਦਿੱਤੀ ਜੋ ਲਗਾਤਾਰ ਸ਼ੇਅਰ ਹੋ ਰਹੀ ਹੈ।

### ਮੋਦੀ ਦੀ ਦਰਬਾਰ ਸਾਹਿਬ ਆਮਦ ਵੇਲੇ ਮਰਯਾਦਾ ਦੀ ਉਲੰਘਣਾ ਦੀ ਦੇਸ਼-ਵਿਦੇਸ਼ ਦੇ ਸਿੱਖਾਂ ਵਲੋਂ ਕਰੜੀ ਨਿਖੇਧੀ

ਉਸ ਨੂੰ ਆਉਂਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਤੇ ਅਕਾਲ ਪੁਰਖ ਦੀ ਦਰਗਾਹ ਵਿੱਚ ਹਰ ਹਾਲਤ ਵਿੱਚ ਭੁਗਤਣਾ ਪਵੇਗਾ।ਚਿੱਟੀਆਂ ਕਮੀਜ਼ਾਂ ਵਿਚ ਪੰਜਾਬ ਪੁਲੀਸ ਅਤੇ ਦਿੱਲੀ ਦੀਆਂ ਏਜੰਸੀਆਂ ਦੇ ਬੰਦਿਆਂ ਨੇ ਮੋਦੀ ਦੇ ਆਉਣ ’ਤੇ ‘ਸੁਰੱਖਿਆ ਘੇਰਾ’ ਬਣਾ ਕੇ ਸੰਗਤਾਂ ਨੂੰ ਕਾਫੀ ਪਰੇਸ਼ਾਨ ਕੀਤਾ।ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਨਿਰਮਲ ਸਿੰਘ ਸੰਧੂ ਅਤੇ ਜਨਰਲ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਬਾਦਲਕਿਆਂ ਦੀ ਇਸ ਘਿਣੌਨੀ ਹਰਕਤ ਦੀ ਸਖ਼ਤ ਨਿਖੇਧੀ ਕਰਦਿਆਂ ਪੰਜਾਬ ਭਰ ਦੇ ਸਿੱਖਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਕਮਰਕੱਸੇ ਕਰ ਲਏ ਜਾਣ। ਪਿਛਲੇ ਕਈ ਦਹਾਕਿਆਂ ਤੋਂ ਇਹ ਰੀਤ ਰਹੀ ਹੈ ਕਿ ਕੋਈ ਵੀ ਵਿਅਕਤੀ ਦਰਬਾਰ ਸਾਹਿਬ ਵਿੱਚ ਫੋਟੋ ਨਹੀਂ ਖਿੱਚ ਸਕਦਾ ਪਰ ਮੋਦੀ ਨਾਲ ਆਏ ਕੈਮਰਾਮੈਨ ਸ਼ਰੇਆਮ ਫੋਟੋਆਂ ਖਿੱਚਦੇ ਰਹੇ, ਕਿਸੇ ਵੀ ਬਰਛੇ ਵਾਲੇ ਸੇਵਾਦਾਰ ਵਲੋਂ ਉਨ੍ਹਾਂ ਨੂੰ ਰੋਕਣਾ ਮੁਨਾਸਿਬ ਨਾ ਸਮਝਿਆ ਬਲਕਿ ਉਨ੍ਹਾਂ ਨੂੰ ਵੱਖ-ਵੱਖ ਪੋਜ਼ ਬਣਾਉਣ ਵਾਸਤੇ ਥਾਂ ਦਿੱਤੀ ਗਈ। ਦੂਜੇ ਪਾਸੇ ਜਦੋਂ ਵਿਦੇਸ਼ਾਂ ਵਿੱਚ ਜਨਮੇ ਸਿੱਖੀ ਸਰੂਪ ਦੇ ਧਾਰਨੀ ਬੱਚੇ ਦਰਬਾਰ ਸਾਹਿਬ ਦਰਸ਼ਨ ਕਰਨ ਜਾਂਦੇ ਹਨ ਤਾਂ ਇਨ੍ਹਾਂ ਬਰਛਾਧਾਰੀਆਂ ਦੀਆਂ ਨਜ਼ਰਾਂ ਉਨ੍ਹਾਂ ਦੇ ਮੋਬਾਈਲ ਫੋਨਾਂ ਨੂੰ ਵਾਚਦੀਆਂ ਰਹਿੰਦੀਆਂ ਹਨ ਅਤੇ ਅਗਰ ਕੋਈ ਨੌਜਵਾਨ ਬੱਚਾ ਫੋਟੋ ਖਿੱਚਣੀ ਚਾਹੇ ਤਾਂ ਉਸ ਨੂੰ ਤੁਰੰਤ ਰੋਕ ਦਿੱਤਾ ਜਾਂਦਾ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਿਰ ’ਤੇ ਟੋਪੀ ਲੈ ਕੇ ਆਏ ਮੋਦੀ ਅਤੇ ਉਸ ਦੇ ਨਾਲ ਆਏ ਕ੍ਰਿਕਟ ਸਟਾਈਲ ਟੋਪੀ ਵਾਲੇ ਨੂੰ ਸੇਵਾਦਾਰਾਂ ਕੋਲੋਂ ਬਾਦਲ ਪਿਉ-ਪੁੱਤ ਅਤੇ ਨੂੰਹ ਵਲੋਂ ਇਸ਼ਾਰੇ ਕਰ ਕਰ ਕੇ ਸਿਰੋਪਾਉ ਦਿਵਾਉਣ ਦੀ ਨਿਖੇਧੀ ਕਰਦਿਆਂ ਆਖਿਆ ਕਿ ਸਿੱਖ ਇਨ੍ਹਾਂ ਨੂੰ ਕਦੇ ਮਾਫ ਨਹੀਂ ਕਰਨਗੇ, ਬਾਦਲ ਪਰਿਵਾਰ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਘੱਟ ਹੈ।

### ਅੰਮਾ ਦੇ ਦੇਹਾਂਤ ਨਾਲ ਸ਼ੋਕ ’ਚ ਡੁੱਬਿਆ ਤਾਮਿਲ ਨਾਡੂ

ਉਨ੍ਹਾਂ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ ਹੈ।ਉਨ੍ਹਾਂ ਦਾ ਅੰਤਿਮ ਸਸਕਾਰ ਮਰੀਨਾ ਬੀਚ ’ਤੇ ਐਮ.ਜੀ.ਆਰ. ਮੈਮੋਰੀਅਲ ਨੇੜੇ ਕੀਤਾ ਗਿਆ। ਅੰਨਾਡੀਐਮਕੇ ਦੇ ਬਾਨੀ ਸੁਰੁਥੁਰ ਗੋਪਾਲਨ ਰਾਮਚੰਦਰਨ (ਐਮ.ਜੀ.ਆਰ.) ਨਾਲ ਜੈਲਲਿਤਾ ਦੀਆਂ ਕਾਫ਼ੀ ਨਜ਼ਦੀਕੀਆਂ ਸਨ। ਫ਼ਿਲਮਾਂ ਤੋਂ ਲੈ ਕੇ ਸਿਆਸਤ ਤਕ ਦੋਹਾਂ ਦਾ ਸਾਥ ਰਿਹਾ। ਐਮ.ਜੀ.ਆਰ. ਹੀ ਉਨ੍ਹਾਂ ਨੂੰ ਸਿਆਸਤ ਵਿਚ ਲੈ ਕੇ ਆਏ ਸਨ। ਅੰਮਾ ਨੂੰ ਸ਼ਰਧਾਂਜਲੀ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਸਮੇਤ ਕਈ ਸਿਆਸਤ, ਫ਼ਿਲਮੀ ਹਸਤੀਆਂ ਪੁੱਜੀਆਂ।24 ਫਰਵਰੀ 1948 ਨੂੰ ਜਨਮੀ ਜੈਲਲਿਤਾ ਜੋ ਆਪਣੇ ਪ੍ਰਸੰਸਕਾਂ ਵਿੱਚ ‘ਅੰਮਾ’ ਵਜੋਂ ਮਸ਼ਹੂਰ ਸੀ, ਨੇ ਫਿਲਮ ਜਗਤ ਤੋਂ ਬਾਅਦ ਸਿਆਸਤ ਵਿੱਚ ਪ੍ਰਵੇਸ਼ ਕੀਤਾ ਸੀ। ਉਹ ਪੰਜ ਵਾਰ ਸੂਬੇ ਦੀ ਮੁੱਖ ਮੰਤਰੀ ਬਣੀ। ਉਸ ਨੇ 70ਵਿਆਂ ਦੇ ਅਖ਼ੀਰ ਵਿਚ ਸਿਆਸਤ ਵਿਚ ਪ੍ਰਵੇਸ਼ ਕੀਤਾ ਜਦੋਂ ਐਮਜੀ ਰਾਮਚੰਦਰਨ ਸੂਬੇ ਦੇ ਮੁੱਖ ਮੰਤਰੀ ਸਨ। 1982 ਵਿਚ ਉਹ ਰਾਮਚੰਦਰਨ ਵੱਲੋਂ ਬਣਾਈ ਅੰਨਾਡੀਐਮਕੇ ਵਿਚ ਸ਼ਾਮਲ ਹੋ ਗਈ ਸੀ। ਅੰਗਰੇਜ਼ੀ ਦੀ ਮੁਹਾਰਤ ਕਰਕੇ ਰਾਮਚੰਦਰਨ ਚਾਹੁੰਦੇ ਸਨ ਕਿ ਉਸ ਨੂੰ ਰਾਜ ਸਭਾ ਭੇਜਿਆ ਜਾਵੇ ਅਤੇ 1984 ਵਿੱਚ ਉਸ ਦੀ ਚੋਣ ਰਾਜ ਸਭਾ ਮੈਂਬਰ ਵਜੋਂ ਹੋਈ। 1984 ਵਿੱਚ ਜਦੋਂ ਰਾਮਚੰਦਰਨ ਅਚਾਨਕ ਬਿਮਾਰ ਹੋਏ ਤਾਂ ਮੁੱਖ ਮੰਤਰੀ ਦੇ ਅਹੁਦੇ ਲਈ ਉਨ੍ਹਾਂ ਦਾ ਨਾਂ ਮੁੱਖ ਰੂਪ ਵਿਚ ਉਭਰਿਆ ਸੀ। 1987 ਵਿਚ ਐਮਜੀ ਰਾਮਚੰਦਰਨ ਦੀ ਮੌਤ ਤੋਂ ਬਾਅਦ ਪਾਰਟੀ ਦੀ ਅਗਵਾਈ ਨੂੰ ਲੈ ਕੇ ਬੜਾ ਕਲੇਸ਼ ਪਿਆ ਅਤੇ ਪਾਰਟੀ ਦੋਫਾੜ ਹੋ ਗਈ। ਉਸ ਵੇਲੇ ਇਕ ਧੜੇ ਦੀ ਅਗਵਾਈ ਰਾਮਚੰਦਰਨ ਦੀ ਪਤਨੀ ਜਾਨਕੀ ਅਤੇ ਦੂਜੇ ਧੜੇ ਦੀ ਅਗਵਾਈ ਜੈਲਲਿਤਾ ਨੇ ਕੀਤੀ। ਛੇਤੀ ਹੀ ਆਪਣੀ ਸ਼ਖ਼ਸੀਅਤ ਦੇ ਸਿਰ ’ਤੇ ਉਸ ਨੇ ਆਪਣੀ ਪਾਰਟੀ ਵਿੱਚ ਨਵੀਂ ਰੂਹ ਫੂਕ ਦਿੱਤੀ ਅਤੇ 1990 ਤਕ ਪੁੱਜਦਿਆਂ ਉਸ ਨੇ ਪਾਰਟੀ ਵਿਚ ਏਕਾ ਵੀ ਕਰਵਾ ਲਿਆ। ਇਸ ਤੋਂ ਬਾਅਦ 1991 ਵਿੱਚ ਹੋਈਆਂ ਚੋਣਾਂ ਦੌਰਾਨ ਉਸ ਦੀ ਪਾਰਟੀ ਨੇ ਬਹੁਮਤ ਹਾਸਲ ਕੀਤਾ ਅਤੇ ਉਹ ਪਹਿਲੀ ਵਾਰ ਸੂਬੇ ਦੀ ਮੁੱਖ ਮੰਤਰੀ ਬਣੀ। ਐਮਜੀ ਰਾਮਚੰਦਰਨ ਅਤੇ ਜੈਲਲਿਤਾ ਨੇ ਇਕੱਠਿਆਂ 28 ਫਿਲਮਾਂ ਵਿਚ ਕੰਮ ਕੀਤਾ।

ਇਸ ਤੋਂ ਪਹਿਲਾਂ ਅਪੋਲੋ ਹਸਪਤਾਲ ਵਿੱਚ ਜੈਲਲਿਤਾ ਨੂੰ ਈਸੀਐਮਓ (ਐਕਸਟਰਾਕੋਰਪੋਰੀਅਲ ਮੈਂਬਰੇਨ ਔਕਸੀਜੀਨੇਸ਼ਨ) ਪ੍ਰਣਾਲੀ ’ਤੇ ਰੱਖਿਆ ਗਿਆ ਸੀ, ਜਿਸ ਦੀ ਵਰਤੋਂ ਦਿਲ ਜਾਂ ਫੇਫੜਿਆਂ ਦੀ ਗੰਭੀਰ ਬਿਮਾਰੀ ਨਾਲ ਪੀੜਤ ਰੋਗੀ ਲਈ ਕੀਤੀ ਜਾਂਦੀ ਹੈ।

### ਪੰਥਕ ਧਿਰਾਂ ਸਰਬੱਤ ਖ਼ਾਲਸਾ ਲਈ ਦ੍ਰਿੜ, ਸਮਾਗਮ ਵਾਲੀ ਥਾਂ ’ਤੇ ਅਖੰਡ ਪਾਠ ਆਰੰਭ

ਤਕਨੀਕੀ ਖਾਮੀ ਹੋਣ ਕਾਰਨ ਇਸ ਨੂੰ ਵਾਪਸ ਲਿਆ ਗਿਆ ਹੈ। ਦੱਸਣਯੋਗ ਹੈ ਕਿ ਅਰਜ਼ੀ ਵਿਚ 27 ਨਵੰਬਰ ਨੂੰ ਸਰਬੱਤ ਖਾਲਸਾ ਕਰਵਾਉਣ ਦੀ ਮੰਗ ਕੀਤੀ ਗਈ ਸੀ ਜਦਕਿ ਅਰਜ਼ੀ ਦਾਇਰ ਕਰਨ ਤੋਂ ਪਹਿਲਾਂ ਹੀ ਸਰਬੱਤ ਖਾਲਸਾ ਦੀ ਤਰੀਕ 8 ਦਸੰਬਰ ਤੈਅ ਹੋ ਗਈ ਸੀ, ਅਜਿਹੇ ਵਿਚ ਨਵੇਂ ਸਿਰੇ ਤੋਂ ਅਰਜ਼ੀ ਦਾਇਰ ਕਰਨ ਦੀ ਛੋਟ ਦੇ ਨਾਲ ਅਰਜ਼ੀ ਵਾਪਸ ਲੈ ਲਈ ਗਈ ਹੈ। ਉਧਰ ਪੰਜਾਬ ਸਰਕਾਰ ਦੇ ਹੁਕਮਾਂ ’ਤੇ ਪੁਲੀਸ ਨੇ ਸਰਬੱਤ ਖਾਲਸਾ ’ਤੇ ਮੁੜ ਸਖ਼ਤੀ ਕਰਦਿਆਂ ਬਠਿੰਡਾ ਦੇ ਮੰਡੀ ਚੌਕ ਵਿਚੋਂ ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਉਨ੍ਹਾਂ ਦੇ ਚਾਰ ਸਾਥੀਆਂ ਨੂੰ ਹਿਰਾਸਤ ਵਿਚ ਲੈ ਲਿਆ। ਸੂਤਰਾਂ ਮੁਤਾਬਕ ਪੁਲੀਸ ਨੇ ਭਾਈ ਗੁਰਦੀਪ ਸਿੰਘ ਨੂੰ ਸਾਥੀਆਂ ਸਮੇਤ ਮੌੜ ਮੰਡੀ ਦੇ ਪੁਲੀਸ ਥਾਣੇ ਵਿਚ ਭੇਜ ਦਿੱਤਾ ਹੈ। ਦੂਜੇ ਪਾਸੇ ਹਾਈਕੋਰਟ ਦੇ ਹੁਕਮ ’ਤੇ ਡੀ.ਸੀ. ਬਠਿੰਡਾ ਨੂੰ ਪੱਤਰ ਸੌਂਪਣ ਗਏ ਚਮਕੌਰ ਸਿੰਘ ਭਾਈਰੂਪਾ ਅਤੇ ਬਾਬਾ ਸੁਖਦੇਵ ਸਿੰਘ ਜੋਗਾਨੰਦਾ ਜ਼ਿਲ੍ਹਾ ਪ੍ਰਧਾਨ ਯੂਨਾਈਟਿਡ ਅਕਾਲੀ ਦਲ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਦੱਸਣਯੋਗ ਹੈ ਕਿ ਇਨ੍ਹਾਂ ਧਿਰਾਂ ਵੱਲੋਂ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਿਆ ਗਿਆ ਸੀ ਪਰ ਸਰਕਾਰ ਨੇ ਸ਼ਾਂਤੀ ਨੂੰ ਖ਼ਤਰਾ ਦੱਸਦਿਆਂ ਇਸ ਨਾਲ ਸਬੰਧਤ ਵੱਖ ਵੱਖ ਧਿਰਾਂ ਦੇ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਰਾਜਸਥਾਨ ਦੇ ਬੁੱਢਾ ਜੋਹੜ ਵਿੱਚ ਮੀਟਿੰਗ ਕਰਕੇ ਮੁੜ ਸਰਬੱਤ ਖਾਲਸਾ 8 ਦਸੰਬਰ ਨੂੰ ਸੱਦਿਆ ਗਿਆ ਹੈ। ਇਸੇ ਦਿਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਗਾ ਵਿੱਚ ਰੈਲੀ ਸੱਦੀ ਗਈ ਹੈ। ਸਰਕਾਰ ਇਸ ਨੂੰ ਲਾਮਿਸਾਲ ਇਕੱਠ ਦੇ ਰੂਪ ਵਿੱਚ ਕਰਨਾ ਚਾਹੁੰਦੀ ਹੈ। ਸਰਕਾਰ ਵਲੋਂ ਸਰਬੱਤ ਖਾਲਸਾ ਰੋਕਣ ਦੇ ਲੱਖ ਯਤਨਾਂ ਦੇ ਬਾਵਜੂਦ ਸਰਬੱਤ ਖਾਲਸਾ ਪ੍ਰਬੰਧਕਾਂ ਵਲੋਂ ਸਰਬੱਤ ਖਾਲਸਾ ਵਾਲੀ ਜਗ੍ਹਾ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਸਮਾਗਮ ਦਾ ਆਗਾਜ਼ ਕਰ ਦਿੱਤਾ ਗਿਆ ਹੈ।

ਹੁਣ ਵੱਡੀ ਗਿਣਤੀ ਵਿਚ ਪੁਲੀਸ ਸਰੱਬਤ ਖਾਲਸਾ ਦੀ ਜਗ੍ਹਾ ’ਤੇ ਪਹੁੰਚ ਗਈ ਹੈ। ਪੁਲੀਸ ਅਤੇ ਸਰੱਬਤ ਖਾਲਸਾ ਦੇ ਜਥੇਦਾਰਾਂ ਵਿਚ ਟਕਰਾਅ ਹੋਣ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ ਕਿਉਂਕਿ ਸਰਕਾਰ ਕਿਸੇ ਵੀ ਸੂਰਤ ਵਿਚ ਸਰੱਬਤ ਖਾਲਸਾ ਰੋਕੇਗੀ, ਜਦ ਕਿ ਪੰਥਕ ਸੰਗਠਨ ਹਰ ਹਾਲ ਵਿਚ ਸਰਬੱਤ ਖਾਲਸਾ ਕਰਨਾ ਚਾਹੁੰਦਾ ਹੈ। ਜੇਕਰ ਪੁਲੀਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਟਾਇਆ ਤਾਂ ਸਿੱਖ ਸੰਗਤ ਇਸ ਦਾ ਸਖਤ ਵਿਰੋਧ ਕਰੇਗੀ। ਦਾਦੂਵਾਲ ਸਮਰਥਕਾਂ ਵੱਲੋਂ ਪਾਲਕੀ ਸਾਹਿਬ ਵਾਲੀ ਬੱਸ ਦੇ ਅੰਦਰ ਹੀ ਪੂਰੀ ਮਰਿਯਾਦਾ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਇਹ ਜਾਣਕਾਰੀ ਮਿਲਣ ’ਤੇ ਪੁਲੀਸ ਫੋਰਸ ਵੀ ਉੱਥੇ ਪਹੁੰਚੀ ਪਰ ਜਾਇਜ਼ਾ ਲੈਣ ਤੋਂ ਬਾਅਦ ਸਰਬੱਤ ਖਾਲਸਾ ਪ੍ਰਬੰਧਕਾਂ ਨੂੰ ਕੁਝ ਕਹੇ ਬਗੈਰ ਹੀ ਵਾਪਸ ਚਲੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਨੂੰ ਵਿਚਾਲੇ ਰੁਕਵਾਉਣਾ ਵੱਡੀ ਪੰਥਕ ਭੁੱਲ ਹੋਵੇਗੀ। ਅਜਿਹੇ ਵਿਚ ‘ਸਰਬੱਤ ਖਾਲਸਾ’ ਦੇ ਸਮਾਗਮ ਨੂੰ ਲੈ ਕੇ ਹੁਣ ਪ੍ਰਸ਼ਾਸਨ ਕੀ ਰੁਖ ਅਪਣਾਏਗਾ, ਇਹ ਦੇਖਣ ਵਾਲੀ ਗੱਲ ਰਹੇਗੀ। ਇਸ ਵਾਰ ਵੀ ਹਾਲਤ ਤਣਾਅਪੂਰਨ ਹੀ ਕਹੀ ਜਾ ਸਕਦੀ ਹੈ ਕਿਉਂਕਿ ਪ੍ਰਸ਼ਾਸਨ ਸਰਬੱਤ ਖਾਲਸਾ ਲਈ ਥਾਂ ਦੀ ਮਨਜ਼ੂਰੀ ਨਹੀਂ ਦੇ ਰਿਹਾ ਤੇ ਸਮਾਗਮ ਦੇ ਆਗੂ ਸਰਬੱਤ ਖਾਲਸਾ ਤਲਵੰਡੀ ਸਾਬੋ ਵਿਖੇ ਹੀ ਕਰਵਾਏ ਜਾਣ ਨੂੰ ਲੈ ਕੇ ਬਜਿੱਦ ਹਨ।

## ਅਕਾਲੀ ਦਲ ਸੁਤੰਤਰ ਦੇ ਆਗੂ ਟੈਂਕੀ ’ਤੇ ਚੜ੍ਹੇ

ਨਾਭਾ : ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਸਰਬੱਤ ਖਾਲਸਾ ’ਤੇ ਰੋਕ ਲਗਾਉਣ ਦੇ ਰੋਸ ਵਜੋਂ ਮੰਗਲਵਾਰ ਨੂੰ ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਆਪਣੇ ਸਾਥੀਆਂ ਸਮੇਤ ਇਥੋਂ ਦੀ ਨਵੀਂ ਅਨਾਜ ਮੰਡੀ ਸਥਿਤ ਪੰਜਾਬ ਮੰਡੀ ਬੋਰਡ ਦੀ ਟੈਂਕੀ ’ਤੇ ਚੜ੍ਹ ਗਏ ਅਤੇ ਸੂਬਾ ਸਰਕਾਰ ਖਿਲਾਫ ਜਮ ਕੇ ਨਾਅਰੇਬਾਜ਼ੀ ਕੀਤੀ। ਸਹੋਲੀ ਨੇ ਕਿਹਾ ਕਿ ਜਦੋਂ ਤਕ ਬੰਦੀ ਸਿੰਘਾਂ ਨੂੰ ਸਰਕਾਰ ਰਿਹਾਅ ਨਹੀਂ ਕਰਦੀ ਅਤੇ ਸਿੱਖ ਕੌਮ ਨੂੰ ਸਰਬੱਤ ਖਾਲਸਾ ਨਹੀਂ ਕਰਨ ਦਿੰਦੀ, ਉਦੋਂ ਤਕ ਸਿੱਖ ਜਥੇਬੰਦੀਆਂ ਆਪਣਾ ਰੋਸ ਇਸੇ ਤਰ੍ਹਾਂ ਜ਼ਾਹਰ ਕਰਦੀਆਂ ਰਹਿਣਗੀਆਂ। ਖਬਰ ਲਿਖੇ ਜਾਣ ਤਕ ਪਰਮਜੀਤ ਸਿੰਘ ਸਹੋਲੀ ਸਾਥੀਆਂ ਸਮੇਤ ਟੈਂਕੀ ’ਤੇ ਆਪਣੀਆਂ ਮੰਗਾਂ ਨੂੰ ਲੈ ਕੇ ਅੜੇ ਹੋਏ ਸਨ।

# Classified

## ਵਰ ਦੀ ਲੋੜ

**ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 28, 5' 2" ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੈਟਾ ਸਮੇਤ ਈਮੇਲ- punjabi.jatt.abroad@gmail.com, Phone +1(714) 728-4653 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

**ਗੁਰੂ ਕੇ ਬੇਟੇ (ਮਜਬੀ ਸਿੱਖ) ਪਰਿਵਾਰ ਨਾਲ ਸਬੰਧਤ ਲੜਕੀ, ਬੀ. ਐਸ. ਸੀ. ਨਰਸਿੰਗ, ਕੱਦ 5 ਫੁੱਟ 7 ਇੰਚ, ਉਮਰ 27 ਸਾਲ, ਗੁਰਸਿੱਖ ਲੜਕੇ ਦੀ ਲੋੜ, ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਇੰਡੀਆ ਸੰਪਰਕ ਫੋਨ ਨੰ: 98157-51332**

**ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5'5", ਰੰਗ ਗੋਰਾ, ਖ਼ੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖ਼ੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।**

**ਸੰਪਰਕ-ਈ ਮੇਲ :hardeepdhillon212@yahoo.com**

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**

## Bride WANTED

Seeking Jatt Sikh profesional, Pure Vegetarian match for our US born beautiful daughter, 28, 5' 2''. Bachelor's Degree in Business Marketing. Dowry seekers please excuse. Interested, please contact with photo and biodata at punjabi.jatt.abroad@gmail.com , Phone +1(714) 728-4653.

Jat Sikh Girl, December 1988 born. 5'5'' Very Fair, Beautiful, Smart with Excellent English. Born and brought up in Chandigarh. Educated from PU Chandigarh and Canada. Chandigarh based educated family. Girl only child, owns U/R Property. Family and boy are main concern.

**Contact E-mail : hardeepdhillon212@yahoo.com**

**For Classified Contact**

**510.240.5949**

## ਐਮਨੈਸਟੀ ਇੰਟਰਨੈਸ਼ਨਲ ਨੇ ਇਨਸਾਫ 84 ਮੁਹਿੰਮ ਦੀ ਕੀਤੀ ਸ਼ੁਰੂਆਤ

ਵਲੋਂ ਕੁਝ ਨਹੀਂ ਕਹਿ ਸਕਦੇ। ਹਾਲਾਂਕਿ ਮਨੋਜ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਕਿਤਾਬ When a Tree Shook Delhi 'ਚ 1984 ਕਤਲੇਆਮ ਲਈ 'ਦੰਗੇ' ਸ਼ਬਦ ਦਾ ਇਸਤੇਮਾਲ ਨਹੀਂ ਕੀਤਾ। ਇਹ ਕਿਤਾਬ ਮਨੋਜ ਮਿੱਤਾ ਅਤੇ ਐਚ.ਐਸ. ਫੂਲਕਾ ਵਲੋਂ ਲਿਖੀ ਗਈ ਹੈ।

ਇਸਤੋਂ ਬਾਅਦ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਸ. ਗੁਰਪ੍ਰੀਤ ਸਿੰਘ ਨੇ ਐਮਨੈਸਟੀ ਇੰਡੀਆ ਨੂੰ ਬੇਨਤੀ ਕੀਤੀ ਕਿ ਸਿੱਖ ਕਤਲੇਆਮ ਦਾ ਕੇਸ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ (UNHRC) ਕੋਲ ਉਸੇ ਤਰ੍ਹਾਂ ਚੁੱਕਣ ਜਿਵੇਂ ਤਾਮਿਲ ਕਤਲੇਆਮ ਦਾ ਕੇਸ ਚੁੱਕਿਆ ਸੀ।

## ਰੱਤ ਕਾ ਕੁੰਗੂ

ਇੱਥੋਂ ਹੀ ਇਕ ਟੋਲੀ ਨਵੀਨ ਮਾਰਕੀਟ ਲੁੱਟਣ ਚਲੀ ਗਈ। ਸ੍ਰੀ ਵਿਨੈ ਭਾਈ ਤੇ ਰਘੁਨਾਥ ਸਿੰਘ ਨੇ ਇਸ ਬਾਰੇ ਪੁਲੀਸ ਨੂੰ ਸੂਚਨਾ ਵੀ ਦਿੱਤੀ, ਪਰ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਰਘੁਨਾਥ ਸਿੰਘ ਅਨੁਸਾਰ ਉਨ੍ਹਾਂ ਡੀ ਐਮ ਦੀ ਕਾਰ ਰੋਕਣ ਦੀ ਕੋਸ਼ਿਸ਼ ਵੀ ਕੀਤੀ, ਕਿ ਹਾਲਾਤ ਬਾਰੇ ਦੱਸਣ, ਪਰ ਉਹ ਰੁਕੇ ਨਹੀਂ ਤੇ ਅਣਦੇਖੀ ਕਰਕੇ ਲੰਘ ਗਏ।

ਯਾਦ ਰਹੇ ਕਿ ਜ਼ਿਲ੍ਹਾ ਅਧਿਕਾਰੀਆਂ ਤੇ ਪੀ ਏ ਸੀ ਗਾਰਦ ਸਭ ਇਸ ਘਟਨਾ ਦੀ ਥਾਂ ਤੋਂ ਇਕ ਫ਼ਰਲਾਂਗ ਦੇ ਦਾਇਰੇ ਵਿਚ ਮੌਜੂਦ ਹਨ... ਤਾਂ ਵੀ ਏਥੇ ਚੇਤਨਾ ਰੈਸਟੋਰੈਂਟ ਦੇ ਨਾਲ ਹੀ ਮਨਜੀਤ ਸਿੰਘ ਮਿੱਲ ਸਟੋਰ ਸਿੰਡੀਕੇਟ ਵਾਲੇ ਤੇ ਐਸ ਆਹਲੂਵਾਲੀਆ (ਕੈਂਪਾਕੋਲਾ ਦੇ ਮਾਲਕ) ਦਾ ਮਕਾਨ, ਸਾਮਾਨ, ਮੋਟਰਾਂ ਤੇ ਕੀਮਤੀ ਸਾਮਾਨ ਲੁੱਟ ਅਤੇ ਅੱਗ ਦੀ ਭੇਟ ਚਾੜ੍ਹ ਦਿੱਤਾ। ਜੇ ਪੁਲੀਸ ਅਤੇ ਡੀ ਐਮ ਜ਼ਰਾ ਵੀ ਸਾਵਧਾਨ ਹੁੰਦਾ ਤਾਂ ਇਹ ਕਰੋੜਾਂ ਰੁਪਇਆਂ ਦੀ ਤਬਾਹੀ ਬਚਾਈ ਜਾ ਸਕਦੀ ਸੀ, ਪਰ ਜਦ ਟੈਲੀਵਿਜ਼ਨ 'ਤੇ ਹੀ "ਖ਼ੂਨ ਕਾ ਬਦਲਾ ਖ਼ੂਨ" ਦੇ ਨਾਅਰੇ ਉਛਾਲੇ ਜਾ ਰਹੇ ਸਨ ਤਾਂ ਇਹ ਅੱਗ ਹੋਰ ਕਿਵੇਂ ਨਾ ਮੱਚਦੀ?

ਜਿਹੜੇ ਹਾਲਾਤ ਦੰਗਾ ਕਰਾਉਣ ਵੇਲੇ ਹੋਏ, ਉਹੀ ਇਸ ਪਿੱਛੋਂ ਸ਼ਾਂਤੀ ਤੇ ਮੁੜ ਵਸੇਬੇ ਦੌਰਾਨ ਵੀ ਵੇਖੇ ਗਏ। ਕਰਫ਼ਿਊ ਦੌਰਾਨ ਥਾਣਿਆਂ ਵਿਚੋਂ ਕਰਫ਼ਿਊ ਪਾਸ ਵੰਡੇ ਗਏ, ਪਰ ਉਨ੍ਹਾਂ ਜ਼ਿਆਦਾਤਰ ਆਪਣੀ ਪਸੰਦ ਦੇ ਲੋਕਾਂ ਨੂੰ ਹੀ ਪਾਸ ਵੰਡੇ। ਪੁਲੀਸ ਨੇ ਪੱਤਰਕਾਰਾਂ ਤੱਕ ਨਾਲ ਬੁਰਾ ਸਲੂਕ ਕੀਤਾ ਤੇ ਗੁੰਡਿਆਂ ਨੂੰ ਪਾਸ ਦਿੱਤੇ। ਗਾਂਧੀਵਾਦੀ ਨੇਤਾ ਵਿਨੈ ਭਾਈ ਵਰਗੇ ਧਰਮ ਨਿਰਪੱਖ ਲੋਕਾਂ ਨੂੰ ਪਾਸ ਨਹੀਂ ਦਿੱਤਾ ਗਿਆ ਸਗੋਂ ਡੀ ਐਮ ਨੂੰ ਮਿਲਣ 'ਤੇ ਵੀ ਧਮਕੀ ਭਰੀ ਚਿਤਾਵਨੀ ਦਿੱਤੀ ਗਈ। ਐਹੋ ਜਿਹੇ ਝਮੇਲੇ ਵਿਚ ਸ਼ਹਿਰ ਦੇ ਪ੍ਰਮੁੱਖ ਮਾਰਕਸਵਾਦੀ ਚਿੰਤਕ ਤੇ ਸੁਤੰਤਰਤਾ ਸੰਗਰਾਮੀ ਅਨੰਦ ਮਾਧਵ ਨੂੰ ਮੈਜਿਸਟਰੇਟ ਦੇ ਆਦੇਸ਼ 'ਤੇ ਮਾਰਿਆ ਕੁੱਟਿਆ ਗਿਆ ਤੇ ਗ੍ਰਿਫ਼ਤਾਰ ਕਰ ਲਿਆ... ਪਰ ਬਾਅਦ ਵਿਚ ਛੱਡ ਦਿੱਤਾ ਗਿਆ। ਪੂਰਵ ਸੰਸਦ ਮਨੋਹਰ ਲਾਲ ਨੂੰ ਵੀ ਉਨ੍ਹਾਂ ਦੀ ਆਪਣੀ ਕਾਰ ਵਿਚੋਂ ਉਤਾਰ ਕੇ ਮਾਰਿਆ ਕੁੱਟਿਆ ਗਿਆ ਤੇ ਗਲੇ ਵਿਚੋਂ ਸੋਨੇ ਦੀ ਜ਼ੰਜੀਰ ਖਿੱਚ ਲਈ।

ਕਰਫ਼ਿਊ ਦੇ ਦੌਰਾਨ ਪੁਲੀਸ ਦੀਆਂ ਜ਼ਿਆਦਤੀਆਂ ਨੇ ਆਮ ਲੋਕਾਂ ਦਾ ਜਿਊਣਾ ਹਰਾਮ ਕਰ ਦਿੱਤਾ। ਸ਼ਰਨਾਰਥੀ ਕੈਂਪਾਂ ਦੀ ਹਾਲਤ ਸੋਚਣ ਯੋਗ ਸੀ। ਸਵਯਮ ਸੇਵੀ ਸੰਸਥਾਵਾਂ ਦੇ ਅੱਗੇ ਆਉਣ 'ਤੇ ਹੀ ਸ਼ਰਨਾਰਥੀ ਕੈਂਪਾਂ ਵਿਚ ਜ਼ਰੂਰਤ ਦੀਆਂ ਚੀਜ਼ਾਂ ਪਹੁੰਚਣੀਆਂ ਸ਼ੁਰੂ ਹੋਈਆਂ ਤੇ ਲੋਕਾਂ ਨੂੰ ਕੁਝ ਸੁੱਖ ਦਾ ਸਾਹ ਆਇਆ।

ਦੰਗੇ ਦੇ ਬਾਅਦ ਵੀ ਸ਼ੁਰੂ ਵਿਚ ਕਾਂਗਰਸੀਆਂ ਨੂੰ ਹੀ ਛੋਟ ਮਿਲੀ। ਉਨ੍ਹਾਂ ਨੂੰ ਸ਼ਾਂਤੀ ਜਲੂਸਾਂ ਵਿਚ ਨਾਅਰੇ ਮਾਰਦਿਆਂ ਵੇਖਿਆ ਗਿਆ, ਜਿਹੜੇ ਆਪ ਲੁੱਟ ਅਤੇ ਕਤਲੋਗ਼ਾਰਤ ਵਿਚ ਸ਼ਾਮਲ ਸਨ।

ਸ਼ਾਂਤੀ ਤੇ ਮੁੜ ਵਸੇਬੇ ਲਈ ਬਣਾਈ ਵਿਰੋਧੀ ਧਿਰ ਦੀ ਕਮੇਟੀ ਨੇ ਇਨ੍ਹਾਂ ਜਲੂਸਾਂ ਦਾ ਇਹ ਕਹਿ ਕੇ ਬਾਈਕਾਟ ਕੀਤਾ ਕਿ ਜਿਸ ਕਮੇਟੀ ਵਿਚ ਅਜਿਹੇ ਲੋਕਾਂ ਦੇ ਭਰਾ ਭਤੀਜੇ ਤੇ ਰਿਸ਼ਤੇਦਾਰ ਸ਼ਾਮਲ ਹੋਣ ਜਿਨ੍ਹਾਂ ਬੇਦੋਸੇ ਸਿੱਖਾਂ ਦੇ ਕਤਲ ਕੀਤੇ ਹੋਣ... ਉਹ ਉਨ੍ਹਾਂ ਨਾਲ ਸ਼ਾਂਤੀ ਤੇ ਪੁਨਰਵਾਸ ਲਈ ਕੀਤੀਆਂ ਮੀਟਿੰਗਾਂ ਵਿਚ ਨਹੀਂ ਬਹਿਣਗੇ। ਸਗੋਂ ਰਘੁਨਾਥ ਸਿੰਘ ਨੇ ਤਾਂ ਏਥੋਂ ਤੱਕ ਕਿਹਾ ਕਿ ਇਹ ਲੋਕ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਥਾਵੇਂ ਬਚਾਅ ਰਹੇ ਨੇ... ਇਨ੍ਹਾਂ ਕਾਂਗਰਸੀਆਂ ਨੂੰ ਆਪਣੀ ਤਲਾਸ਼ੀ ਦੇਣੀ ਚਾਹੀਦੀ ਹੈ।

ਏਸੇ ਤਰ੍ਹਾਂ ਬਹੁਤ ਸਾਰੇ ਮਾਰੇ ਗਏ ਲੋਕਾਂ ਦਾ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ। ਕਈ ਮੌਤਾਂ ਮੰਨੀਆਂ ਹੀ ਨਹੀਂ ਗਈਆਂ। ਅਸਲੀਅਤ ਤਾਂ ਇਹ ਹੈ ਕਿ ਲੁੱਟ ਅਤੇ ਹੱਤਿਆਵਾਂ ਦੀ ਐਫ਼ ਆਈ ਆਰ ਵੀ 7,8 ਨਵੰਬਰ ਨੂੰ ਦਰਜ ਕੀਤੀ ਗਈ। ਇਸ ਕਾਂਡ ਦੇ ਸ਼ਿਕਾਰ ਹੋਏ ਲੋਕਾਂ ਦੇ ਰਿਸ਼ਤੇਦਾਰਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਆਮ ਤੌਰ 'ਤੇ ਜਿਸ ਤਰ੍ਹਾਂ ਰਿਪੋਰਟ ਲਿਖਾਈ ਗਈ, ਉਸ ਤਰ੍ਹਾਂ ਲਿਖੀ ਹੀ ਨਹੀਂ ਗਈ... ਤੇ ਨਾ ਹੀ ਚੰਗੀ ਤਰ੍ਹਾਂ ਪਿੱਛੋਂ ਹੀ ਛਾਣਬੀਣ ਕੀਤੀ ਗਈ। ਨਾ ਹੀ ਕਿਸੇ ਤੇ ਮੁਕੱਦਮੇ ਚਲੇ। ਰੌਲੇ ਰੱਪੇ ਵਿਚ ਜੇ ਕੋਈ ਹਮਲਾ ਕਰਨ ਵਾਲਾ ਮਾਰਿਆ ਵੀ ਗਿਆ ਤਾਂ ਸਰਕਾਰ ਨੇ ਮਾਮਲਾ ਪੂਰੀ ਤਰ੍ਹਾਂ ਛੁਪਾ ਦਿੱਤਾ। ਅਜਿਹੇ ਵੀ ਉਦਾਹਰਣ ਨੇ ਕਿ ਸਿੱਖਾਂ ਨੂੰ ਬਚਾਉਣ ਵਾਲਿਆਂ ਨੂੰ ਨਾ ਕੇਵਲ ਧਮਕਾਇਆ ਹੀ ਗਿਆ, ਸਗੋਂ ਕਈ ਥਾਵਾਂ 'ਤੇ ਉਨ੍ਹਾਂ ਨੂੰ ਮਾਰਕੁੱਟ ਤੇ ਦੰਗਾ ਕਰਨ ਦੇ ਦੋਸ਼ ਵਿਚ ਜੇਲ੍ਹ ਵੀ ਭੇਜ ਦਿੱਤਾ। ਨੌਂ ਬਸਤਾ ਦਾ ਅਜਿਹਾ ਉਦਾਹਰਣ ਅਖ਼ਬਾਰਾਂ ਵਿਚ ਸੁਰਖ਼ੀਆਂ ਨਾਲ ਪ੍ਰਕਾਸ਼ਤ ਕੀਤਾ ਗਿਆ। ਆਤਮਰੱਖਿਆ ਲਈ ਗੋਲੀ ਚਲਾਉਣ ਵਾਲੇ ਸਿੱਖਾਂ 'ਤੇ ਉਲਟੇ ਮੁਕੱਦਮੇ ਕਾਇਮ ਕਰਨ ਦੇ ਉਦਾਹਰਣ ਵੀ ਹਨ।

**(ਬਾਕੀ ਅਗਲੇ ਹਫ਼ਤੇ)**

## ਟੈਗੋਰ ਦਾ ਦੇਸ਼ ਪ੍ਰੇਮ ਬਨਾਮ ਮਾਨਵਤਾ

ਸੀਥੀਅਨ ਲੋਕਾਂ ਨੂੰ ਸਰੋਤਾਂ ਦੀ ਕਮੀ ਹੋਈ ਤਾਂ ਉਨ੍ਹਾਂ ਨੇ ਇਕ ਤਰੀਕਾ ਇਹ ਕੱਢਿਆ ਕਿ ਆਦਮੀ ਔਰਤ ਸਾਰੇ ਇਕਜੁੱਟ ਹੋ ਜਾਣ ਤੇ ਲੁਟੇਰਿਆਂ ਦੇ ਦਲਾਂ ਵਿਚ ਬਦਲ ਜਾਣ। ਜੋ ਲੋਕ ਮੁੱਖ ਤੌਰ 'ਤੇ ਸਮਾਜਿਕ ਤੇ ਰਚਨਾਤਮਕ ਕੰਮਾਂ ਵਿਚ ਲੱਗੇ ਹੋਏ ਸਨ, ਉਨ੍ਹਾਂ ਲਈ ਇਹ ਸਭ ਤੋਂ ਵੱਡੀ ਅੜਚਨ ਸਿੱਧ ਹੋਣ ਲੱਗੇ। ਇਸ ਲਈ ਮੇਰੀ ਬੇਨਤੀ ਹੈ ਕਿ ਤੁਹਾਡੇ ਵਿਚ ਆਸਥਾ ਦੀ ਤਾਕਤ ਤੇ ਵਿਚਾਰਾਂ ਦੀ ਸਪਸ਼ਟਤਾ ਹੋਣੀ ਚਾਹੀਦੀ ਹੈ, ਤਾਂ ਕਿ ਤੁਸੀਂ ਸਾਫ਼ ਸਾਫ਼ ਦੇਖ ਸਕੋ ਕਿ ਤਰੱਕੀ ਦਾ ਇਹ ਭੱਦਾ ਢਾਂਚਾ ਜੋ ਕੁਸ਼ਲਤਾ ਤੇ ਇਛਾਵਾਂ ਦੇ ਨਟ-ਬੋਲਟ ਤੇ ਚੱਕਿਆਂ 'ਤੇ ਦੌੜਦਾ ਰਹਿੰਦਾ ਹੈ, ਜ਼ਿਆਦਾ ਦਿਨਾਂ ਤਕ ਟਿਕ ਨਹੀਂ ਸਕੇਗਾ। ਇਸ ਨੇ ਇਕ ਨਾ ਇਕ ਦਿਨ ਤਾਂ ਟਕਰਾਉਣਾ ਹੀ ਹੈ ਕਿਉਂਕਿ ਇਸ ਨੇ ਵਿਛੀਆਂ-ਵਛਾਈਆਂ ਪਟੜੀਆਂ 'ਤੇ ਹੀ ਚੱਲਣਾ ਹੁੰਦਾ ਹੈ। ਇਕ ਦਿਨ ਇਹ ਸਭ ਤਬਾਹ ਹੋ ਜਾਵੇਗਾ। ਕੀ ਸਾਨੂੰ ਅੱਜ ਇਸ ਦੇ ਸੰਕੇਤ ਨਹੀਂ ਦਿਖਾਈ ਦੇ ਰਹੇ। ਕੀ ਸਾਨੂੰ ਯੁੱਧ ਦੇ ਸ਼ੋਰ, ਨਫ਼ਰਤ ਦੀਆਂ ਚੀਕਾਂ, ਨਿਰਾਸ਼ਾ ਭਰੇ ਰੁਦਨ, ਸਦੀਆਂ ਦੇ ਮੰਥਨ ਨਾਲ ਰਾਸ਼ਟਰਵਾਦ ਦੀ ਧਰਾਤਲ ਵਿਚ ਜੰਮੇ ਚਿੱਕੜ ਤੋਂ ਆਉਂਦੀ ਉਹ ਆਵਾਜ਼ ਸੁਣਾਈ ਦੇ ਰਹੀ ਹੈ, ਇਕ ਅਜਿਹੀ ਆਵਾਜ਼ ਜੋ ਸਾਡੀ ਆਤਮਾ ਨੂੰ ਝੰਜੋੜ ਰਹੀ ਹੈ ਕਿ ਰਾਸ਼ਟਰੀ ਸਵਾਰਥ ਦੀ ਮੀਨਾਰ, ਜੋ ਦੇਸ਼ ਭਗਤੀ ਦੇ ਨਾਂ 'ਤੇ ਬਣਾਈ ਗਈ ਹੈ, ਜਿਸ ਨੇ ਸਵਰਗ ਖ਼ਿਲਾਫ਼ ਆਪਣਾ ਝੰਡਾ ਲਹਿਰਾਇਆ ਹੈ, ਉਸ ਨੂੰ ਹੁਣ ਆਪਣੇ ਹੀ ਭਾਰ ਨਾਲ ਢਹਿ ਜਾਣਾ ਚਾਹੀਦਾ ਹੈ।

ਹੁਣ ਟੈਗੋਰ ਨੇ ਰਾਸ਼ਟਰ ਤੇ ਯੁੱਧ ਨੂੰ ਇਸ ਤਰ੍ਹਾਂ ਕਿਉਂ ਸਮਝਿਆ। ਅਕਸਰ ਰਾਸ਼ਟਰਵਾਦ ਦੀ ਰਾਹ ਵਿਚ ਲੇਖਕ, ਕਵੀ, ਰਚਨਾਕਾਰ ਰੁਕਾਵਟ ਵਜੋਂ ਪੇਸ਼ ਕੀਤੇ ਜਾਂਦੇ ਹਨ। 1916-17 ਦਾ ਸਾਲ ਕੀ 2016-17 ਦੇ ਸਾਲ ਨਾਲੋਂ ਕੁਝ ਵੱਖਰਾ ਹੈ। ਵਿਚੋਂ ਵੱਟਸਐਪ ਰਾਸ਼ਟਰਵਾਦ ਨੂੰ ਛੱਡ ਦਈਏ ਤਾਂ ਕੀ ਬਦਲਿਆ ਹੈ। ਟੈਗੋਰ ਦੀ ਰਚਨਾ ਨੂੰ ਪੇਸ਼ ਤਾਂ ਕਰ ਰਿਹਾ ਹਾਂ ਪਰ ਜ਼ਰੂਰੀ ਨਹੀਂ ਕਿ ਜੋ ਟੈਗੋਰ ਕਹਿ ਰਹੇ ਹਨ, ਉਹੀ ਅੰਤਿਮ ਗੱਲ ਹੋਵੇਗੀ। ਜ਼ਰੂਰੀ ਹੈ ਕਿ ਤੁਸੀਂ ਲੋਕਤੰਤਰ ਅਤੇ ਰਾਸ਼ਟਰਵਾਦ ਨੂੰ ਲੈ ਕੇ ਨਵੇਂ ਸਿਰੇ ਤੋਂ ਸਮਝੋ, ਸੋਚੋ। ਭਾਰਤੀ ਰੂਪ ਵਿਚ ਵੀ ਸਮਝੋ ਤੇ ਪੱਛਮੀ ਰੂਪ ਵਿਚ ਵੀ ਸਮਝੋ। ਟੈਗੋਰ ਨੇ ਲਿਖਿਆ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਪੱਛਮੀ ਸਭਿਅਤਾ ਨਾਲ ਮੁਕਾਬਲਾ ਕਰਨ ਵਿਚ ਭਾਰਤ ਦਾ ਭਲਾ ਨਹੀਂ ਹੋਵੇਗਾ। ਢੇਰਾਂ ਅਪਮਾਨ ਦੇ ਬਾਵਜੂਦ ਜੇਕਰ ਅਸੀਂ ਆਪਣੀ ਨੀਅਤੀ ਅਨੁਸਾਰ ਚਲੀਏ ਤਾਂ ਨੁਕਸਾਨ ਨਾਲੋਂ ਕਿਤੇ ਜ਼ਿਆਦਾ ਸਾਡਾ ਲਾਭ ਹੋਵੇਗਾ।

ਗਲੋਬ ਚੁੱਕ ਕੇ ਦੇਖੋ, ਦੁਨੀਆ ਵਿਚ 195 ਦੇਸ਼ ਹੋ ਗਏ ਹਨ। ਦੁਨੀਆ ਜੇਕਰ ਵੰਡੀ ਹੈ ਤਾਂ ਉਹ ਨਕਸ਼ਿਆਂ ਵਿਚ ਵੰਡੀ ਹੈ। ਸਰਹੱਦਾਂ ਵਿਚ ਵੰਡੀ ਹੈ। ਗਿਣਤੀ ਦੇ ਹੀ ਸਹੀ, ਪਰ ਅਜਿਹੇ ਦੇਸ਼ ਤਾਂ ਹਨ ਇਸ ਭੂਗੋਲ 'ਤੇ ਜਿਨ੍ਹਾਂ ਦੀਆਂ ਸਰਹੱਦਾਂ 'ਤੇ ਕਿਸੇ ਫ਼ੌਜ ਦਾ ਪਹਿਰਾ ਨਹੀਂ ਹੈ। ਤਰ੍ਹਾਂ ਤਰ੍ਹਾਂ ਦੇ ਰੰਗ ਬਿਰੰਗੇ ਝੰਡੇ ਰਾਸ਼ਟਰਵਾਦ ਦੇ ਪ੍ਰਤੀਕ ਹੋ ਗਏ। ਪਹਿਲਾਂ ਦੀਆਂ ਸਿਆਸੀ ਰੈਲੀਆਂ ਵਿਚ ਪਾਰਟੀ ਦਾ ਝੰਡਾ ਨਜ਼ਰ ਆਉਂਦਾ ਸੀ, ਹੁਣ ਮੁਲਕ ਦੇ ਝੰਡੇ ਨਜ਼ਰ ਆਉਣ ਲੱਗੇ ਹਨ। ਜਦੋਂ ਨੇਤਾ ਆਪਣਾ ਝੰਡਾ ਲੈ ਕੇ ਗਲੀਆਂ ਵਿਚ ਵੜ ਨਹੀਂ ਪਾਉਂਦਾ ਤਾਂ ਉਹ ਦੇਸ਼ ਦਾ ਝੰਡਾ ਲੈ ਕੇ ਚਲਾ ਜਾਂਦਾ ਹੈ। ਤਾਂ ਕਿ ਲੋਕ ਉਸ ਨੂੰ ਦੇਸ਼ ਦਾ ਸਮਝ ਕੇ ਮੁਆਫ਼ ਕਰ ਦੇਵੇ। ਆਪਣੀ ਭੁੱਖ ਭੁੱਲ ਜਾਵੇ। ਹੌਲੀ ਹੌਲੀ ਪਾਰਟੀਆਂ ਦੇ ਝੰਡੇ ਗਾਇਬ ਹੋ ਜਾਣਗੇ ਤੇ ਦੇਸ਼ ਦਾ ਝੰਡਾ ਹੀ ਚੋਣਾਵੀ ਝੰਡਾ ਹੋ ਜਾਵੇਗਾ। ਉਦੋਂ ਝੰਡਾ ਝੰਡਾ ਨਹੀਂ ਰਹੇਗਾ। ਅੱਜ ਦੇ ਸਮੇਂ ਦੇ ਨੇਤਾਵਾਂ ਜਾਂ ਸਿਆਸਤ ਦੀ ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਆਪਣੇ ਵਰਤਮਾਨ ਨੂੰ ਨਹੀਂ ਸਮਝ ਰਹੇ। ਅਤੀਤ ਦੀਆਂ ਉਦਾਹਰਣਾਂ ਦਾ ਸਾਡੇ 'ਤੇ ਬੋਝ ਲੱਦਦੇ ਜਾ ਰਹੇ ਹਨ। ਆਪਣੇ ਆਲਸੀਪਣ ਦਾ ਬੋਝ ਸਾਡੇ 'ਤੇ ਹਲਕਾ ਕਰ ਰਹੇ ਹਨ। ਅੱਜ ਦੇ ਦੌਰ ਵਿਚ ਕੌਣ ਹੈ ਜੋ ਰਾਸ਼ਟਰਵਾਦ ਦੇ ਇਸ ਉਭਾਰ ਨੂੰ ਹਿੰਦੀ ਪੱਟੀ ਤੋਂ ਲੈ ਕੇ ਦੱਖਣੀ ਪੱਟੀ ਤਕ ਦੇ ਹਿਸਾਬ ਨਾਲ ਸਮਝ ਸਕਦਾ ਹੈ। ਜਦਕਿ ਇਹ ਕਿੰਨਾ ਰੋਚਕ ਸਮਾਂ ਹੋ ਸਕਦਾ ਸੀ ਕਿ ਭਾਰਤ ਦੇ ਨਜ਼ਰੀਏ ਨਾਲ ਵੀ ਰਾਸ਼ਟਰਵਾਦ ਨੂੰ ਸਮਝਣ ਦਾ। ਸਿਰਫ਼ ਇਸ ਦਾ ਡਰ ਫੈਲਾ ਕੇ ਕੋਈ ਰਾਸ਼ਟਰਵਾਦ ਨੂੰ ਨਹੀਂ ਰੋਕ ਸਕਦਾ। ਦੁਨੀਆ ਵਿਚ ਕਈ ਮੁਲਕਾਂ ਦੀਆਂ ਸਰਹੱਦਾਂ 'ਤੇ ਯੁੱਧ ਦੀ ਉਹੀ ਖੇਡ ਖੇਡੀ ਜਾ ਰਹੀ ਹੈ। ਬਾਰੂਦ ਅੱਜ ਵੀ ਗਰਜ ਰਹੇ ਹਨ। ਯੁੱਧ ਦੇ ਪਰਛਾਵੇਂ ਵਿਚ ਲੁੱਟ-ਖਸੁੱਟ ਅੱਜ ਵੀ ਹੈ। ਅੱਜ ਵੀ ਇਨ੍ਹਾਂ ਸਾਰਿਆਂ ਦਾ ਇਕ ਹੀ ਫੈਵੀਕੋਲ ਹੈ-ਰਾਸ਼ਟਰਵਾਦ।

ਟੈਗੋਰ ਨੇ ਲਿਖਿਆ ਹੈ ਕਿ ਮੈਂ ਕਿਸੇ ਇਕ ਰਾਸ਼ਟਰ ਖ਼ਿਲਾਫ਼ ਨਹੀਂ ਹਾਂ। ਸਾਰੇ ਰਾਸ਼ਟਰਾਂ ਦੇ ਇਕ ਸਾਮਾਨ ਵਿਚਾਰਾਂ ਖ਼ਿਲਾਫ਼ ਹਾਂ। ਆਖ਼ਰ ਇਹ ਰਾਸ਼ਟਰ ਕੀ ਹੈ। ਟੈਗੋਰ ਰਾਸ਼ਟਰ ਨੂੰ ਸਮਝਦਿਆਂ ਹੀ ਅਸੀਂ ਇਨਸਾਨ ਹੋਣ ਦੇ ਉਦੇਸ਼ ਤੋਂ ਨਹੀਂ ਭਟਕਦੇ। ਉਨ੍ਹਾਂ ਦਾ ਮੰਨਣਾ ਹੈ ਕਿ ਰਾਸ਼ਟਰ ਦੇ ਸੰਗਠਨ ਦੇ ਪਿਛੇ ਸਾਡੀਆਂ ਤਮਾਮ ਨੈਤਿਕ ਸ਼ਕਤੀਆਂ ਲੱਗ ਜਾਂਦੀਆਂ ਹਨ। ਬਲੀਦਾਨ ਉਸ ਨੈਤਿਕ ਸ਼ਕਤੀ ਦਾ ਸਭ ਤੋਂ ਵੱਡਾ ਪ੍ਰਤੀਕ ਹੈ। ਮਾਨਵ ਦੇ ਤਿਆਗ ਕਰਨ ਦੀ ਸ਼ਕਤੀ ਆਪਣੇ ਅੰਤਿਮ ਉਦੇਸ਼ ਤੋਂ ਭਟਕ ਜਾਂਦੀ ਹੈ। ਉਹ ਆਪਣੀ ਅੰਤਰਆਤਮਾ ਤੋਂ ਮੁਕਤ ਹੋ ਜਾਂਦਾ ਹੈ। ਖ਼ੁਦ ਨੂੰ ਮਸ਼ੀਨ 'ਤੇ ਪਾ ਦਿੰਦਾ ਹੈ। ਭਾਵ ਟੈਗੋਰ ਕਹਿ ਰਹੇ ਹਨ ਕਿ ਇਸ ਦੀ ਧੁਨ ਵਿਚ ਅਸੀਂ ਅਸੀਂ ਨਹੀਂ ਰਹਿੰਦੇ। ਕੁਝ ਹੋਰ ਹੀ ਹੋ ਜਾਂਦੇ ਹਾਂ। ਨੇਤਾ ਇਸ ਗੱਲ ਨੂੰ ਜਾਣਦੇ ਹਨ। ਇਸ ਲਈ ਰਾਸ਼ਟਰਵਾਦ ਉਨ੍ਹਾਂ ਲਈ ਉਹ ਮਸ਼ੀਨ ਹੈ, ਜਿਸ 'ਤੇ ਤੁਸੀਂ ਖ਼ੁਦ ਨੂੰ ਪਾ ਦਿੰਦੇ ਹੋ।

ਜਿਨ੍ਹਾਂ ਦੀ ਰਚਨਾ ਅੱਜ ਵੀ ਕਿਸੇ ਨੇਤਾ ਦੇ ਭਾਸ਼ਣ ਨਾਲੋਂ ਜ਼ਿਆਦਾ ਗਾਈ ਜਾਂਦੀ ਹੈ, ਫਿਰ ਵੀ ਟੈਗੋਰ ਦੇ ਪ੍ਰੇਮੀ ਕੀ ਉਸ ਮਾਨਵਤਾ ਨੂੰ ਪ੍ਰਾਪਤ ਕਰ ਸਕੇ ਜਿਸ ਲਈ ਟੈਗੋਰ ਨੇ ਰਾਸ਼ਟਰਵਾਦ ਤਕ ਨੂੰ ਨਹੀਂ ਬਖ਼ਸ਼ਿਆ।

ਆਦਰਸ਼ ਲੋਕਤੰਤਰ ਤੇ ਆਦਰਸ਼ ਇਨਸਾਨ ਦਾ ਅੱਜ ਤੱਕ ਇੰਤਜ਼ਾਰ ਹੈ। ਸ਼ਾਇਦ ਇਸ ਲਈ ਵੀ ਟੈਗੋਰ ਨੂੰ ਫੇਰ ਤੋਂ ਪੜ੍ਹਨਾ ਜ਼ਰੂਰੀ ਹੈ। ਦਰਅਸਲ, ਅਸੀਂ ਸਾਰੇ ਬਚ ਕੇ ਨਿਕਲ ਜਾਣਾ ਚਾਹੁੰਦੇ ਹਾਂ। ਵੱਟਸਐਪ 'ਤੇ ਅਫਵਾਹਾਂ ਦਾ ਕੂੜਾ ਫੈਲਾ ਕੇ ਖ਼ੁਦ ਨੂੰ ਰਾਸ਼ਟਰਵਾਦੀ ਸਮਝ ਬੈਠਦੇ ਹਾਂ। ਪੂਰੀ ਦੁਨੀਆ ਵਿਚ ਰਾਸ਼ਟਰਵਾਦ ਦੀ ਭਾਵਨਾ ਭਰਨ ਵਾਲੇ ਆ ਗਏ ਹਨ। ਜਲਦੀ ਹੀ ਅਰਥਸ਼ਾਸਤਰੀ ਵਾਂਗ ਰਾਸ਼ਟਰਸ਼ਾਸਤਰੀ ਪੈਦਾ ਕਰ ਦਿੱਤਾ ਜਾਵੇਗਾ। ਜਿਵੇਂ ਗ਼ਰੀਬੀ ਰੇਖਾ ਤੋਂ ਹੇਠਾਂ ਦੇ ਲੋਕਾਂ ਦੀ ਪਛਾਣ ਹੈ, ਉਵੇਂ ਹੀ ਰਾਸ਼ਟਰਵਾਦ ਦੀ ਭਾਵਨਾ ਨਾਲ ਹੇਠਾਂ ਦੇ ਲੋਕਾਂ ਦੀ ਪਛਾਣ ਕੀਤੀ ਜਾਵੇਗੀ। ਉਨ੍ਹਾਂ ਨੂੰ ਸਤਾਇਆ ਜਾਵੇਗਾ। ਬੁਨਿਆਦੀ ਸਹੂਲਤਾਂ ਨਾਲ ਜੁੜੇ ਸਵਾਲਾਂ ਨੂੰ ਰਾਸ਼ਟਰਵਾਦ ਦੀ ਬੇਹੱਦ ਕਮੀ ਨਾਲ ਢੱਕ ਦਿੱਤਾ ਜਾਵੇ, ਇਹ ਸੁਵਿਧਾ ਸਿਰਫ਼ ਸਿਆਸਤ ਕੋਲ ਹੈ।

ਟੈਗੋਰ ਰਾਸ਼ਟਰਵਾਦ ਦੇ ਪੱਛਮੀ ਮਾਡਲ ਨੂੰ ਸਵੀਕਾਰ ਕਰਨਾ ਨਹੀਂ ਚਾਹੁੰਦਾ ਸੀ। ਭਾਰਤ ਵਿਚ ਉਨ੍ਹਾਂ ਤੋਂ ਬਾਅਦ ਤੇ ਉਨ੍ਹਾਂ ਦੇ ਸਮੇਂ ਵਿਚ ਵੀ ਕਈ ਲੋਕਾਂ ਨੇ ਵੱਖ ਵੱਖ ਤਰੀਕਿਆਂ ਨਾਲ ਸੋਚਿਆ ਪਰ ਭਾਰਤ ਵਿਚ ਅੱਜ ਤਕ ਨਾ ਤਾਂ ਲੋਕਤੰਤਰ ਦਾ ਕੋਈ ਭਾਰਤੀ ਮਾਡਲ ਹੈ, ਨਾ ਅਰਥ ਤੰਤਰ ਦਾ ਤਾਂ ਰਾਸ਼ਟਰਵਾਦ ਦਾ ਕਿਵੇਂ ਹੋ ਸਕਦਾ ਹੈ। ਇਸ ਲਈ ਇਹ ਡਰ ਵਾਜਬ ਹੈ ਕਿ ਪੱਛਮ ਦੇ ਰਾਸ਼ਟਰਵਾਦ ਦੇ ਗਰਦ ਵਿਚੋਂ ਨਿਕਲੇ ਭਾਰਤ ਵਿਚ ਹਿਟਲਰ ਨਾ ਆ ਜਾਵੇ। ਇਸ ਡਰ ਨਾਲੋਂ ਵੱਡਾ ਡਰ ਇਹ ਹੈ ਕਿ ਭਾਰਤ ਦਾ ਆਪਣਾ ਕੋਈ ਮਾਡਲ ਨਹੀਂ ਹੈ। ਹਿੰਦੀ ਬੋਲਣ ਨਾਲ ਤੁਸੀਂ ਦੇਸੀ ਨਹੀਂ ਹੋ ਜਾਂਦੇ। ਸਵਾਲ ਹੈ ਕਿ ਕੀ ਤੁਸੀਂ ਪੱਛਮੀ ਦੇ ਉਨ੍ਹਾਂ ਵੱਡੇ ਕਾਰਪੋਰੇਸ਼ਨਾਂ ਦੀ ਹੀ ਭਾਸ਼ਾ ਹਿੰਦੀ ਵਿਚ ਤਾਂ ਬੋਲ ਰਹੇ ਹੋ। ਟੈਗੋਰ ਦੀ ਇਸ ਗੱਲ 'ਤੇ ਸੋਚਣਾ। ਆਜ਼ਾਦ ਦੇਸ਼ ਵਿਚ ਜ਼ਿਆਦਾਤਰ ਲੋਕ ਆਜ਼ਾਦ ਨਹੀਂ ਹਨ। ਉਹ ਘੱਟ ਗਿਣਤੀ ਦੇ ਤੈਅ ਟਿਚਿਆਂ ਵੱਲ ਵਧਦੇ ਰਹਿੰਦੇ ਹਨ।

ਤਾਂ ਤੁਸੀਂ ਰਾਸ਼ਟਰਵਾਦ 'ਤੇ ਸੋਚਣਾ। ਡਰਨਾ ਨਾ। ਇਸ ਦਾ ਇਸਤੇਮਾਲ ਹੋਣ ਤੋਂ ਬਚੋ। ਇਸ ਦਾ ਬਿਹਤਰ ਇਸਤੇਮਾਲ ਕਰੋ। ਇਕ ਹੋਰ ਕਿਤਾਬ ਦਾ ਨਾਂ ਦੱਸ ਦਿੰਦਾ ਹਾਂ। ਰਾਸ਼ਟਰਵਾਦ ਬਨਾਮ ਦੇਸ਼ ਭਗਤੀ, ਇਹ ਆਸ਼ੀਸ਼ ਨੰਦੀ ਦੀ ਕਿਤਾਬ ਹੈ।

## ਸਿੱਖ ਆਜ਼ਾਦ ਹਸਤੀ ਦੇ ਸੁਪਨੇ ਦੀ ਪੂਰਤੀ ਲਈ ਸੁਹਿਰਦ ਯਤਨ ਕਰਨ ਦਾ ਅਹਿਦ

ਹੋਏ ਫੈਸਲਿਆਂ ਨੂੰ ਲਾਗੂ ਕਰਨ ਲਈ ਸਾਰੀਆਂ ਸੰਸਥਾਵਾਂ ਦਾ ਇੱਕ ਸਾਂਝਾ ਕੇਂਦਰ ਬਣਾਉਣ ਦਾ ਫੈਸਲਾ ਲਿਆ ਗਿਆ। ਇਜਲਾਸ ਦੌਰਾਨ ਪੰਚ ਪਰਧਾਨੀ ਵਿਚਾਰਧਾਰਾ ਨਾਲ ਜੁੜੀਆਂ ਸੰਸਥਾਵਾਂ ਨੂੰ ਵੱਖ ਵੱਖ ਪ੍ਰਜੈਕਟ ਦੇ ਕੇ ਇਨ੍ਹਾਂ ਤੇ ਕੰਮ ਕਰਨ ਦੀ ਜਿੰਮੇਵਾਰੀ ਵੀ ਸੌਂਪੀ ਗਈ।

ਇਜਲਾਸ ਦੇ ਪਹਿਲੇ ਦਿਨ ਦੇਸ਼ ਵਿਦੇਸ਼ ਤੋਂ ਆਏ ਡੈਲੀਗੇਟਾਂ ਦੀ ਜਾਣ ਪਹਿਚਾਣ ਕਰਵਾਈ ਗਈ ਤਾਂ ਕਿ ਖਾਲਸਾਈ ਵਿਚਾਰਧਾਰਾ ਨਾਲ ਜੁੜੇ ਸੱਜਣਾਂ ਦਾ ਨਵੀਂ ਪੀੜ੍ਹੀ ਨਾਲ ਰਾਬਤਾ ਮਜਬੂਤ ਹੋ ਸਕੇ। ਇਸੇ ਦਿਨ ਸਮੁੱਚੀਆਂ ਸੰਸਥਾਵਾਂ ਦੇ ਪਿਛਲੇ ਸਮੇਂ ਦੇ ਕਾਰਜਾਂ ਦੀ ਰਿਪੋਰਟ ਪੇਸ਼ ਕੀਤੀ ਗਈ ਅਤੇ ਭਵਿੱਖ ਵਿੱਚ ਆਪਣੇ ਆਪਣੇ ਆਪਣੇ ਕਾਰਜਾਂ ਦੀ ਸਮਰੱਥਾ ਬਾਰੇ ਜਾਣਕਾਰੀ ਦਿੱਤੀ ਗਈ।

ਇਜਲਾਸ ਵਿੱਚ ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਸਿੱਖ ਅਜ਼ਾਦ ਹਸਤੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਜਿੱਥੇ ਸਿਆਸੀ ਖੇਤਰ ਵਿੱਚ ਕਦਮ ਵਧਾਉਣ ਦੀ ਲੋੜ ਹੈ ਉੱਥੇ ਹੀ ਧਾਰਮਕ, ਸਮਾਜਕ ਅਤੇ ਸਿੱਖ ਸੱਭਿਆਚਾਰ ਦੀ ਮਜਬੂਤੀ ਲਈ ਵੀ ਸੁਹਿਰਦ ਕਾਰਜ ਕਰਨ ਦੀ ਲੋੜ ਹੈ।

ਇਸ ਸੰਦਰਭ ਵਿੱਚ ਸਿੱਖ ਐਜੂਕੇਸ਼ਨ ਕੌਂਸਲ ਦੇ ਰੋਲ ਦੀ ਮਹੱਤਤਾ ਵੀ ਉਜਾਗਰ ਕੀਤੀ ਗਈ। ਇਹ ਸੰਸਥਾ, ਜੋ ਪਿਛਲੇ 30 ਸਾਲ ਤੋਂ ਸਿੱਖ ਧਰਮ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ ਅਤੇ ਜਿਸਨੇ ਆਪਣਾਂ ਘੇਰਾ ਹੁਣ ਯੂ.ਕੇ. ਤੋਂ ਵਧਾ ਕੇ ਯੂਰਪ ਅਤੇ ਅਮਰੀਕਾ ਕਨੇਡਾ ਤੱਕ ਵੀ ਵਧਾਉਣਾ ਅਰੰਭ ਕਰ ਦਿੱਤਾ ਹੈ, ਦੇ ਕਾਰਜਾਂ ਬਾਰੇ ਸੰਸਥਾ ਦੇ ਸੰਚਾਲਕ ਨੇ ਵਿਸਥਾਰ ਪੂਰਬਕ ਚਾਨਣਾਂ ਪਾਇਆ। ਉਨ੍ਹਾਂ ਦੱਸਿਆ ਕਿ ਸਿੱਖ ਐਜੂਕੇਸ਼ਨ ਕੌਂਸਲ ਜਿੱਥੇ ਨਵੀਂ ਪੀੜ੍ਹੀ ਦੇ ਸਿੱਖ ਨੌਜਵਾਨਾਂ ਨੂੰ ਲਗਾਤਾਰ ਸਟੱਡੀ ਗਰੁੱਪਸ ਰਾਹੀਂ ਗੁਰਮਤ ਅਤੇ ਪੰਥਕ ਨਿਸ਼ਾਨੇ ਦੀ ਸੋਝੀ ਪ੍ਰਦਾਨ ਕਰ ਰਹੀ ਹੈ ਉੱਥੇ ਹੀ ਸਿੱਖ ਇਤਿਹਾਸ ਨਾਲ ਸਬੰਧਿਤ ਪੁਰਾਤਨ ਖਰੜਿਆਂ ਅਤੇ ਦੁਰਲੱਭ ਲਿਖਤਾਂ ਦੀ ਸੰਭਾਲ ਲਈ ਵੀ ਯਤਨਸ਼ੀਲ ਹੈ। ਉਨ੍ਹਾਂ ਨੇ ਦੱਸਿਆ ਕਿ ਸਿੱਖ ਐਜੂਕੇਸ਼ਨ ਕੌਂਸਲ, ਸਿੱਖ ਘੱਲੂਘਾਰੇ ਨਾਲ ਸਬੰਧਿਤ ਹੁਣ ਤੱਕ 59 ਸੈਮੀਨਾਰ ਕਰ ਚੁੱਕੀ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਅਦੁੱਤੀ ਦੇਣ ਬਾਰੇ ਬ੍ਰਿਟਿਸ਼ ਵਾਰ ਰੂਮ ਵਿੱਚ ਸੈਮੀਨਾਰ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਕੌਂਸਲ ਵੱਲੋਂ ਚੋਖੀ ਰਕਮ ਖਰਚ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਛੇ ਸਰੂਪਾਂ ਨੂੰ ਆਧੁਨਿਕ ਢੰਗ ਨਾਲ ਸੰਭਾਲਣ ਦਾ ਕਾਰਜ ਹੱਥ ਲਿਆ ਗਿਆ ਹੈ ਜੋ ਜਲਦੀ ਹੀ ਸੰਪੂਰਨ ਹੋ ਜਾਵੇਗਾ।

ਸਿੱਖ ਐਜੂਕੇਸ਼ਨ ਕੌਂਸਲ ਦੇ ਇੱਕ ਹੋਰ ਨੁਮਾਇੰਦੇ ਨੇ ਸਿੱਖ ਆਰਕੀਟੈਕਟ ਬਾਰੇ ਆਪਣੇ ਨਿਵੇਕਲੇ ਪ੍ਰਾਜੈਕਟ ਰਾਹੀਂ ਜਾਣਕਾਰੀ ਦਿੱਤੀ ਕਿ ਗੁਰੂ ਸਾਹਿਬ ਜੀ ਨੇ ਸਿੱਖ ਇਮਾਰਤ ਕਲਾ ਨੂੰ ਹਿੰਦੂ ਇਮਾਰਤ ਕਲਾ ਦੇ ਬੰਧਨਾਂ ਤੋਂ ਮੁਕਤ ਕਰਕੇ ਭਵਿਖ਼ ਦੇ ਖਾਲਸਾਈ ਇਤਿਹਾਸ ਅਤੇ ਰਾਜ ਦੀ ਨੀਂਹ ਰੱਖ ਦਿੱਤੀ ਸੀ। ਸਿੱਖਾਂ ਨੂੰ ਗੁਰੂ ਸਾਹਿਬ ਦੀਆਂ ਇਨ੍ਹਾਂ ਰੁਹਾਨੀ ਅਤੇ ਗੁਝੀਆਂ ਰਮਜ਼ਾਂ ਨੂੰ ਸਮਝ ਕੇ ਆਪਣੇ ਭਵਿੱਖ ਲਈ ਸੁਚੇਤ ਹੋਣ ਅਤੇ ਇਸ ਦਿਸ਼ਾ ਵਿੱਚ ਯਤਨਸ਼ੀਲ ਰਹਿਣ ਦੀ ਲੋੜ ਹੈ।

ਸਿੱਖ ਹਿਊਮਨ ਰਾਈਟਸ ਗਰੁੱਪ ਦੇ ਸੰਚਾਲਕ ਨੇ ਅੰਤਰਰਾਸ਼ਟਰੀ ਕਨੂੰਨ ਦੀ ਧਾਰਾ 67 ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਧਾਰਾ ਅਧੀਨ ਸਿੱਖਾਂ ਨੂੰ ਹਾਲੇ ਧਾਰਮਕ ਘੱਟ-ਗਿਣਤੀ ਦੇ ਤੌਰ ਤੇ ਹੀ ਪਰਿਭਾਸ਼ਤ ਕੀਤਾ ਜਾ ਰਿਹਾ ਹੈ ਜਿਸ ਕਰਕੇ ਅਸੀਂ ਕੌਮਾਂਤਰੀ ਤੌਰ ਤੇ ਯੂ.ਐਨ.ਓ. ਵਿੱਚ ਆਪਣੇ ਕਦਮ ਅੱਗੇ ਨਹੀ ਵਧਾ ਸਕੇ। ਸਾਨੂੰ ਹੁਣ ਸਿੱਖਾਂ ਨੂੰ ਸਿਆਸੀ ਘੱਟ-ਗਿਣਤੀ ਦੇ ਤੌਰ ਤੇ ਪੇਸ਼ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਸਿੱਖਾਂ ਦੇ ਸਿਆਸੀ ਹੱਕਾਂ ਦੀ ਗੱਲ ਅੱਗੇ ਵਧਾਈ ਜਾ ਸਕੇ।

ਅਮਰੀਕਾ ਤੋਂ ਆਏ ਇੱਕ ਨੁਮਾਇੰਦੇ ਨੇ ਡੈਲੀਗੇਟਾਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਸਿੱਖਾਂ ਨੇ ਆਪਣੀ ਅਜ਼ਾਦੀ ਲਈ ਇੱਕ ਲਹੂ-ਵੀਟਵਾਂ ਸੰਘਰਸ਼ ਲੜਿਆ ਅਤੇ ਪੰਥ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸ਼ਹਾਦਤਾਂ ਦਿੱਤੀਆਂ। ਸਾਨੂੰ ਸਮੁੱਚੀਆਂ ਸੰਸਥਾਵਾਂ ਨੂੰ ਆਪਣੀਆਂ ਸਰਗਰਮੀਆਂ ਦੀ ਸੇਧ ਉਸ ਅਜ਼ਾਦ ਖਾਲਸਾ ਰਾਜ ਦੀ ਪ੍ਰਾਪਤੀ ਵੱਲ ਲਗਾਤਾਰ ਲਗਾਈ ਰੱਖਣੀ ਚਾਹੀਦੀ ਹੈ। ਬੇਸ਼ੱਕ ਇਹ ਲੜਾਈ ਲੰਬੀ ਹੋ ਸਕਦੀ ਹੈ ਪਰ ਇਸ ਦੌਰਾਨ ਸਾਡੀ ਪ੍ਰਤੀਬੱਧਤਾ ਅਤੇ ਇਮਾਨਦਾਰੀ ਵਿੱਚ ਕੋਈ ਫਰਕ ਨਹੀ ਆਉਣਾ ਚਾਹੀਦਾ। ਉਨ੍ਹਾਂ ਅਮਰੀਕਾ, ਕਨੇਡਾ, ਫਰਾਂਸ , ਜਰਮਨੀ ਅਤੇ ਯੂ.ਕੇ. ਤੋਂ ਆਏ ਹੋਏ ਨੌਜਵਾਨਾਂ ਦੀ ਸੇਧ ਅਤੇ ਸੋਚ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਨ੍ਹਾਂ ਨੇ ਹੀ ਨਵੇਂ ਸੰਦਰਭ ਵਿੱਚ ਕੌਮ ਦੀ ਅਜ਼ਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਅੱਗੇ ਆਉਣਾ ਹੈ।

ਕਨੇਡਾ ਤੋਂ ਆਏ ਹੋਏ ਨੌਜਵਾਨ ਨੇ ਕੌਮੀ ਅਜ਼ਾਦੀ ਦੇ ਸੰਦਰਭ ਵਿੱਚ ਅਪਣੇ ਪੀ.ਐਚ.ਡੀ ਥੀਸਿਸ ਦੇ ਸਬੰਧ ਵਿੱਚ ਵਿਚਾਰ ਪੇਸ਼ ਕੀਤੇ। ਕਨੇਡਾ ਤੋਂ ਹੀ ਆਏ ਹੋਏ ਇੱਕ ਹੋਰ ਨੌਜਵਾਨ ਨੇ ਆਪਣੇ ਵਿਸ਼ੇਸ਼ ਲੈਕਚਰ ਰਾਹੀਂ ਸੰਕਟ ਅਤੇ ਸੰਕਟ ਨੂੰ ਹੱਲ ਕਰਨ ਦੀ ਸਮਰਥਾ ਬਾਰੇ ਥਿਊਰੀ ਨੂੰ ਕੌਮਾਂ ਦੇ ਭਵਿੱਖ ਦੇ ਸੰਦਰਭ ਵਿੱਚ ਪੇਸ਼ ਕਰਕੇ ਨਵੀਂ ਸ਼ੁਰੂਆਤ ਕੀਤੀ ਗਈ।

ਡੈਨਮਾਰਕ ਦੇ ਨੁਮਾਇੰਦੇ ਨੇ ਬਹੁਤ ਹੀ ਗੰਭੀਰ ਅਤੇ ਉੱਚ ਪਾਏ ਦੇ ਵਿਚਾਰ ਪੇਸ਼ ਕਰਦਿਆਂ ਕੌਮਾਂਤਰੀ ਵਿਦਵਾਨਾਂ ਦੇ ਹਵਾਲਿਆਂ ਨਾਲ ਸਿੱਖਾਂ ਦੀ ਅਜ਼ਾਦ ਹਸਤੀ ਅਤੇ ਸਾਂਝੀ ਯਾਦ ਨੂੰ ਖਤਮ ਕਰ ਦੇਣ ਦੀਆਂ ਭਾਰਤੀ ਸਟੇਟ ਦੀਆਂ ਕੁਚਾਲਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਦੱਸਿਆ ਕਿ ਕਿਸੇ ਵੀ ਕੌਮ ਦੇ ਇਤਿਹਾਸ ਅਤੇ ਯਾਦ ਸ਼ਕਤੀ ਨੂੰ ਉਨ੍ਹਾਂ ਦੀ ਸਿਮਰਤੀ ਵਿੱਚੋਂ ਮੇਟ ਦੇਣ ਲਈ ਬਿਪਰਨ ਕੀ ਰੀਤ ਦੇ ਪੈਰੋਕਾਰ ਕਿਵੇਂ ਅਤੇ ਕਿਸ ਕਿਸ ਰੂਪ ਵਿੱਚ ਕਾਰਜ ਕਰ ਰਹੇ ਹਨ। ਉਨ੍ਹਾਂ ਨੇ ਇਸ ਮਾਨਸਿਕ ਦੇ ਜੰਗ ਦੇ ਟਾਕਰੇ ਲਈ ਸਿੱਖਾਂ ਨੂੰ ਗੁਰੂ ਸਾਹਿਬ ਵੱਲੋਂ ਉਸਾਰੇ ਗਏ ਇਤਿਹਾਸਕ ਮਿੱਥ-ਸੰਕੇਤਾਂ ਨੂੰ ਮਜਬੂਤ ਕਰਨ ਅਤੇ ਲਗਾਤਾਰ ਇਨ੍ਹਾਂ ਨੂੰ ਆਪਣੀ ਸਿਮਰਤੀ ਦਾ ਅੰਗ ਬਣਾਉਣ ਦੀ ਲੋੜ ਤੇ ਜੋਰ ਦਿੱਤਾ।

ਯੂ.ਕੇ. ਦੇ ਨੁਮਾਇੰਦੇ ਨੇ ਸਿੱਖਾਂ ਨੂੰ ਧਾਰਮਕ ਤੌਰ ਤੇ ਦਰਪੇਸ਼ ਚੁਣੌਤੀਆਂ ਦੇ ਸੰਦਰਭ ਵਿੱਚ ਬੋਲਦਿਆਂ ਆਖਿਆ ਕਿ ਸਿਰਫ ਧਰਮ ਅਤੇ ਇਸ ਨਾਲ ਜੁੜਿਆ ਹੋਇਆ ਇਤਿਹਾਸ ਹੀ ਕਿਸੇ ਕੌਮ ਦੀ ਸਿਆਸੀ ਹੋਂਦ ਹਸਤੀ ਨੂੰ ਮਜਬੂਤ ਅਤੇ ਜਿੰਦਾ ਰੱਖ ਸਕਦਾ ਹੈ। ਇਤਿਹਾਸ ਅਤੇ ਇਤਿਹਾਸਕਾਰਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭਾਰਤ ਦੀਆਂ ਸਾਰੀਆਂ ਘੱਟ ਗਿਣਤੀਆਂ ਵਿੱਚੋਂ ਸਿਰਫ ਸਿੱਖ ਹੀ ਇੱਕ ਕੌਮ ਦੇ ਤੌਰ ਤੇ ਸੰਪੂਰਨ ਹੋਏ ਹਨ। ਇਸ ਲਈ ਇੱਕ ਕੌਮ ਨੂੰ ਆਪਣੇ ਧਾਰਮਕ, ਸੱਭਿਆਚਾਰਕ ਅਤੇ ਰੁਹਾਨੀ ਵਿਕਾਸ ਲਈ ਹੋਮਲੈਂਡ ਦੀ ਸਖਤ ਜਰੂਰਤ ਹੁੰਦੀ ਹੈ ਜਿਸ ਲਈ ਸਾਨੂੰ ਆਪਣੇ ਕਦਮ ਅੱਗੇ ਵਧਾਉਂਦੇ ਰਹਿਣਾ ਚਾਹੀਦਾ ਹੈ।

ਅਮਰੀਕਾ ਤੋਂ ਇਜਲਾਸ ਵਿੱਚ ਵਿਸ਼ੇਸ਼ ਤੌਰ ਤੇ ਹਿੱਸਾ ਲੈਣ ਲਈ ਆਏ ਇੱਕ ਹੋਰ ਨੁਮਾਇੰਦੇ ਨੇ ਸਮੁੱਚੇ ਇਜਲਾਸ ਦੀ ਕਾਰਵਾਈ ਦਾ ਮੁਲੰਕਣ ਕਰਦਿਆਂ ਜਿੱਥੇ ਸਿੱਖ ਪੰਥ ਦੀ ਮੌਜੂਦਾ ਸਥਿਤੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਉੱਥੇ ਉਨ੍ਹਾਂ ਨੇ ਅਗਲੇ ਸਮੇਂ ਲਈ ਪੰਚ ਪਰਧਾਨੀ ਵਿਚਾਰਧਾਰਾ ਨਾਲ ਜੁੜੀਆਂ ਜਥੇਬੰਦੀਆਂ ਦੇ ਇੱਕ ਸਾਂਝੇ ਗੱਠਜੋੜ ਤੇ ਅਧਾਰਿਤ ਕਾਰਜਾਂ ਦੀ ਵੰਡ ਵੀ ਕੀਤੀ। ਉਨ੍ਹਾਂ ਨੇ ਆਖਿਆ ਕਿ ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਦੁਸ਼ਮਣ ਨੇ ਸਾਡੀ ਕੌਮ ਦੇ ਇੱਕ ਵੱਡੇ ਹਿੱਸੇ ਵਿੱਚ ਆਪਣੀ ਦਹਿਸ਼ਤ ਵਸਾ ਦਿੱਤੀ ਹੈ ਇਸ ਲਈ ਬਹੁਤ ਕੁਝ ਪਤਾ ਹੋਣ ਦੇ ਬਾਵਜੂਦ ਵੀ ਅਸੀਂ ਸਹੀ ਦਿਸ਼ਾ ਵਿੱਚ ਕਾਰਜ ਕਰਨ ਤੋਂ ਟਾਲਾ ਵੱਟ ਜਾਂਦੇ ਹਾਂ। ਸਾਡੀਆਂ ਸਰਗਰਮੀਆਂ ਦਾ ਕੇਂਦਰੀ ਨੁਕਤਾ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਕੌਮ ਨੂੰ ਉਸ ਦਹਿਸ਼ਤ ਤੋਂ ਮੁਕਤ ਕਰਕੇ ਉਸ ਵਿੱਚ ਸਵੈ-ਮਾਣ ਦੀ ਭਾਵਨਾ ਭਰੀਏ। ਇਸ ਲਈ ਸਾਨੂੰ ਬਹੁ-ਪੱਖੀ ਕਾਰਜ ਕਰਨ ਦੀ ਲੋੜ ਹੈ, ਜਿਸ ਵਿੱਚ ਸਿਆਸੀ ਸਰਗਰਮੀ ਦੇ ਨਾਲ ਨਾਲ ਮੀਡੀਆ, ਗੁਰ-ਇਤਿਹਾਸ ਦੀ ਖੋਜ ਅਤੇ ਸੰਭਾਲ, ਜੁਬਾਨੀ ਸਿੱਖ ਇਤਿਹਾਸ ਦੀ ਸਾਂਭ ਸੰਭਾਲ ਅਤੇ ਉਸ ਦੀ ਸਹੀ ਤਰਜਮਾਨੀ ਤੇ ਵਿਆਖਿਆ ਅਤੇ ਸਿੱਖ ਕੌਮ ਦੇ ਨਿਸ਼ਾਨੇ ਦੇ ਸੰਦਰਭ ਵਿੱਚ ਬੱਝਵੀਂ ਬਹੁ-ਪੱਖੀ ਸਰਗਰਮੀ ਸ਼ਾਮਲ ਹੈ।

ਉਨ੍ਹਾਂ ਦੱਸਿਆ ਕਿ ਪੰਚ-ਪਰਧਾਨੀ ਵਿਚਾਰਧਾਰਾ ਨਾਲ ਸਬੰਧਿਤ ਅਮਰੀਕਾ ਦੀ ਇਕਾਈ ਵੱਲੋਂ ਮੀਡੀਆ ਅਤੇ ਜੁਬਾਨੀ-ਸਿੱਖ ਪੁਰਾਤਨ ਅਤੇ ਨਵੀਨ ਦੀ ਸਾਂਭ ਸੰਭਾਲ ਲਈ ਪ੍ਰਜੈਕਟ ਹੱਥ ਵਿੱਚ ਲੈ ਲਏ ਗਏ ਹਨ।

ਬ੍ਰਿਟਿਸ਼ ਲਾਇਬ੍ਰੇਰੀ ਜਾਂ ਯੂਰਪ ਵਿੱਚ ਪਈਆਂ ਦੁਰਲੱਭ ਲਿਖਤਾਂ ਦੀ ਸਾਂਭ ਸੰਭਾਲ ਲਈ ਉਨ੍ਹਾਂ ਸਿੱਖ ਐਜੂਕੇਸ਼ਨ ਕੌਂਸਲ ਦੀ ਜਿੱਥੇ ਸ਼ਲਾਘਾ ਕੀਤੀ ਉਥੇ ਅਗਲੇ ਸਾਲਾਂ ਦੌਰਾਨ ਆਪਣੇ ਯਤਨਾਂ ਨੂੰ ਅੱਗੇ ਵਧਾਉਣ ਦੀ ਜਿੰਮੇਵਾਰੀ ਵੀ ਸੌਂਪੀ। ਉਨ੍ਹਾਂ ਨੇ ਦੱਸਿਆ ਕਿ ਮੀਡੀਆ ਦੇ ਖੇਤਰ ਵਿੱਚ ਅਮਰੀਕਾ-ਕਨੇਡਾ ਵਿੱਚ ਦੋ ਅਖਬਾਰ ਅਤੇ ਇੱਕ ਰੇਡੀਓ ਸਟੇਸ਼ਨ ਸਫਲਤਾ ਪੂਰਬਕ ਚੱਲ ਰਹੇ ਹਨ।

ਯੂਰਪ ਵਿੱਚ ਨੌਜਵਾਨੀ ਡਾਟ ਕੌਮ ਦੇ ਯਤਨ ਨਵੀਂ ਪੀੜ੍ਹੀ ਨੂੰ ਪੰਥਕ ਸਫਾਂ ਵਿੱਚ ਲਿਆਉਣ ਲਈ ਸ਼ਲਾਘਾਯੋਗ ਹਨ ਇਨ੍ਹਾਂ ਦਾ ਹੋਰ ਵਿਸਥਾਰ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਵਿਦਵਾਨਾਂ ਦੀ ਇੱਕ ਕਮੇਟੀ ਬਣਾ ਕੇ ਪੰਜਾਬ ਵਿੱਚ ਵੀ ਸਿੱਖ ਇਤਿਹਾਸ ਨੂੰ ਡਿਜੀਟਲਾਈਜ਼ ਕਰਨ ਦੇ ਯਤਨ ਅਰੰਭ ਹੋ ਗਏ ਹਨ। ਸਿਆਸੀ ਤੌਰ ਤੇ ਜਿਵੇਂ ਇੰਗਲੈਂਡ ਵਿੱਚ ਸਿੱਖ ਫੈਡਰੇਸ਼ਨ ਕੰਮ ਕਰ ਰਹੀ ਹੈ ਇਸੇ ਤਰ੍ਹਾਂ ਅਮਰੀਕਾ ਕਨੇਡਾ ਵਿੱਚ ਵੀ ਪੰਚ-ਪਰਧਾਨੀ ਵਿਚਾਰਧਾਰਾ ਨਾਲ ਸਬੰਧਿਤ ਸੰਸਥਾਵਾਂ ਯਤਨਸ਼ੀਲ ਹਨ।

ਯੂ.ਕੇ. ਤੋਂ ਪੰਚ ਪਰਧਾਨੀ ਵਿਚਾਰਧਾਰਾ ਦੇ ਨੁਮਾਇੰਦਿਆਂ ਨੇ ਸਾਰੇ ਸੱਜਣਾਂ ਦਾ ਇਜਲਾਸ ਵਿੱਚ ਆਉਣ ਲਈ ਧੰਨਵਾਦ ਕੀਤਾ।

## ਅਖੌਤੀ ਗੁਜਰਾਤ ਮਾਡਲ ਦੇ ਝੰਡਾ ਬਰਦਾਰਾਂ ਮੋਦੀ-ਅਮਿਤ ਸ਼ਾਹ ਜੋੜੀ ਦੇ ਅਸਲੀ ਕਿਰਦਾਰ ਨੂੰ ਉਜਾਗਰ ਕਰਦੀ ਦਲੇਰਾਨਾ ਲਿਖਤ *'ਗੁਜਰਾਤ ਫਾਈਲਜ਼'*

ਯਾਨੀ ਪੱਤਰਕਾਰ ਖ਼ੁਦ ਖ਼ਬਰ ਨਹੀਂ ਹੁੰਦੇ। ਅਰਨਬ ਦੀ ਪੱਤਰਕਾਰੀ ਉਪਰ ਨਿਸ਼ਚੇ ਹੀ ਸਵਾਲ ਹੋ ਸਕਦੇ ਹਨ, ਲੇਕਿਨ ਐਸਾ ਸਵੈ-ਸੰਜਮ ਬੁਨਿਆਦੀ ਕਿਸਮ ਦੀ ਇਮਾਨਦਾਰੀ ਦੀ ਮੰਗ ਕਰਦਾ ਹੈ ਜਿਥੇ ਪੱਤਰਕਾਰ ਲਈ ਖ਼ਬਰ ਤੋਂ ਜ਼ਿਆਦਾ ਅਹਿਮ ਕੁਝ ਨਹੀਂ ਹੈ, ਆਪਣੀ ਜ਼ਿੰਦਗੀ ਵੀ ਨਹੀਂ। ਇਹ ਵੱਖਰੀ ਗੱਲ ਹੈ ਕਿ ਇੰਡੀਆ ਹੈਬੀਟੈਟ ਸੈਂਟਰ ਵਿਚ ਪੱਤਰਕਾਰ ਰਾਣਾ ਅਯੂਬ ਦੀ ਕਿਤਾਬ ਗੁਜਰਾਤ ਫਾਈਲਜ਼' ਦਾ ਰਿਲੀਜ਼ ਸਮਾਗਮ ਅਰਨਬ ਸਮੇਤ ਕਿਸੇ ਵੀ ਮੀਡੀਆ ਸੰਸਥਾ ਲਈ ਖ਼ਬਰ ਸੀ ਨਹੀਂ ਬਣਿਆ।

ਜਿਨ੍ਹਾਂ ਲਈ ਇਹ ਸਮਾਗਮ ਮਾਇਨੇ ਰੱਖਦਾ ਸੀ, ਉਹ ਉਥੇ ਮੌਜੂਦ ਸਨ; ਉਨ੍ਹਾਂ ਦੀ ਦਿਲਚਸਪੀ ਵੀ ਇਸ ਕਿਤਾਬ ਜਾਂ ਇਸ ਦੀ ਸਮੱਗਰੀ ਵਿਚ ਉਨੀ ਨਹੀਂ ਸੀ ਜਿੰਨੀ ਰਾਣਾ ਅਯੂਬ ਦੀ ਰਚਨਾਕਾਰੀ' ਜਾਂ ਸਿਰਜਣ ਪ੍ਰਕਿਰਿਆ ਵਿਚ ਸੀ। ਇਹ ਦੌਰ ਹੀ ਅਜਿਹਾ ਹੈ ਜਿਥੇ ਕੋਈ ਵੀ ਸਾਹਸੀ ਜਾਂ ਅਸਾਧਾਰਨ ਕਾਰਵਾਈ ਵਿਅਕਤੀ ਕੇਂਦਰਤ ਹੋ ਜਾਂਦੀ ਹੈ। ਨਰਿੰਦਰ ਮੋਦੀ ਧਾਰਨਾ ਦੇ ਪੱਧਰ 'ਤੇ ਮੁਲਕ ਨੂੰ ਦੋ ਪਾਲਿਆਂ ਵਿਚ ਵੰਡਦਾ ਹੈ, ਬੇਸ਼ਕ ਇਹੀ ਕੰਮ ਅਰਨਬ ਵੀ ਕਰਦਾ ਹੈ ।

ਰਾਣਾ ਦੀ ਕਥਾ ਵਿਚ ਉਸ ਨੂੰ ਲਗਾਤਾਰ ਛਾਪਣ ਵਾਲੇ ਤਰੁਣ ਤੇਜਪਾਲ ਅਤੇ ਸ਼ੋਮਾ ਚੌਧਰੀ, ਉਸ ਨੂੰ ਛਾਪਣ ਤੋਂ ਨਾਂਹ ਕਰਨ ਵਾਲੇ 12 ਪ੍ਰਕਾਸ਼ਕ, ਉਸ ਦਾ ਸਟਿੰਗ ਪ੍ਰਸਾਰਤ ਕਰਨ ਤੋਂ ਨਾਂਹ ਕਰਨ ਵਾਲੀ ਹਰ ਮੀਡੀਆ ਸੰਸਥਾ, ਪ੍ਰੋਗਰਾਮ ਵਿਚ ਆਉਣ ਦਾ ਵਾਅਦਾ ਕਰ ਕੇ ਆਖ਼ਰੀ ਵਕਤ ਛੁੱਟੀ ਮਨਾਉਣ ਦਾ ਬਹਾਨਾ ਕਰਨ ਵਾਲੀਆਂ ਸ਼ਖ਼ਸੀਅਤਾਂ (ਅਤੇ ਸਬਾ ਨਕਵੀ ਦੇ ਸਵਾਲ ਉਪਰ ਟਾਲ-ਮਟੋਲ ਕਰਨ ਵਾਲੇ ਰਾਜਦੀਪ ਸਰਦੇਸਾਈ ਵੀ) ਐਂਟੈਗੋਨਿਸਟ' ਯਾਨੀ ਵਿਰੋਧੀ ਬਣ ਕੇ ਉਭਰਦੇ ਹਨ। ਦਰਅਸਲ, ਜਦੋਂ ਰਾਣਾ ਬੇਹੱਦ ਭਾਵੁਕ ਹੋਈ ਭਰੇ ਮਨ ਨਾਲ ਕਹਿੰਦੀ ਹੈ ਕਿ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਇਨ੍ਹਾਂ ਵਰ੍ਹਿਆਂ ਵਿਚ ਉਸ ਦਾ ਸਾਥ ਨਹੀਂ ਦਿੱਤਾ, ਤਾਂ ਇਹ ਕਹਿ ਕੇ ਉਹ ਨਾ ਕੇਵਲ ਪੱਤਰਕਾਰੀ ਦੀ, ਬਲਕਿ ਉਸ ਵਿਆਪਕ ਲਿਬਰਲ ਸਮਾਜ ਦੀ ਪਾਲਾਬੰਦੀ ਕਰ ਦਿੰਦੀ ਹੈ ਜਿਸ ਦੀ ਗੁਜਰਾਤ-2002 ਬਾਰੇ ਧਾਰਨਾ ਉਸ ਤੋਂ ਅਲੱਗ ਨਹੀਂ। ਜਦੋਂ ਵੀ ਕੋਈ ਪੱਤਰਕਾਰ ਖ਼ਬਰ ਬਣਦਾ ਹੈ, ਤਾਂ ਇਉਂ ਹੀ ਹੁੰਦਾ ਹੈ।

ਗੁਜਰਾਤ ਫਾਈਲਜ਼' ਦੀ ਭੂਮਿਕਾ ਵਿਚ ਰਾਣਾ ਅਯੂਬ ਆਪਣੇ ਇਕ ਸਾਬਕਾ ਸੰਪਾਦਕ ਦਾ ਜ਼ਿਕਰ ਕਰਦੀ ਹੈ ਜਿਸ ਦੀ ਕਹੀ ਗੱਲ ਉਸ ਨੂੰ ਅਜੇ ਤਕ ਚੇਤੇ ਹੈ, "ਇਕ ਚੰਗੇ ਪੱਤਰਕਾਰ ਨੂੰ ਸਟੋਰੀ ਤੋਂ ਖ਼ੁਦ ਨੂੰ ਨਿਰਲੇਪ ਰੱਖਣ ਦੀ ਕਲਾ ਸਿੱਖਣੀ ਚਾਹੀਦੀ ਹੈ ਅਤੇ ਵਿਹਾਰਕ ਹੋਣਾ ਚਾਹੀਦਾ ਹੈ।" ਉਹ ਕਹਿੰਦੀ ਹੈ ਕਿ ਮੈਨੂੰ ਅਫ਼ਸੋਸ ਹੈ ਕਿ ਅੱਜ ਤਕ ਮੈਂ ਇਹ ਕਲਾ ਸਿੱਖ ਨਹੀਂ ਸਕੀ' ਅਤੇ ਅਗਲੀ ਹੀ ਸਤਰ ਵਿਚ ਉਹ ਇਸ ਦਾ ਇਕ ਸਿਆਸੀ ਪਾਸਾਰ ਖੋਜ ਲੈਂਦੀ ਹੈ ਕਿ ਅਕਸਰ ਇਸ ਬਹਾਨੇ ਨੂੰ ਲੈ ਕੇ ਕਾਰਪੋਰੇਟ ਅਤੇ ਸਿਆਸੀ ਤਾਕਤਾਂ ਦੀ ਸ਼ਹਿ 'ਤੇ ਕਿਸੇ ਖ਼ਬਰ ਨੂੰ ਮਾਰਨ ਦਾ ਕੰਮ ਕੀਤਾ ਜਾਂਦਾ ਹੈ।' ਜ਼ਾਹਰ ਹੈ, ਮਾਮਲਾ ਸਿੱਖ ਨਾ ਸਕਣ ਦਾ ਨਹੀਂ ਹੈ, ਬਲਕਿ ਆਪਣੇ ਸਾਬਕਾ ਸੰਪਾਦਕ ਦੇ ਕਥਨ ਨਾਲ ਇਸ ਦਾ ਸਿਧਾਂਤਕ ਮੱਤਭੇਦ ਹੈ। ਦਰਅਸਲ, ਇਹ ਅਜਿਹਾ ਆਤਮ-ਸੰਘਰਸ਼ ਹੈ ਜੋ ਬਹੁਤ ਪੁਰਾਣਾ ਹੈ। ਸੱਚ ਕਹਿਣ ਬਦਲੇ ਮਾਰ ਦਿੱਤੇ ਗਏ ਸੁਕਰਾਤ ਤੋਂ ਲੈ ਕੇ ਫਿਲਮ ਵੇਟਿੰਗ' ਤਕ ਫੈਲੇ ਹਜ਼ਾਰਾਂ ਰੂਹਾਂ ਦੇ ਮਨੁੱਖੀ ਇਤਿਹਾਸ ਵਿਚ ਬਦਲਾਓ ਦੇ ਕਿਸੇ ਵੀ ਏਜੰਟ' ਦਾ ਇਹ ਆਤਮ-ਸੰਘਰਸ਼ ਤੁਸੀਂ ਖ਼ੁਦ ਦੇਖ ਸਕਦੇ ਹੋ।

ਇਹ ਸੰਕਟ ਇਕੱਲੀ ਪੱਤਰਕਾਰੀ ਦਾ ਨਹੀਂ ਹੈ, ਇਹ ਸੰਕਟ ਸੱਚ ਕਹੇ ਜਾਣ ਦੇ ਵਜੂਦ ਸਮੋਇਆ ਹੋਇਆ ਹੈ। ਮਸਲਨ, ਅਨੂ ਮੈਨਨ ਦੀ ਫਿਲਮ ਵੇਟਿੰਗ' ਵਿਚ ਸੀਨੀਅਰ ਡਾਕਟਰ (ਰਜਤ ਕਪੂਰ) ਆਪਣੇ ਜੂਨੀਅਰ ਨੂੰ ਸਮਝਾਉਂਦਾ ਹੈ ਕਿ "ਸਾਡਾ ਕੰਮ ਮਰੀਜ਼ ਦੇ ਦੁੱਖ ਵਿਚ ਸਹਿਭਾਗੀ ਬਣਨਾ ਨਹੀਂ ਹੈ।" ਫਿਰ ਉਹ ਉਸ ਨੂੰ ਦੱਸਦਾ ਹੈ ਕਿ ਮਰੀਜ਼ ਦੇ ਪਰਿਵਾਰ ਵਾਲਿਆਂ ਨੂੰ ਸੱਚ ਕਿਵੇਂ ਦੱਸਿਆ ਜਾਵੇ- ਉਸ ਵਿਚ ਕਿੰਨਾ ਅਭਿਨੈ ਹੋਵੇ ਅਤੇ ਕਿੰਨਾ ਸੱਚ।

ਰਾਣਾ ਅਯੂਬ ਦੀ ਗੁਜਰਾਤ ਫਾਈਲਜ਼' ਦਰਅਸਲ ਸੱਚ ਕਹਿਣ ਅਤੇ ਸੱਚ ਨੂੰ ਇਸਤੇਮਾਲ ਕਰਨ ਦੇ ਸੰਘਰਸ਼ ਦੀ ਮਿਸਾਲ ਹੈ। ਬੁਨਿਆਦੀ ਸਵਾਲ ਅਜੇ ਵੀ ਬਾਕੀ ਹੈ ਕਿ ਸੱਚ ਕੀ ਹੈ ? ਕੀ ਰਾਣਾ ਦੇ ਲਿਖੇ ਨੂੰ ਸੱਚ ਮੰਨ ਲਿਆ ਜਾਵੇ ? ਇਸ ਦਾ ਜਵਾਬ ਸਾਨੂੰ ਇਸ ਕਿਤਾਬ ਦਾ ਮੁੱਖਬੰਦ ਲਿਖਣ ਵਾਲੇ ਜਸਟਿਸ ਕ੍ਰਿਸ਼ਨਾ ਦੇ ਉਸ ਵਾਕ ਵਿਚ ਮਿਲ ਸਕਦਾ ਹੈ, "ਹੋ ਸਕਦਾ ਹੈ ਕਿ ਇਸ ਕਿਤਾਬ ਵਿਚ ਜੋ ਕਿਹਾ ਗਿਆ ਹੈ, ਉਸ ਨੂੰ ਤੁਸੀਂ ਵੈਲੀਡੇਟ ਕਰਨ ਦੀ ਹਾਲਤ ਵਿਚ ਨਾ ਹੋਵੋ, ਲੇਕਿਨ ਤੁਸੀਂ ਉਸ ਦਲੇਰੀ ਅਤੇ ਸ਼ਿੱਦਤ ਦੀ ਤਾਰੀਫ਼ ਕੀਤੇ ਬਿਨਾਂ ਨਹੀਂ ਰਹਿ ਸਕਦੇ ਜਿਸ ਦਾ ਮੁਜ਼ਾਹਰਾ ਇਸ ਲੇਖਿਕਾ ਨੇ ਉਸ ਚੀਜ਼ ਨੂੰ ਦੁਹਰਾਉਣ ਦੇ ਯਤਨ ਵਿਚ ਕੀਤਾ ਹੈ ਜਿਸ ਨੂੰ ਉਹ ਆਪ ਸੱਚ ਮੰਨਦੀ ਹੈ। ਲਗਾਤਾਰ ਵਧਦੀ ਹੋਈ ਬੇਈਮਾਨੀ, ਛਲ- ਕਪਟ ਅਤੇ ਸਿਆਸੀ ਹੱਥਕੰਡਿਆਂ ਦੇ ਦੌਰ ਵਿਚ ਖੋਜੀ ਪੱਤਰਕਾਰੀ ਦੇ ਰਾਣਾ ਦੇ ਇਸ ਯਤਨ ਨੂੰ ਅਤੇ ਉਸ ਨੂੰ ਸਲਾਮ, ਜਿਸ ਦੀ ਜ਼ਰੂਰਤ ਹੁਣ ਪਹਿਲਾਂ ਤੋਂ ਕਿਤੇ ਜ਼ਿਆਦਾ ਬਣ ਚੁੱਕੀ ਹੈ।"

ਬੀਤੇ ਚੌਦਾਂ ਵਰ੍ਹਿਆਂ ਦੌਰਾਨ ਗੁਜਰਾਤ ਵਿਚ ਜੋ ਕੁਝ ਵੀ ਹੋਇਆ ਹੈ, ਉਸ ਦਾ ਸੱਚ ਇਕਤਰਫ਼ਾ ਨਹੀਂ ਹੈ। ਜੋ ਕੁਝ ਵੀ ਸਾਹਮਣੇ ਆ ਸਕਿਆ ਹੈ, ਉਹ ਸੱਚ ਦਾ ਨਿੱਕਾ ਜਿਹਾ ਅੰਸ਼ ਹੈ। ਇਸ ਸਿਲਸਿਲੇ ਵਿਚ ਰਾਣਾ ਅਯੂਬ ਦੇ ਸਟਿੰਗ ਅਤੇ ਉਸ ਉਪਰ ਆਧਾਰਤ ਉਸ ਦੀ ਖ਼ੁਦ ਹੀ ਛਪਵਾਈ ਇਹ ਕਿਤਾਬ ਅੰਤਮ ਸੱਚ ਕਰ ਕੇ ਨਹੀਂ, ਬਲਕਿ ਸੱਚ ਨੂੰ ਸਾਹਮਣੇ ਲਿਆਉਣ ਦੀ ਅਣਥੱਕ ਇਨਸਾਨੀ ਦਲੇਰੀ ਅਤੇ ਸ਼ਿੱਦਤ ਦੇ ਲਈ ਪੜ੍ਹੀ ਜਾਣੀ ਚਾਹੀਦੀ ਹੈ। ਅੱਜ ਦੇ ਦੌਰ ਵਿਚ ਅਜਿਹੀ ਦਲੇਰੀ ਦੁਰਲੱਭ ਹੈ। ਜਿਉਂਦੇ ਪ੍ਰਾਣੀ ਸਦਾ ਦਲੇਰੀ ਦੇ ਕਾਇਲ ਰਹੇ ਹਨ। ਜੋ ਸੱਤਾ ਦੇ ਖ਼ਿਲਾਫ਼ ਦਲੇਰੀ ਕਰਦਾ ਹੈ, ਉਹੀ ਤਾਕਤਵਰ ਹੁੰਦਾ ਹੈ ਅਤੇ ਸੱਤਾ ਦੇ ਸਾਹਮਣੇ ਪਾਵਰ ਸੈਂਟਰ ਰਚਦਾ ਹੈ। ਉਸ ਤੋਂ ਬਾਅਦ ਸਾਰਾ ਮਾਮਲਾ ਦੋ ਸੱਤਾ ਕੇਂਦਰਾਂ ਦਰਮਿਆਨ ਮਹਿਦੂਦ ਹੁੰਦਾ ਜਾਂਦਾ ਹੈ ਅਤੇ ਸੱਚ ਪਾਵਰ-ਡਿਸਕੋਰਸ, ਭਾਵ ਸੱਤਾ-ਪ੍ਰਵਚਨ ਵਿਚ ਤਬਦੀਲ ਹੋ ਜਾਂਦਾ ਹੈ। ਚੌਦਾਂ ਸਾਲ ਪਹਿਲਾਂ ਗੁਜਰਾਤ ਦਾ ਜੋ ਸੱਚ ਸੜਕਾਂ ਉਪਰ ਖਿਲਰਿਆ ਹੋਇਆ ਸੀ, ਉਹ ਨਿਆਂ ਦੀ ਛਾਨਣੀ ਵਿਚੋਂ ਦੀ ਹੁੰਦਾ ਹੋਇਆ ਦੋ ਸਾਲ ਪਹਿਲਾਂ ਅਚਾਨਕ ਸੱਤਾ- ਪ੍ਰਵਚਨ ਵਿਚ ਤਬਦੀਲ ਹੋ ਚੁੱਕਾ ਹੈ। ਅਜਿਹਾ ਪ੍ਰਵਚਨ ਮੋਦੀ ਬਨਾਮ ਕਨ੍ਹੱਈਆ ਜਾਂ ਅਮਿਤ ਸ਼ਾਹ ਬਨਾਮ ਰਾਣਾ ਵਰਗੀਆਂ ਕੈਟੇਗਰੀ ਹੀ ਪੈਦਾ ਕਰ ਸਕਦਾ ਹੈ। ਇਹ ਕਹਿ ਸਕਣਾ ਮੁਸ਼ਕਲ ਹੈ ਕਿ ਦੋ ਧਰੁਵਾਂ ਦਰਮਿਆਨ ਆਮ ਲੋਕ ਕਿਤੇ ਆਉਂਦੇ ਵੀ ਹਨ ਜਾਂ ਨਹੀਂ।

ਰਾਣਾ ਦਾ ਇਹ ਕਹਿਣਾ ਬਹੁਤ ਮਾਅਨੇ ਰੱਖਦਾ ਹੈ ਕਿ ਕਾਂਗਰਸ ਹੁਣ ਉਸ ਦੇ ਮੋਢੇ ਉਪਰ ਰੱਖ ਕੇ ਬੰਦੂਕ ਚਲਾਉਣ ਦੀ ਤਾਕ ਵਿਚ ਹੈ। ਕੌਣ ਕਿਸ ਦੇ ਮੋਢੇ ਉਪਰ ਬੰਦੂਕ ਰੱਖ ਕੇ ਚਲਾ ਰਿਹਾ ਹੈ, ਇਸ ਦਾ ਗੁਜਰਾਤ ਵਿਚ ਮਾਰੇ ਅਤੇ ਉਜਾੜੇ ਗਏ ਲੋਕਾਂ ਨਾਲ ਕੀ ਭੋਰਾ ਵੀ ਲੈਣਾ-ਦੇਣਾ ਹੈ। ਜਿਸ ਦੇ ਹੱਥ ਵਿਚ ਬੰਦੂਕ ਨਹੀਂ ਹੈ ਅਤੇ ਜਿਸ ਦੇ ਅੱਗੇ ਕੋਈ ਮੋਢਾ ਵੀ ਨਹੀਂ ਹੈ, ਚਾਹੇ ਉਹ ਆਮ ਲੋਕ ਹੋਣ ਜਾਂ ਰਾਣਾ ਦਾ ਵਿਰੋਧੀ ਸਮੁੱਚਾ ਪੱਤਰਕਾਰ ਭਾਈਚਾਰਾ, ਕੀ ਉਨ੍ਹਾਂ ਦੀ ਇਸ ਬਿਰਤਾਂਤ ਵਿਚ ਕੋਈ ਪ੍ਰਸੰਗਿਕਤਾ ਹੈ ? ਇਨ੍ਹਾਂ ਸਵਾਲਾਂ ਦਰਮਿਆਨ ਚੰਗੀ ਗੱਲ ਬਸ ਇਹ ਹੈ ਕਿ ਰਾਣਾ ਨੂੰ ਆਪਣੇ ਵਿਸ਼ੇਸ਼ ਅਧਿਕਾਰਾਂ ਵਾਲੇ ਰੁਤਬੇ' ਦਾ ਜ਼ਰੂਰੀ ਅਹਿਸਾਸ ਹੈ। ਇਹ ਉਸ ਦੀ ਹਲੀਮੀ ਹੈ ਕਿ ਉਹ ਮੁਲਕ ਦੀਆਂ ਨੁਕਰਾਂ ਵਿਚ ਮਾਰੇ ਜਾ ਰਹੇ ਅਤੇ ਮਹਾਂਨਗਰਾਂ ਵਿਚ ਈ.ਐਮ.ਆਈ. (ਮਾਸਿਕ ਕਿਸ਼ਤਾਂ) ਦੇ ਬੋਝ ਹੇਠ ਪਿਸ ਰਹੇ ਪੱਤਰਕਾਰਾਂ ਬਾਬਤ ਘੱਟੋ-ਘੱਟ ਦਲੇਰ ਵਾਕ ਜ਼ਰੂਰ ਕਹਿੰਦੀ ਹੈ। ਕੂੜ ਦੇ ਖ਼ਿਲਾਫ਼ ਜੰਗ ਵਿਚ ਦਲੇਰੀ ਵਾਲੀ ਇਹ ਹਲੀਮੀ ਬਚੀ ਰਹੇ, ਤਾਂ ਬਿਹਤਰ ਹੈ।

(ਅਭਿਸ਼ੇਕ ਸ੍ਰੀਵਾਸਤਵ ਦੇ ਆਰਟੀਕਲ ਉਤੇ ਆਧਾਰਤ)

## ਨੰਬਰਦਾਰਾਂ ਦੇ ਹੰਗਾਮੇ ਕਾਰਨ ਢੀਂਡਸਾ ਨੂੰ ਭਾਸ਼ਣ ਵਿਚਾਲੇ ਰੋਕਣਾ ਪਿਆ

ਬਾਅਦ ਵਿੱਚ ਸੰਬੋਧਨ ਕਰਦਿਆਂ ਯੂਨੀਅਨ ਆਗੂ ਜਸਪਾਲ ਸਿੰਘ ਲਹਿਰੀ ਨੇ ਕਿਹਾ ਕਿ ਨੰਬਰਦਾਰ ਇੱਥੇ ਸਰਕਾਰ ਦੀਆਂ ਪ੍ਰਾਪਤੀਆਂ ਸੁਣਨ ਨਹੀਂ ਆਏ। ਪਿਛਲੇ ਨੌਂ ਸਾਲ ਤੋਂ ਉਹ ਮੰਗ ਪੱਤਰ ਦੇ ਰਹੇ ਹਨ ਪਰ ਜੱਦੀ ਪੁਸ਼ਤੀ ਨੰਬਰਦਾਰੀ ਦੀ ਮੰਗ ਪੂਰੀ ਨਹੀਂ ਕੀਤੀ ਗਈ। ਦਿਲਬਾਗ ਸਿੰਘ ਅੰਮ੍ਰਿਤਸਰ ਨੇ ਕਿਹਾ ਕਿ ਨੰਬਰਦਾਰ ਯੂਨੀਅਨ ਨੇ ਕਿਸੇ ਪਾਰਟੀ ਦੇ ਨਾਮ ਆਪਣੀ ਰਜਿਸਟਰੀ ਨਹੀਂ ਕਰਵਾਈ। ਜੇ ਲੀਡਰਾਂ ਦੇ ਪੁੱਤ ਲੀਡਰ ਬਣ ਸਕਦੇ ਹਨ ਤਾਂ ਨੰਬਰਦਾਰ ਦਾ ਪੁੱਤ ਨੰਬਰਦਾਰ ਕਿਉਂ ਨਹੀਂ ਬਣ ਸਕਦਾ। ਸੁਖਪਾਲ ਸਿੰਘ ਰਾਏਕੋਟ ਨੇ ਕਿਹਾ ਕਿ ਜੇ ਮੌਜੂਦਾ ਸਰਕਾਰ ਮੰਗ ਨਹੀਂ ਮੰਨਦੀ ਤਾਂ ਹੋਰ ਪਾਰਟੀਆਂ ਨਾਲ ਗੱਲ ਕਰੋ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਨਰਲ ਸਕੱਤਰ ਲਾਭ ਸਿੰਘ ਕੜੈਲ ਨੇ ਨਿਭਾਈ। ਸੂਬਾਈ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੇ ਪ੍ਰਣ ਕੀਤਾ ਕਿ ਉਹ ਨੰਬਰਦਾਰਾਂ ਦੀਆਂ ਮੰਗਾਂ ਮੰਨਵਾਉਣ ਲਈ ਹਰ ਸੰਭਵ ਯਤਨ ਕਰਨਗੇ ਅਤੇ ਨੰਬਰਦਾਰਾਂ ਨੇ ਉਨ੍ਹਾਂ ਉਪਰ ਭਰੋਸਾ ਪ੍ਰਗਟ ਕੀਤਾ।

## ਰਾਸ਼ਟਰ ਗੀਤ ਦੀ ਸ਼ਾਨ ਨੂੰ ਨੀਵਾਂ ਨਾ ਕਰੋ

ਗਈ। ਹਾਲਾਂਕਿ ਮਹਾਰਾਸ਼ਟਰ ਵਿਚ ਇਹ ਹੁਣ ਵੀ ਹੁੰਦਾ ਹੈ। ਰਾਸ਼ਟਰ ਗੀਤ ਲਈ ਸਹੀ ਸਮਾਂ ਅਤੇ ਸਹੀ ਮੌਕਾ ਹੁੰਦਾ ਹੈ। ਖੇਡ ਦੇ ਮੈਦਾਨ 'ਤੇ ਜਦੋਂ ਇਹ ਰਾਸ਼ਟਰ ਗੀਤ ਵੱਜਦਾ ਹੈ ਤਾਂ ਆਪਣੇ ਦੇਸ਼ ਦੀ ਟੀਮ ਲਈ ਭਾਵਨਾਵਾਂ ਉਬਾਲ ਮਾਰਦੀਆਂ ਹਨ। ਮਾਣ ਨਾਲ ਛਾਤੀ ਚੌੜੀ ਹੋ ਜਾਂਦੀ ਹੈ। ਮੇਰੇ ਮਨ ਵਿਚ ਅੱਜ ਵੀ 13 ਸਾਲ ਪੁਰਾਣੀ ਯਾਦ ਤਾਜ਼ਾ ਹੈ। ਗੱਲ 2003 ਵਿਸ਼ਵ ਕਪ ਦੀ ਹੈ। ਜਦੋਂ ਸੌਰਭ ਗਾਂਗੁਲੀ ਦੀ ਕਪਤਾਨੀ 'ਚ ਭਾਰਤੀ ਟੀਮ ਫ਼ਾਈਨਲ ਵਿਚ ਪੁੱਜੀ ਸੀ। ਫ਼ਾਈਨਲ ਮੁਕਾਬਲਾ ਆਸਟ੍ਰੇਲੀਆ ਨਾਲ ਸੀ। ਦੱਖਣ ਅਫ਼ਰੀਕਾ ਦੇ ਸ਼ਹਿਰ ਜੋਹਨਸਬਰਗ ਦੇ ਵਾਂਡਰਸ ਸਟੇਡੀਅਮ ਵਿਚ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਰਾਸ਼ਟਰ ਗੀਤ ਵੱਜਿਆ ਤਾਂ ਖਚਾਖਚ ਭਰਿਆ ਸਟੇਡੀਅਮ ਆਪਣੇ ਆਪ ਪੈਰਾਂ 'ਤੇ ਸੀ। ਜਨ ਗਣ ਮਨ ਦੀ ਮਿੱਠੀ ਆਵਾਜ਼ ਨੇ ਜਿਵੇਂ ਹੀ ਕੰਨਾਂ ਨੂੰ ਛੋਹਿਆ, ਹਜ਼ਾਰਾਂ ਬੁੱਲਾਂ 'ਚੋਂ ਆਵਾਜ਼ ਆਉਣ ਲੱਗੀ। ਛਾਤੀ ਮਾਣ ਨਾਲ ਚੌੜੀ ਹੋ ਗਈ, 56 ਇੰਚ ਤੋਂ ਵੀ ਵੱਧ। ਸਰੀਰ ਵਿਚ ਹਲਚਲ ਅਤੇ ਅੱਖਾਂ ਵਿਚ ਹੰਝੂ ਆ ਗਏ। ਗੱਲ ਜ਼ਿਆਦਾ ਪੁਰਾਣੀ ਨਹੀਂ ਹੈ। ਸਾਲ 2006 ਵਿਚ ਕ੍ਰਿਕਟ ਸੀਰੀਜ਼ ਦੌਰਾਨ ਅਸੀਂ ਤਾਂ ਪਾਕਿਸਤਾਨ ਵਿਚ ਵੀ ਆਪਣੇ ਕੌਮੀ ਗੀਤ ਨੂੰ ਸੁਣਿਆ ਹੈ ਅਤੇ ਸਟੇਡੀਅਮ ਵਿਚ ਆਏ ਉੱਥੇ ਦਰਸ਼ਕਾਂ ਨੂੰ ਖੜ੍ਹੇ ਹੋ ਕੇ ਗੀਤ ਦਾ ਸਨਮਾਨ ਕਰਦੇ ਵੇਖਿਆ। ਰਾਸ਼ਟਰ ਗੀਤ ਅਤੇ ਰਾਸ਼ਟਰੀ ਝੰਡੇ ਦਾ ਮਾਣ ਇੰਨਾ ਸ਼ਾਨਦਾਰ ਹੁੰਦਾ ਹੈ ਕਿ ਤੁਸੀ ਆਪਣੇ ਆਪ ਖੜ੍ਹੇ ਹੋ ਜਾਂਦੇ ਹੋ। ਯਕੀਨ ਕਰੋ, ਨਵੀਂ ਪੀੜ੍ਹੀ ਰਾਸ਼ਟਰ ਗੀਤ ਦੇ ਸਨਮਾਨ ਨੂੰ ਲੈ ਕੇ ਜ਼ਿਆਦਾ ਜਾਗਰੂਕ ਹੈ। ਮੇਰੇ ਆਪਣੇ ਬੱਚੇ ਵੀ ਜਦੋਂ ਰਾਸ਼ਟਰ ਗੀਤ ਵੱਜਦਾ ਹੈ ਤਾਂ ਸਾਵਧਾਨ ਦੀ ਪੁਜੀਸ਼ਨ ਵਿਚ ਖੜ੍ਹੇ ਹੋ ਜਾਂਦੇ ਹਨ। ਸਕੂਲ ਅਤੇ ਕਾਲਜ ਵਿਚ ਰਾਸ਼ਟਰ ਗੀਤ ਨੂੰ ਰੋਜ਼ਾਨਾ ਕਰੋ, ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



jus 24x7 KEEPING UP WITH PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- jus 24x7
ਪਲ ਪਲ ਦੀ ਖਬਰ ਦਵੇ
WATCH jus 24x7 ON CHANNEL 743 ON dish & sling TELEVISION
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
DESI STYLE
Healthy Living Maida Free
SHER
DURUM ATTA
DESI STYLE
20 lb
9.07 kg
BRAR NATURAL